# ਯੋਜਨਾ

**ਸਾਲ 34 • ਅੰਕ 11 • ਨਵੰਬਰ 2017 • ਕੁੱਲ ਪੰਨੇ 56**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਭਾਰਤ ਦੇ ਸੂਖਮ, ਛੋਟੇ ਤੇ ਦਰਮਿਆਨੇ ਉੱਦਮਾਂ ਦੇ ਖੇਤਰ ਦਾ ਸ਼ਕਤੀਕਰਨ | - ਅਰੁਨ ਕੁਮਾਰ ਪਾਂਡਾ | 4 |
| • ਸੂਖਮ ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਪ੍ਰੋਤਸਾਹਨ ਯੋਜਨਾਵਾਂ | - ਚੰਦਰਸ਼ੇਖਰ ਰੈਡੀ ਦੀਬੇਂਦੂ ਚੌਧਰੀ | 8 |
| • ਤਕਨੀਕੀ ਸੁਧਾਰ ਰਾਹੀਂ ਮੁਕਾਬਲੇਬਾਜ਼ੀ ਵਿੱਚ ਵਾਧਾ | - ਬਾਲਾ ਸੁਬਰਾਮਨੀਆ ਮੁੰਗੀਲਾ ਹਿਲਾਮਾਨੇ | 14 |
| • ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਵੰਗਾਰਾਂ ਅਤੇ ਮੌਕੇ | - ਪੀ ਐੱਮ ਮੈਥੀਉ | 20 |
| • ਪੂੰਜੀ ਜੁਟਾਉਣਾ : ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਵੰਗਾਰਾਂ | - ਅਨਿਲ ਭਾਰਦਵਾਜ | 25 |
| • ਗੁਣਵੱਤਾ ਪ੍ਰਮਾਣੀਕਰਨ : ਮੁਕਾਬਲੇਬਾਜ਼ੀ ਦਾ ਅਹਿਮ ਪੱਖ | - ਜਤਿੰਦਰ ਸਿੰਘ | 30 |
| • ਨਵੇਂ ਭਾਰਤ ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਅਦਾਰਿਆਂ ਦੀ ਭੂਮਿਕਾ | - ਸਸੀਕਲਾ ਪੁਸ਼ਪਾ ਬੀ. ਰਾਮਾਸਵਾਮੀ | 34 |
| • ਬਦਲਾਅ ਦੀ ਤਿਆਰੀ | - ਵੀ ਕੇ ਸਕਸੇਨਾ | 39 |
| • ਛੋਟੇ ਉੱਦਮ ਲਈ ਉਤਸ਼ਾਹਜਨਕ ਮਾਹੌਲ | - ਅਸ਼ਵਨੀ ਮਹਾਜਨ | 43 |
| • ਐੱਮ ਐੱਸ ਐੱਮ ਈ ਦੇ ਉਤਪਾਦਾਂ ਤੱਕ ਪਹੁੰਚ ਆਸਾਨ ਬਣਾਉਣਾ | - ਸ਼ਿਸ਼ਿਰ ਸਿਨਹਾ | 46 |
| • ਵਿਕਾਸ ਖਾਕਾ | - | 52 |
| • ਕੀ ਤੁਸੀਂ ਜਾਣਦੇ ਹੋ? | - | 53 |



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ-ਵਿੰਗ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਅਨੰਤਪੁਰਮ 695001 (ਫ਼ੋਨ. 2330650) • ਕਮਰਾ ਨੰ. 204, ਦੂਜੀ ਮੰਜ਼ਿਲ, ਸੀ.ਜੀ.ਓ. ਟਾਵਰ, ਕਵਾਦੀਗੁਡਾ, ਹੈਦਰਾਬਾਦ - 500080 (ਫ਼ੋਨ.24605383) • ਪਹਿਲੀ ਮੰਜ਼ਿਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੂਰੂ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਪੇਂਸ਼ਨ ਪਾਰਾ ਰੋਡ, ਹਾਊਸ ਨੰ:-4, ਪੀ ਓ, ਸਿਲਪੁਕਰੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 - ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤ ਦੇ ਸੂਖਮ, ਛੋਟੇ ਤੇ ਦਰਮਿਆਨੇ ਉੱਦਮਾਂ ਦੇ ਖੇਤਰ ਦਾ ਸ਼ਕਤੀਕਰਨ

ਅਰੁਨ ਕੁਮਾਰ ਪਾਂਡਾ


ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦਾ ਖੇਤਰ ਜਾਂ ਜਿਸ ਨੂੰ ਐੱਮ ਐੱਸ ਐੱਮ ਈ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਨੂੰ ਵਿਸ਼ਵ ਪੱਧਰ ਉਤੇ ਕੁੱਲ ਘਰੇਲੂ ਉਤਪਾਦ ਵਿੱਚ ਵੱਡਾ ਯੋਗਦਾਨ ਪਾਉਣ ਵਾਲੇ ਅਤੇ ਆਰਥਿਕ ਵਿਕਾਸ ਨੂੰ ਗਤੀ ਦੇਣ ਵਾਲੇ ਖੇਤਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਹ ਖੇਤਰ ਆਮ ਲੋਕਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ, ਖੋਜ ਦੁਆਰਾ ਉੱਦਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਖੇਤਰ ਵੱਡੇ ਵਪਾਰਕ ਉੱਦਮਾਂ ਨੂੰ ਉਨ੍ਹਾਂ ਦੀਆਂ ਵਪਾਰਕ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਸਹਾਇਤਾ ਇਕਾਈਆਂ ਦੀ ਭੂਮਿਕਾ ਵੀ ਬਾਖੂਬੀ ਨਿਭਾਅ ਰਿਹਾ ਹੈ ਜਿਸ ਨਾਲ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਅਤੇ ਸਮਾਵੇਸ਼ੀ ਵਿਕਾਸ ਵਿੱਚ ਯੋਗਦਾਨ ਪਾ ਰਿਹਾ ਹੈ।

## ਭਾਰਤੀ ਦ੍ਰਿਸ਼ਟੀਕੋਣ

ਭਾਰਤ ਦੇ ਆਰਥਿਕ ਦ੍ਰਿਸ਼ਟੀਕੋਣ ਤੋਂ ਇਹ ਖੇਤਰ ਰਣਨੀਤਕ ਮਹੱਤਵ ਦਾ ਸਥਾਨ ਰੱਖਦਾ ਹੈ। ਲਗਭਗ 90 ਪ੍ਰਤਿਸ਼ਤ ਉਦਯੋਗਿਕ ਇਕਾਈਆਂ ਇਸ ਖੇਤਰ ਤਹਿਤ ਆਉਂਦੀਆਂ ਹਨ ਜਿਥੇ ਭਾਰਤ ਦੀ 40 ਪ੍ਰਤਿਸ਼ਤ ਕਾਮਾ-ਸ਼ਕਤੀ ਕੰਮ ਉਤੇ ਲੱਗੀ ਹੋਈ ਹੈ। ਇਹ ਖੇਤਰ 8000 ਤੋਂ ਵੱਧ ਉਤਪਾਦ ਬਣਾਉਂਦਾ ਹੈ ਜਿਸ ਵਿੱਚ ਰਵਾਇਤੀ ਤੋਂ ਉੱਚ ਤਕਨੀਕ ਵਾਲੀਆਂ ਆਧੁਨਿਕ ਵਸਤਾਂ ਸ਼ਾਮਲ ਹਨ। ਹੁਣ ਜਦੋਂ ਕਿ ਭਾਰਤ ਦੀ ਆਰਥਿਕਤਾ ਦਿਨੋ-ਦਿਨ ਨਵੀਆਂ ਮੰਜ਼ਿਲਾਂ ਸਰ ਕਰ ਰਹੀ ਹੈ, ਜਿਸ ਦੇ 2025 ਤੱਕ 5 ਟ੍ਰਿਲੀਅਨ ਡਾਲਰ ਦੇ ਬਣ ਜਾਣ ਦੀ ਆਸ ਹੈ, ਤਾਂ ਇਸ ਖੇਤਰ ਦੀ ਤਰੱਕੀ ਹੋਰ ਵੀ ਅਹਿਮ ਹੋ ਗਈ ਹੈ। ਇਸ ਪ੍ਰਕਾਰ, ਨਵੀਆਂ ਨੀਤੀਆਂ ਬਣਾਉਣੀਆਂ, ਪ੍ਰੋਗਰਾਮ ਅਤੇ ਯੋਜਨਾਵਾਂ ਉਲੀਕਣਾ ਜੋ ਸਮੁੱਚੇ ਐੱਮ ਐੱਸ ਐੱਮ ਈ ਵਾਤਾਵਰਨ ਨੂੰ ਮਜ਼ਬੂਤੀ ਦੇਣ, ਸਰਕਾਰ ਲਈ ਇਕ ਤਰਜੀਹ ਬਣ ਗਏ ਹਨ। ਅਜਿਹਾ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਮੰਤਰਾਲੇ ਲਈ ਬਜਟ ਆਵੰਟਨ ਵਿੱਚ ਕੀਤੇ ਵਾਧੇ ਤੋਂ ਸਪੱਸ਼ਟ ਹੈ ਜਿਸ ਨੂੰ ਵਧਾ ਕੇ 6842 ਕਰੋੜ ਕਰ ਦਿੱਤਾ ਗਿਆ ਹੈ ਜੋ ਪਿਛਲੇ ਵਰ੍ਹੇ ਦੇ 3465 ਕਰੋੜ ਰੁਪਏ ਦੇ ਆਵੰਟਨ ਨਾਲੋਂ ਕਿਤੇ ਜ਼ਿਆਦਾ ਹੈ।

## ਵੱਖ-ਵੱਖ ਨੀਤੀਗਤ ਕਦਮਾਂ/ਪਹਿਲ-ਕਦਮੀਆਂ ਰਾਹੀਂ ਐੱਮ ਐੱਸ ਐੱਮ ਈਜ਼ ਨੂੰ ਮਜਬੂਤ ਕਰਨਾ

ਇਸ ਖੇਤਰ ਦੀ ਵਿਰਾਸਤੀ ਤਰੱਕੀ ਕਰਨ ਦੀ ਸਮਰੱਥਾ ਦੇ ਬਾਵਜੂਦ, ਬਹੁਤ ਸਾਰੀਆਂ ਚੁਨੌਤੀਆਂ ਮੌਜੂਦ ਹਨ। ਮਿਸਾਲ ਦੇ ਲਈ, ਸਮੇਂ ਸਿਰ ਕਰਜ਼ਾ ਮਿਲਣਾ, ਬੁਨਿਆਦੀ ਢਾਂਚੇ ਦੇ ਪਾੜੇ, ਤਕਨਾਲੋਜੀ ਦਾ ਪਛੜਿਆਪਨ, ਬਾਜ਼ਾਰ ਤੱਕ ਅਧੂਰੀ ਰਸਾਈ ਅਤੇ ਹੁਨਰਮੰਦ ਕਾਮਾਸ਼ਕਤੀ ਕੁੱਝ ਚੁਨੌਤੀਆਂ ਹਨ ਜੋ ਇਸ ਖੇਤਰ ਨੂੰ ਦਰਪੇਸ਼ ਹਨ। ਚੀਨ, ਇੰਡੋਨੇਸ਼ੀਆ, ਫਿਲੀਪੀਨਜ਼ ਅਤੇ ਥਾਈਲੈਂਡ ਵਰਗੇ ਗੁਆਂਢੀ ਦੇਸ਼ਾਂ ਕੋਲੋਂ ਵਧਦੀ ਹੋਈ ਮੁਕਾਬਲੇਬਾਜ਼ੀ ਕਾਰਨ ਇਸ ਖੇਤਰ ਨੂੰ ਵਿਸ਼ਵ ਪੱਧਰ ਉਤੇ ਮੁਕਾਬਲੇਬਾਜ਼ੀ ਵਿੱਚ ਆਉਣ ਲਈ ਵਿਆਪਕ ਰਣਨੀਤੀਆਂ ਅਪਨਾਉਣਾ ਜ਼ਰੂਰੀ ਹੋ ਗਿਆ ਹੈ। ਸਰਕਾਰ ਇਨ੍ਹਾਂ ਮਜਬੂਰੀਆਂ ਨੂੰ ਮਹਿਸੂਸ ਕਰਦੀ ਹੈ ਅਤੇ ਆਰਥਿਕ ਗਤੀਵਿਧੀਆਂ ਦੇ ਪੱਧਰ ਵਿੱਚ ਵਾਧਾ ਕਰਨ ਲਈ ਇਸ ਖੇਤਰ ਵਿੱਚ ਨਵੀਂ ਊਰਜਾ ਦਾ ਸੰਚਾਰ ਕਰਨ ਦੀ ਫੌਰੀ ਜ਼ਰੂਰਤ ਨੂੰ ਸਵੀਕਾਰ ਕਰਦੀ ਹੈ। ਇਸ ਲਈ, 'ਮੇਕ ਇਨ ਇੰਡੀਆ', 'ਡਿਜੀਟਲ ਇੰਡੀਆ', 'ਸਟਾਰਟਅੱਪ ਇੰਡੀਆ' ਅਤੇ 'ਸਕਿੱਲ ਇੰਡੀਆ' ਵਰਗੀਆਂ ਕਈ ਪਹਿਲਕਦਮੀਆਂ ਇਸ ਖੇਤਰ ਦੇ ਸੰਪੂਰਨ ਵਿਕਾਸ ਲਈ ਸ਼ੁਰੂ ਕੀਤੀਆਂ ਗਈਆਂ ਹਨ। ਨਿਰਮਾਣ ਖੇਤਰ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ ਸਮੂਹਿਕ ਯੋਗਦਾਨ ਮੌਜੂਦਾ 16-17 ਪ੍ਰਤਿਸ਼ਤ ਤੋਂ 25 ਪ੍ਰਤਿਸ਼ਤ ਤੱਕ ਵਧਾਉਣ ਲਈ ਵੀ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ



2022 ਤੱਕ 100 ਮਿਲੀਅਨ ਹੋਰ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ।

## ਛੋਟੇ ਤੇ ਦਰਮਿਆਨੇ ਉੱਦਮਾਂ ਦਾ ਵਿੱਤੀਕਰਨ

ਇਹ ਗੱਲ ਦਿਮਾਗ ਵਿੱਚ ਰੱਖਣੀ ਜ਼ਰੂਰੀ ਹੈ ਕਿ ਐੱਮ ਐੱਸ ਐੱਮ ਈ ਖੇਤਰ ਸਮਰੂਪ ਨਹੀਂ ਹੈ ਅਤੇ ਇਸ ਕਰਕੇ ਵੱਖ-ਵੱਖ ਉੱਦਮਾਂ ਲਈ ਵੱਖ-ਵੱਖ ਤਰਜੀਹਾਂ ਮੌਜੂਦਾ ਹਨ। ਇਸੇ ਤਰ੍ਹਾਂ ਚੁਨੌਤੀਆਂ ਵੀ ਵੱਖੋ-ਵੱਖਰੀਆਂ ਹਨ। ਉਦਾਹਰਣ ਦੇ ਲਈ ਸਮੇਂ ਸਿਰ ਕਰਜ਼ਾ ਮਿਲਣਾ ਸੂਖਮ ਅਤੇ ਛੋਟੇ ਉੱਦਮਾਂ ਲਈ ਇਕ ਪ੍ਰਾਥਮਿਕਤਾ ਹੈ ਅਤੇ ਜੋ ਇਕ ਚੁਨੌਤੀ ਬਣੀ ਹੋਈ ਹੈ। ਆਮ ਤੌਰ ਤੇ ਦਰਮਿਆਨੇ ਅਤੇ ਵੱਡੇ ਉੱਦਮਾਂ ਲਈ ਸਮੱਸਿਆ ਏਨੀ ਵੱਡੀ ਨਹੀਂ। ਇਸ ਸਮੱਸਿਆ ਦਾ ਹੱਲ ਕਰਨ ਲਈ ਸਰਕਾਰ ਵਲੋਂ ਕ੍ਰੈਡਿਟ ਗਰੰਟੀ ਫੰਡ ਸਕੀਮ ਤਹਿਤ ਦਾਇਰਾ ਵਧਾ ਦਿੱਤਾ ਗਿਆ ਹੈ। ਸੂਖਮ ਅਤੇ ਛੋਟੇ ਉੱਦਮਾਂ ਦੇ ਵਰਗ ਵਿੱਚ ਆਉਣ ਵਾਲੀਆਂ ਇਕਾਈਆਂ ਹੁਣ ਚੋਣਵੇਂ ਵਿੱਤੀ ਸੰਸਥਾਨਾਂ ਰਾਹੀਂ 2 ਕਰੋੜ ਰੁਪਏ ਦਾ ਕਰਜ਼ਾ ਬਿਨਾਂ ਕਿਸੇ ਜਮਾਨਤ/ਜ਼ਾਮਨੀ ਤੋਂ ਹਾਸਲ ਕਰ ਸਕਦੀਆਂ ਹਨ ਜਿਸ ਦੀ ਪਹਿਲਾਂ ਸੀਮਾ 1 ਕਰੋੜ ਰੁਪਏ ਸੀ। ਇਸ ਦੇ ਨਾਲ ਹੀ ਬਾਜ਼ਾਰ ਵਿੱਚ ਨਵੀਨਤਮ ਮਾਡਲ ਵੀ ਆ ਰਹੇ ਹਨ ਜੋ ਇਸ ਖੇਤਰ ਵਿੱਚ ਵਿਤੋਂ ਬਾਹਰ ਹੋ ਰਹੀਆਂ ਮਾਲੀ ਗੁੰਝਲਾਂ ਅਤੇ ਕਰਜ਼ੇ ਨਾਲ ਸੰਬੰਧਿਤ ਪਾੜਿਆਂ ਦਾ ਹੱਲ ਕਰਨਗੇ। ਕਾਰਜਸ਼ੀਲ ਪੂੰਜੀ ਵਾਤਾਵਰਨ ਵਿੱਚ ਵੱਖ-ਵੱਖ ਸਟਾਰਟ ਅੱਪਸ ਐੱਮ ਐੱਸ ਐੱਮ ਈਜ਼ ਲਈ ਅਸਾਨੀ ਨਾਲ ਕਰਜ਼ਾ ਪ੍ਰਾਪਤੀ ਨੂੰ ਯਕੀਨੀ ਬਣਾਉਣ ਲਈ ਯਤਨ ਕਰ ਰਹੇ ਹਨ। ਵਿੱਤੀਕਰਨ ਅਤੇ ਉਧਾਰ ਦੇਣ ਵਾਲਿਆਂ ਦੇ ਸਾਹਮਣੇ ਆਉਣ ਨਾਲ ਐੱਮ ਐੱਸ ਐੱਮ ਈ ਵਿੱਤੀ ਤੌਰ ਤੇ ਹੋਰ ਸੁਰੱਖਿਅਤ ਹੋਣ ਦੀ ਆਸ ਹੈ।



## ਪ੍ਰਧਾਨ ਮੰਤਰੀ ਦੀ ਰੋਜ਼ਗਾਰ ਨਿਰਮਾਣ ਯੋਜਨਾ

ਪ੍ਰਧਾਨ ਮੰਤਰੀ ਰੋਜ਼ਗਾਰ ਨਿਰਮਾਣ ਯੋਜਨਾ (ਪੀ ਐੱਮ ਈ ਜੀ ਪੀ) ਮੰਤਰਾਲੇ ਦੀ ਮੁਹਰੈਲ ਯੋਜਨਾ ਹੈ ਜਿਸ ਅਧੀਨ ਹਰੇਕ ਸਾਲ ਸੂਖਮ ਉੱਦਮਾਂ ਦੀ ਸਥਾਪਨਾ ਕੀਤੀ ਜਾਂਦੀ ਹੈ ਅਤੇ ਦੇਸ਼ ਭਰ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਇਸ ਯੋਜਨਾ ਦਾ ਮੁੱਖ ਮੰਤਵ ਦੇਸ਼ ਦੇ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕਿਆਂ ਦਾ ਨਿਰਮਾਣ ਕਰਨਾ ਹੈ ਜਿਸ ਦੇ ਲਈ ਨਵੇਂ ਸਵੈ-ਰੋਜ਼ਗਾਰ ਵਾਲੇ ਉੱਦਮਾਂ/ਪ੍ਰਾਜੈਕਟਾਂ/ਸੂਖਮ ਉੱਦਮਾਂ ਦੀ ਸਥਾਪਨਾ ਕੀਤੀ ਜਾਂਦੀ ਹੈ। ਇਸ ਯੋਜਨਾ ਵਿੱਚ ਨੌਕਰੀਆਂ ਪੈਦਾ ਕਰਨ ਦੀਆਂ ਅਸੀਮ ਸੰਭਾਵਨਾਵਾਂ ਹਨ।

## ਖਾਦੀ ਅਤੇ ਪੇਂਡੂ ਉਦਯੋਗ

ਖਾਦੀ ਅਤੇ ਪੇਂਡੂ ਉਦਯੋਗ ਭਾਰਤ ਦੇ ਦੋ ਸਭ ਤੋਂ ਮਹੱਤਵਪੂਰਨ ਵਿਰਾਸਤੀ ਖੇਤਰ ਹਨ।ਖਾਦੀ ਅਤੇ ਪੇਂਡੂ ਉਦਯੋਗ ਖੇਤਰ, ਘੱਟ ਪ੍ਰਤਿ ਵਿਅਕਤੀ ਨਿਵੇਸ਼ ਨਾਲ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ, ਖ਼ਾਸ ਕਰਕੇ ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਲਈ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਮੰਤਰਾਲੇ ਵਲੋਂ ਖਾਦੀ ਅਤੇ ਪੇਂਡੂ ਉਦਯੋਗ ਖੇਤਰਾਂ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਤਾਂ ਕਿ ਪੇਂਡੂ ਬੇਰੋਜ਼ਗਾਰ ਵਿਅਕਤੀਆਂ, ਖ਼ਾਸ ਕਰਕੇ ਨੌਜਵਾਨਾਂ ਅਤੇ ਔਰਤਾਂ ਨੂੰ, ਉਨ੍ਹਾਂ ਦੇ ਘਰਾਂ ਕੋਲ ਹੀ ਲਾਭਕਾਰੀ ਰੋਜ਼ਗਾਰ ਪ੍ਰਦਾਨ ਕੀਤਾ ਜਾ ਸਕੇ।

## ਤਕਨਾਲੋਜੀ ਉਤੇ ਜ਼ੋਰ

ਮੌਜੂਦਾ ਸਮੇਂ ਵਿਸ਼ਵ ਮੁੱਲ ਕੜੀਆਂ ਦੁਨੀਆਂ ਪੱਧਰ ਉਤੇ ਮੁਕਾਬਲੇਬਾਜ਼ੀ ਕਰ ਰਹੀਆਂ ਹਨ। ਇਕ ਤਰਜੀਹੀ ਪੂਰਤੀਕਾਰ ਬਣਨ ਲਈ ਇਕ ਉੱਦਮ ਨੂੰ ਬੇਹਤਰ ਪ੍ਰਥਾਵਾਂ ਅਪਣਾਉਣ ਦੀ ਲੋੜ ਪਵੇਗੀ ਅਤੇ ਅੱਗੇ ਵਧਣ ਲਈ, ਨਾ ਕੇਵਲ ਨਵੀਨਤਮ ਹੱਲ ਪੇਸ਼ ਕਰਨ ਸਗੋਂ ਭਾਈਵਾਲਾਂ ਨੂੰ ਵੱਧ ਲਾਭ ਦੇਣ ਲਈ ਵਿਸ਼ਵੀ ਮਿਆਰਾਂ ਦੀ ਪਾਲਣਾ ਕਰਨੀ ਹੋਵੇਗੀ। ਇਸ ਸੰਦਰਭ ਵਿੱਚ ਤਕਨਾਲੋਜੀ ਆਧੁਨਿਕੀਕਰਨ ਬਹੁਤ ਮਹੱਤਵਪੂਰਨ ਹੋ ਗਿਆ ਹੈ। ਮੰਤਰਾਲਾ 18 ਟੂਲ ਰੂਮਜ਼ ਅਤੇ ਤਕਨਾਲੋਜੀ ਵਿਕਾਸ ਕੇਂਦਰਾਂ ਰਾਹੀਂ ਉੱਚ ਪੱਧਰ ਦੀ ਹੁਨਰਮੰਦੀ ਅਤੇ ਤਕਨੀਕੀ ਸਹਾਇਤਾ ਉਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਇਸ ਦੇ ਨਾਲ ਹੀ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਬਾਰੇ ਮੰਤਰਾਲੇ ਵਲੋਂ 2200 ਕਰੋੜ ਰੁਪਏ ਆਵੰਟਿਤ ਕੀਤੇ ਗਏ ਹਨ ਤਾਂ ਕਿ ਕੁੱਝ ਮੌਜੂਦਾ ਕੇਂਦਰਾਂ ਵਿੱਚ ਸੁਧਾਰ ਕੀਤਾ ਜਾ ਸਕੇ ਅਤੇ ਤਕਨਾਲੋਜੀ ਕੇਂਦਰ ਪ੍ਰਣਾਲੀ ਪ੍ਰਾਜੈਕਟ (ਟੀ ਸੀ ਐੱਸ ਪੀ) ਤਹਿਤ 15 ਨਵੇਂ ਕੇਂਦਰ ਸਥਾਪਤ ਕੀਤੇ ਜਾ ਸਕਣ ਤਾਂ ਕਿ ਐੱਮ ਐੱਸ ਐੱਮ ਈਜ਼ ਦੀ ਸਮੁੱਚੀ ਉਤਪਾਦਕਤਾ ਵਿੱਚ ਸੁਧਾਰ ਕੀਤਾ ਜਾ ਸਕੇ। ਇਸ ਕੰਮ ਲਈ ਵਿਸ਼ਵ ਬੈਂਕ ਵਲੋਂ ਮਾਇਕ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਤਕਨਾਲੋਜੀ ਕੇਂਦਰ ਉੱਦਮਾਂ ਨੂੰ ਬੇਹਤਰੀਨ ਤਕਨਾਲੋਜੀ, ਹੁਨਰਮੰਦ ਕਾਮਾਸ਼ਕਤੀ ਅਤੇ ਵਪਾਰਕ ਸਲਾਹਕਾਰ ਸਹਾਇਤਾ ਪ੍ਰਦਾਨ ਕਰਕੇ ਐੱਮ ਐੱਸ ਐੱਮ ਈਜ਼ ਦੀ ਮਦਦ ਕਰਨਗੇ। ਇਸ ਦੇ ਨਾਲ ਹੀ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਤਕਨਾਲੋਜੀ ਵਿੱਚ ਸੁਧਾਰ ਕਰਨ ਲਈ ਇਕ ਕਰਜ਼ਾ ਸੰਬੰਧਿਤ ਪੂੰਜੀ ਸਬਸਿਡੀ ਯੋਜਨਾ (ਸੀ ਐੱਲ ਸੀ ਐੱਸ ਐੱਸ) ਵੀ ਚੱਲ ਰਹੀ ਹੈ। ਇਸ ਯੋਜਨਾ ਤਹਿਤ ਇਕ ਵਾਰ 15 ਪ੍ਰਤਿਸ਼ਤ ਸਬਸਿਡੀ ਪ੍ਰਦਾਨ ਕਰਕੇ ਪਲਾਂਟ ਅਤੇ ਮਸ਼ੀਨਰੀ ਦੇ ਆਧੁਨਿਕੀਕਰਨ ਵਿੱਚ ਮਦਦ ਦਿੱਤੀ ਜਾ ਰਹੀ ਹੈ। ਇਸ ਸਬਸਿਡੀ ਦੀ ਸੀਮਾ ਵੱਧ ਤੋਂ ਵੱਧ 15 ਲੱਖ ਰੁਪਏ ਹੈ। ਜੂਨ 2017 ਤੱਕ ਕੁੱਲ 7868 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਜਿਸ ਤੋਂ 1293 ਐੱਮ ਐੱਸ ਈਜ਼ ਨੇ ਲਾਭ ਲਿਆ ਹੈ।






ਮਾਣਯੋਗ ਪ੍ਰਧਾਨ ਮੰਤਰੀ ਵਲੋਂ ਹਾਲ ਹੀ ਵਿੱਚ ਐੱਮ ਐੱਸ ਐੱਮ ਈਜ਼ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਜ਼ੀਰੋ ਡਿਫੈਕਟ ਜ਼ੀਰੋ ਇਫੈਕਟ (ਜ਼ੈੱਡ ਈ ਡੀ) ਪ੍ਰਮਾਣੀਕਰਨ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਯੋਜਨਾ ਐੱਮ ਐੱਸ ਐੱਮ ਈਜ਼ ਵਿੱਚ ਜ਼ੈੱਡ ਈ ਡੀ ਨਿਰਮਾਣ ਬਾਰੇ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਨੂੰ ਜ਼ੈੱਡ ਈ ਡੀ ਲਈ ਆਪਣੇ ਉੱਦਮ ਦੀ ਸਮੀਖਿਆ ਲਈ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਦਾ ਇਕ ਵਿਆਪਕ ਅਭਿਆਨ ਹੈ।

## ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨਾ

ਬੁਨਿਆਦੀ ਢਾਂਚੇ ਦੀ ਉਪਲਬਧਤਾ ਜਿਵੇਂ ਕਿ ਸਹੂਲਤਾਂ, ਬਾਜ਼ਾਰ, ਹੁਨਰਮੰਦ ਕਾਮਾਸ਼ਕਤੀ ਅਤੇ ਆਧੁਨਿਕ ਤਕਨਾਲੋਜੀ ਤੱਕ ਪਹੁੰਚ ਆਦਿ ਕਿਸੇ ਵੀ ਉੱਦਮ ਲਈ ਬਾਜ਼ਾਰ ਵਿੱਚ ਆਪਣੇ ਸਫਲ ਸੰਚਾਲਨ ਲਈ ਅਤਿ ਜ਼ਰੂਰੀ ਹਨ। ਇਸ ਸੰਦਰਭ ਵਿੱਚ ਸਰਕਾਰ ਵਲੋਂ ਐੱਮ ਐੱਸ ਐੱਮ ਈਜ਼ ਦੇ ਵਿਕਾਸ ਲਈ ਇਕ ਸਮੂਹ ਅਧਾਰਤ ਪਹਿਲ ਅਖਤਿਆਰ ਕੀਤੀ ਗਈ ਹੈ। ਕੁੱਲ ਮਿਲਾ ਕੇ, ਇਹ ਪਹਿਲ ਸਹਿਕਾਰੀ ਵਰਤਾਰੇ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਸਮੂਹਿਕ ਪੱਧਰ ਉਤੇ ਵਪਾਰ ਕਰ ਰਹੀਆਂ ਇਕਾਈਆਂ ਦਰਮਿਆਨ ਇਕ ਮੁਕਾਬਲੇ ਦੀ ਭਾਵਨਾ ਦਾ ਸੰਚਾਰ ਕਰ ਰਹੀ ਹੈ।

ਪੂੰਜੀ ਦੀ ਘਾਟ ਕਾਰਨ ਸੂਖਮ ਅਤੇ ਛੋਟੇ ਉੱਦਮ ਆਧੁਨਿਕ ਉਪਕਰਨਾਂ ਅਤੇ ਤਕਨੀਕਾਂ ਤੱਕ ਪਹੁੰਚ ਕਰਨ ਦੀ ਸਥਿਤੀ ਵਿੱਚ ਨਹੀਂ ਹੁੰਦੇ ਜਿਸ ਕਾਰਨ ਉਨ੍ਹਾਂ ਨੂੰ ਤਿਆਰ ਉਤਪਾਦ ਦੀ ਗੁਣਵੱਤਾ ਨਾਲ ਸਮਝੌਤਾ ਕਰਨਾ ਪੈਂਦਾ ਹੈ। ਇਸ ਲਈ ਸਮੂਹ ਵਿਕਾਸ ਯੋਜਨਾ ਦਾ ਟੀਚਾ ਸਾਂਝੇ ਸਹੂਲਤ ਕੇਂਦਰਾਂ ਵਰਗੇ ਠੋਸ ਅਸਾਸਿਆਂ ਦਾ ਨਿਰਮਾਣ ਕਰਨਾ, ਨਵੀਨਤਮ ਉਪਕਰਨ, ਤਕਨਾਲੋਜੀ,

ਡਿਜ਼ਾਈਨ, ਜਾਂਚ ਸਹੂਲਤਾਂ ਆਦਿ ਅਜਿਹੇ ਉੱਦਮਾਂ ਲਈ ਪ੍ਰਾਪਤ ਕਰਨਾ ਹੈ। ਦੇਸ਼ ਦੇ ਅਨੇਕ ਸਮੂਹਾਂ ਨੇ ਸਰਕਾਰ ਵਲੋਂ ਇਨ੍ਹਾਂ ਅਤੇ ਹੋਰ ਸਮੂਹਿਕ ਵਿਕਾਸ ਪਹਿਲ-ਕਦਮੀਆਂ ਤੋਂ ਲਾਭ ਉਠਾਇਆ ਹੈ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਮੰਤਰਾਲੇ ਵਲੋਂ ਸੂਖਮ ਅਤੇ ਛੋਟੇ ਉੱਦਮਾਂ, ਸਮੂਹ ਵਿਕਾਸ ਯੋਜਨਾਵਾਂ ਅਤੇ ਪੇਂਡੂ ਤੇ ਰਵਾਇਤੀ ਸਮੂਹਾਂ ਦੇ ਸੁਧਾਰ ਲਈ ਵਿਆਪਕ ਦਿਸ਼ਾ ਨਿਰਦੇਸ਼ ਤਿਆਰ ਕੀਤੇ ਗਏ ਹਨ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਸਮੂਹ ਸਥਾਪਤ ਕੀਤੇ ਜਾ ਸਕਣ।




## ਨਵੇਂ ਬਾਜ਼ਾਰਾਂ ਤੱਕ ਪਹੁੰਚ

ਐੱਮ ਐੱਸ ਐੱਮ ਈਜ਼ ਦੇ ਮੌਜੂਦਾ ਬਾਜ਼ਾਰ ਅਕਾਰ ਵਿੱਚ ਵਾਧਾ ਕਰਨ ਅਤੇ ਚਿਰਸਥਾਈ ਅੰਤਰ-ਨਿਰਭਰ ਸੰਬੰਧਾਂ ਦਾ ਨਿਰਮਾਣ ਕਰਨ ਲਈ ਸਰਕਾਰ ਵਲੋਂ ਇਕ ਸੰਪੂਰਨ ਟੀਚਾ ਮਿਥਿਆ ਗਿਆ ਹੈ। ਇਹ ਪ੍ਰਸਤਾਵ ਪੇਸ਼ ਕੀਤਾ ਗਿਆ ਕਿ ਕੇਂਦਰ ਸਰਕਾਰ ਦੇ ਮੰਤਰਾਲੇ ਅਤੇ ਵਿਭਾਗ ਅਤੇ ਜਨਤਕ ਖੇਤਰ ਦੇ ਕੇਂਦਰੀ ਅਦਾਰੇ 20 ਪ੍ਰਤਿਸ਼ਤ ਵਸਤਾਂ ਅਤੇ ਸੇਵਾਵਾਂ ਸੂਖਮ ਅਤੇ ਛੋਟੇ ਉੱਦਮਾਂ ਤੋਂ ਖਰੀਦਣਗੇ, ਜੋ 2012 ਦੇ ਐੱਮ ਐੱਸ ਈ ਆਰਡਰ, ਜਨਤਕ ਖਰੀਦ ਨੀਤੀ ਦਾ ਹਿੱਸਾ ਹੋਵੇਗਾ। ਇਹ ਨੀਤੀ ਨਾ ਸਿਰਫ ਐੱਮ ਐੱਸ ਈਜ਼ ਉਤੇ ਧਿਆਨ ਕੇਂਦਰਿਤ ਕਰਦੀ ਹੈ ਸਗੋਂ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਉੱਦਮੀਆਂ ਦੀ ਮਾਲਕੀ ਵਾਲੇ ਐੱਮ ਐੱਸ ਐੱਮ ਈਜ਼ ਨੂੰ ਵੀ ਜਨਤਕ ਖਰੀਦ ਬਾਜ਼ਾਰ ਵਿੱਚ ਹਿੱਸਾ ਲੈਣ ਲਈ ਹੌਸਲਾ ਅਫ਼ਜ਼ਾਈ ਕਰਦੀ ਹੈ। ਇਸ ਲਈ ਅਨੁਸੂਚਿਤ ਜਾਤੀ/ਜਨਜਾਤੀ ਉੱਦਮੀਆਂ ਦੀ ਮਾਲਕੀ ਵਾਲੇ ਐੱਮ ਐੱਸ ਐੱਮ ਈਜ਼ ਤੋ ਖਰੀਦ ਕਰਨ ਲਈ 4 ਪ੍ਰਤਿਸ਼ਤ ਦਾ ਇਕ ਟੀਚਾ ਵੀ ਮਿਥਿਆ ਗਿਆ ਹੈ। ਇਸ ਤੋਂ ਅਗਾਂਹ, ਸਮਾਜਿਕ ਸਮੂਹ ਦੇ ਸੰਦਰਭ ਵਿੱਚ ਐੱਮ ਐੱਸ ਐੱਮ ਈ ਖੇਤਰ ਦਾ ਮੁੱਲਾਂਕਣ ਖੁਲਾਸਾ ਕਰਦਾ ਹੈ ਕਿ ਅਨੁਸੂਚਿਤ ਜਾਤੀ/ਜਨਜਾਤੀ ਵਿਅਕਤੀਆਂ ਦੀ ਮਾਲਕੀ ਵਾਲੇ ਉੱਦਮਾਂ ਦੀਆਂ ਆਪਣੀਆਂ ਮਜਬੂਰੀਆਂ ਹਨ। ਇਸ ਟੀਚੇ ਨੂੰ ਹਾਸਲ ਕਰਨ ਲਈ ਅਤੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੇ ਉੱਦਮਤਾ ਸਭਿਆਚਾਰ ਨੂੰ ਪ੍ਰੋਤਸਾਹਨ ਦੇਣ ਲਈ ਮਾਣਯੋਗ ਪ੍ਰਧਾਨ ਮੰਤਰੀ ਵਲੋਂ 18 ਅਕਤੂਬਰ 2016 ਨੂੰ ਰਾਸ਼ਟਰੀ ਅਨੁਸੂਚਿਤ ਜਾਤੀ/ਜਨਜਾਤੀ ਕੇਂਦਰ (ਐੱਨ ਐੱਸ ਐੱਸ ਐੱਚ) ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਾਸਤੇ 490 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ (2016-2020)। ਐੱਨ ਐੱਸ ਐੱਸ ਐੱਚ ਦਾ ਉਦੇਸ਼ ਅਨੁਸੂਚਿਤ ਜਾਤੀਆਂ-ਅਨੁਸੂਚਿਤ ਜਨਜਾਤੀਆਂ ਦੇ ਉੱਦਮਾਂ ਨੂੰ ਪੇਸ਼ੇਵਰ ਸਹਾਇਤਾ ਪ੍ਰਦਾਨ ਕਰਨਾ ਹੈ। ਮੌਜੂਦਾ ਸਮੇਂ ਇਹ ਹੱਬ ਨੈਸ਼ਨਲ ਸਮਾਲ ਇੰਡਸਟ੍ਰੀਜ਼ ਕਾਰਪੋਰੇਸ਼ਨ (ਐੱਨ ਐੱਸ ਆਈ ਸੀ) ਤੋਂ ਚੱਲ ਰਹੀ ਹੈ ਜੋ ਭਾਰਤ ਸਰਕਾਰ ਦੇ ਐੱਮ ਐੱਸ ਐੱਮ ਈ ਮੰਤਰਾਲੇ ਅਧੀਨ ਕੇਂਦਰੀ ਜਨਤਕ ਖੇਤਰ ਦਾ ਉੱਦਮ ਹੈ (ਸੀ ਪੀ ਐੱਸ ਈ)। ਇਸ ਹੱਬ ਅਧੀਨ ਇਕ ਵਿਸ਼ੇਸ਼ ਕਰਜ਼ੇ ਨਾਲ ਜੁੜੀ ਪੂੰਜੀ ਸਬਸਿਡੀ ਯੋਜਨਾ (ਐੱਸ ਸੀ ਐੱਲ ਐੱਸ ਐੱਸ) ਵੀ ਪਲਾਂਟ ਅਤੇ ਮਸ਼ੀਨਰੀ ਦੀ ਖਰੀਦ ਵਿੱਚ ਮਦਦ ਵਾਸਤੇ ਅਰੰਭ ਕੀਤੀ ਗਈ ਹੈ। ਇਹ ਮੌਜੂਦਾ ਅਤੇ ਨਵੇਂ ਅਨੁਸੂਚਿਤ ਜਾਤੀ/ਜਨਜਾਤੀ ਉੱਦਮਾਂ ਉਤੇ ਲਾਗੂ ਹੋਵੇਗੀ। ਇਸ ਯੋਜਨਾ ਵਿੱਚ 25 ਪ੍ਰਤਿਸ਼ਤ ਅਗਾਊਂ ਪੂੰਜੀ ਸਬਸਿਡੀ ਦੀ ਰਕਮ ਦੇਣ ਦਾ ਵਿਚਾਰ ਕੀਤਾ ਗਿਆ ਹੈ।



## ਮਨੁੱਖੀ ਪੂੰਜੀ

ਐੱਮ ਐੱਸ ਐੱਮ ਈਜ਼ ਦੇ ਵਿਕਾਸ ਲਈ ਨਵੀਂ ਪ੍ਰਤਿਭਾ ਨੂੰ ਖਿੱਚਣਾ ਅਤੇ ਬਣਾਈ ਰੱਖਣਾ ਇਕ ਮਹੱਤਵਪੂਰਨ ਪੱਖ ਬਣ ਗਿਆ ਹੈ। 1.25 ਬਿਲੀਅਨ ਜਨਸੰਖਿਆ ਹੋਣ ਦੇ ਬਾਵਜੂਦ ਵੀ, ਹੁਨਰਮੰਦ ਕਾਮਾਸ਼ਕਤੀ ਦੀ ਹਾਲੇ ਵੀ ਕਮੀ ਦਾ

*ਬਾਕੀ ਸਫ਼ਾ 13 ਉੱਤੇ*

# ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਪ੍ਰੋਤਸਾਹਨ ਯੋਜਨਾਵਾਂ

ਚੰਦਰਸ਼ੇਖਰ ਰੈੱਡੀ, ਦੀਬੇਂਦੂ ਚੌਧਰੀ

ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਪ੍ਰੋਤਸਾਹਨ ਅਤੇ ਵਿਕਾਸ ਦੀ ਪ੍ਰਮੁੱਖ ਜ਼ਿੰਮੇਵਾਰੀ ਰਾਜ ਸਰਕਾਰਾਂ ਦੀ ਹੈ। ਭਾਰਤ ਸਰਕਾਰ ਵੀ ਰਾਸ਼ਟਰੀ ਆਰਥਿਕਤਾ ਦੀ ਤਰੱਕੀ ਅਤੇ ਰੋਜ਼ਗਾਰ ਨਿਰਮਾਣ ਲਈ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਮਹੱਤਵ ਅਤੇ ਪ੍ਰਤਿਭਾ ਨੂੰ ਤਸਲੀਮ ਕਰਦੀ ਹੈ। ਇਸ ਵਲੋਂ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿਕਾਸ ਅਤੇ ਪ੍ਰੋਤਸਾਹਨ ਲਈ ਨੀਤੀਆਂ ਅਤੇ ਕਦਮਾਂ ਵਾਸਤੇ ਸਰਬ ਭਾਰਤੀ ਢਾਂਚਾ ਹੋਣ ਦੀ ਲੋੜ ਨੂੰ ਵੀ ਸਮਝ ਲਿਆ ਗਿਆ ਹੈ ਅਤੇ ਵੱਖ-ਵੱਖ ਤਰੀਕਿਆਂ ਨਾਲ ਰਾਜ ਸਰਕਾਰਾਂ ਦੇ ਯਤਨਾਂ ਨੂੰ ਬਲ ਦੇਣ ਲਈ ਭਾਰਤ ਸਰਕਾਰ ਵਲੋਂ ਸਰਗਰਮ ਦਿਲਚਸਪੀ ਦਾ ਪ੍ਰਗਟਾਵਾ ਵੀ ਕੀਤਾ ਜਾ ਰਿਹਾ ਹੈ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿਕਾਸ (ਐੱਮ ਐੱਸ ਐੱਮ ਈ ਡੀ) ਬਾਰੇ 2006 ਦਾ ਐਕਟ ਇਸੇ ਦਾ ਨਤੀਜਾ ਹੈ। ਇਹ ਐਕਟ ਪਾਸ ਹੋਣ ਤੋਂ ਬਾਅਦ 9.5.2007 ਨੂੰ ਪੂਰਬਲੇ ਸਮਾਲ ਸਕੇਲ ਇੰਡਸਟਰੀ (ਐੱਸ ਐੱਸ ਆਈ) ਅਤੇ ਐਗਰੋ ਰੂਰਲ ਇੰਡਸਰੀਜ਼ (ਏ ਆਰ ਆਈ) ਦਾ ਰਲੇਵਾਂ ਕਰਕੇ ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ ਇਕ ਵੱਖਰਾ ਮੰਤਰਾਲਾ ਬਣਾਇਆ ਗਿਆ। ਇਸ ਖੇਤਰ ਵਿੱਚ 45.3 ਮਿਲੀਅਨ ਇਕਾਈਆਂ ਹਨ (2013 ਦੇ ਛੇਵੇਂ ਆਰਥਿਕ ਸਰਵੇਖਣ ਮੁਤਾਬਕ) ਅਤੇ ਇਹ ਖੇਤਰ 117 ਮਿਲੀਅਨ ਤੋਂ ਵੱਧ ਵਿਅਕਤੀਆਂ ਨੂੰ ਰੋਜ਼ਗਾਰ ਦਿੰਦਾ ਹੈ। ਇਸ ਵਲੋਂ ਕੁੱਲ ਨਿਰਮਾਣ ਦੇ 45 ਪ੍ਰਤਿਸ਼ਤ ਦਾ ਉਤਪਾਦਨ ਕੀਤਾ ਜਾਂਦਾ ਹੈ ਅਤੇ ਦੇਸ਼ ਦੇ ਨਿਰਯਾਤ ਖੇਤਰ ਵਿੱਚ ਇਸ ਦੀ 40 ਪ੍ਰਤਿਸ਼ਤ ਹਿੱਸੇਦਾਰੀ ਹੈ।

ਭਾਰਤ ਸਰਕਾਰ ਵਲੋਂ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿਕਾਸ ਨੂੰ ਪ੍ਰੋਤਸਾਹਨ ਦੇਣ ਲਈ ਕਈ ਕਦਮ ਉਠਾਏ ਗਏ ਹਨ। ਇਨ੍ਹਾਂ ਕਦਮਾਂ ਵਿੱਚ ਕਰਜ਼ੇ ਦੀ ਉਪਲਬਧਤਾ, ਤਕਨਾਲੋਜੀ ਸੁਧਾਰ ਲਈ ਯੋਜਨਾਵਾਂ, ਗੁਣਵੱਤਾ ਸੁਧਾਰ ਅਤੇ ਬਾਜ਼ਾਰੀਕਰਨ ਦੀ ਸਹਾਇਤਾ ਆਦਿ ਸ਼ਾਮਲ ਹਨ। ਮੁੱਦਰਾ (ਐੱਮ ਯੂ ਡੀ ਆਰ ਏ), ਸਟੈਂਡ ਅੱਪ ਇੰਡੀਆ, ਸੂਖਮ ਅਤੇ ਛੋਟੇ ਉੱਦਮਾਂ ਲਈ ਕ੍ਰੈਡਿਟ ਗਰੰਟੀ ਫੰਡ ਦੇ ਦਾਇਰੇ ਵਿੱਚ ਵਾਧਾ ਅਤੇ ਬੈਂਕਾਂ ਵਲੋਂ ਐੱਮ ਐੱਸ ਐੱਮ ਈਜ਼ ਨੂੰ ਪ੍ਰਦਾਨ ਕੀਤੀ ਜਾਂਦੀ ਉੱਚ ਕ੍ਰੈਡਿਟ ਸੀਮਾ ਨੇ ਇਸ ਖੇਤਰ ਲਈ ਕਰਜ਼ਾ ਸਹਾਇਤਾ ਵਿੱਚ ਵਾਧਾ ਕੀਤਾ ਹੈ।

ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਮੰਤਰਾਲੇ ਨੂੰ ਖਾਦੀ, ਨਾਰੀਅਲ ਧਾਗਾ ਅਤੇ ਪੇਂਡੂ ਉਦਯੋਗਾਂ ਦੇ ਪ੍ਰੋਤਸਾਹਨ ਦਾ ਜ਼ਿੰਮਾ ਦਿੱਤਾ ਗਿਆ ਹੈ। ਖਾਦੀ ਅਤੇ ਪੇਂਡੂ ਉਦਯੋਗਾਂ ਬਾਰੇ ਆਯੋਗ (ਕੇ ਵੀ ਆਈ ਸੀ) ਨਾ ਸਿਰਫ ਮੁਲਕ ਦੇ ਪੇਂਡੂ ਖੇਤਰ ਦੀਆਂ ਤਿਆਰ ਵਸਤਾਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਦਾ ਹੈ ਸਗੋਂ ਪੇਂਡੂ ਖੇਤਰਾਂ ਵਿੱਚ ਲਗਭਗ 150 ਲੱਖ ਵਿਅਕਤੀਆਂ ਨੂੰ ਸਥਾਈ ਰੋਜ਼ਗਾਰ ਵੀ ਪ੍ਰਦਾਨ ਕਰਦਾ ਹੈ। ਖਾਦੀ ਅਤੇ ਪੇਂਡੂ ਉਤਯੋਗਾਂ ਦਾ ਖੇਤਰ ਅਜਿਹੇ ਨਿਰਾਲੇ ਵਿਰਾਸਤੀ ਉਤਪਾਦ ਦੀ ਪ੍ਰਤਿਨਿਧਤਾ ਕਰਦਾ ਹੈ ਜੋ ਦੇਸੀ ਹੋਣ ਦੇ ਨਾਲ-ਨਾਲ ਨੈਤਿਕ ਵੀ ਹੈ। ਇਸ ਖੇਤਰ ਕੋਲ ਸਮਾਜ ਦੇ ਮੱਧ ਵਰਗ ਅਤੇ ਅਮੀਰ ਸ਼੍ਰੇਣੀ ਦੇ ਗਾਹਕਾਂ ਦੀ ਇਕ ਮਜਬੂਤ ਲੜੀ ਹੈ।

ਮੰਤਰਾਲੇ ਨੂੰ ਨਾਰੀਅਲ ਧਾਗਾ ਉਦਯੋਗ ਦੇ ਪ੍ਰੋਤਸਾਹਨ ਦਾ ਜ਼ਿੰਮਾ ਦਿੱਤਾ ਗਿਆ ਹੈ ਜਿਸ ਨੇ ਆਪਣਾ ਅਧਾਰ ਕੇਰਲ ਤੋਂ ਅੱਗੇ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕਰਨਾਟਕ, ਗੋਆ, ਓਡੀਸ਼ਾ, ਮਹਾਰਾਸ਼ਟਰ, ਗੁਜਰਾਤ ਅਤੇ ਕਈ ਦੂਜੇ ਰਾਜਾਂ ਤੱਕ ਵਧਾ ਲਿਆ ਹੈ। ਇਹ ਉਦਯੋਗ 7 ਲੱਖ ਤੋਂ ਵੱਧ ਵਿਅਕਤੀਆਂ ਨੂੰ ਰੋਜ਼ਗਾਰ ਦਿੰਦਾ ਹੈ ਅਤੇ ਸਮੇਂ-ਸਮੇਂ ਨਿਰਯਾਤ ਵਿੱਚ ਵਾਧਾ ਕਰਕੇ



ਆਪਣਾ ਠੋਸ ਯੋਗਦਾਨ ਪਾਉਂਦਾ ਹੈ। ਵਾਤਾਵਰਨ ਪੱਖੀ ਹੋਣ ਕਰਕੇ ਨਾਰੀਅਲ ਧਾਗੇ (ਸੀ ਓ ਆਈ ਆਰ) ਦੀ ਵਰਤੋਂ ਵਿੱਚ ਕਾਫੀ ਉਛਾਲ ਆਇਆ ਹੈ। ਤਕਨਾਲੋਜੀ ਦਾਖਲਾ ਅਤੇ ਨਾਰੀਅਲ ਧਾਗਾ - ਜੀਉ ਟੈਕਸਟਾਈਲ ਵਰਗੇ ਉਤਪਾਦਾਂ ਵਿੱਚ ਵਿਭਿੰਨਤਾ ਦੇ ਚਲਦਿਆਂ ਨਾਰੀਅਲ ਧਾਗਾ ਉਤਪਾਦਾਂ ਵਿੱਚ ਮੁੱਲ ਵਾਧਾ ਕਰਨ ਦੀਆਂ ਬਹੁਤ ਸੰਭਾਵਨਾ ਹਨ।

**ਇਹ ਮਾਣ ਵਾਲੀ ਗੱਲ ਹੈ ਕਿ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦਾ ਮੰਤਰਾਲਾ ਆਈ ਐੱਸ ਓ 9001-2008 ਪ੍ਰਮਾਣ ਪੱਤਰ ਪ੍ਰਾਪਤ ਕਰਨ ਵਾਲਾ ਪਹਿਲਾ ਮੰਤਰਾਲਾ ਹੈ ਜੋ ਇਸ ਮੰਤਰਾਲੇ ਦੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਤਰੱਕੀ ਅਤੇ ਵਿਕਾਸ ਨੂੰ ਪ੍ਰੋਤਸਾਹਨ ਦੇਣ ਦੇ ਮਿਸ਼ਨ ਨੂੰ ਸਮਰਪਨ ਅਤੇ ਪ੍ਰਤਿਭਾ ਨਾਲ ਅੱਗੇ ਵਧਾਉਣ ਨੂੰ ਦਰਸਾਉਂਦਾ ਹੈ। ਆਈ ਐੱਸ ਓ ਮਿਆਰਾਂ ਉਤੇ ਅਮਲ ਕਰਨ ਨਾਲ ਮੰਤਰਾਲਾ ਸੁਧਾਰ ਵਾਸਤੇ ਖੇਤਰਾਂ ਦੀ ਪਛਾਣ ਕਰਨ ਅਤੇ ਇਸ ਦੇ ਸੰਚਾਲਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣ ਵਿੱਚ ਕਾਮਯਾਬ ਹੋ ਜਾਵੇਗਾ।**

ਕੇ ਵੀ ਆਈ ਸੀ, ਸੀ ਓ ਆਈ ਆਰ ਬੋਰਡ, ਐੱਨ ਐੱਸ ਆਈ ਸੀ ਅਤੇ ਐੱਨ ਆਈ ਐੱਮ ਐੱਸ ਐੱਮ ਈ, ਜੋ ਮੰਤਰਾਲੇ ਦੇ ਦੂਸਰੇ ਅਦਾਰੇ ਹਨ, ਵਲੋਂ ਵੀ ਆਈ ਐੱਸ ਓ ਮਿਆਰਾਂ ਨੂੰ ਅਪਣਾ ਕੇ ਪ੍ਰਮਾਣ ਪੱਤਰ ਹਾਸਲ ਕੀਤੇ ਗਏ ਹਨ।

ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਮੰਤਰਾਲੇ ਲਈ ਵਾਕਈ ਇਹ ਮਾਣ ਵਾਲੀ ਗੱਲ ਸੀ ਜਦੋਂ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵਲੋਂ 18 ਅਕਤੂਬਰ, 2016 ਨੂੰ ਮੰਤਰਾਲੇ ਦੀਆਂ ਦੋ ਯੋਜਨਾਵਾਂ - ਰਾਸ਼ਟਰੀ ਅਨੁਸੂਚਿਤ ਜਾਤੀ/ਜਨਜਾਤੀ ਹੱਬ ਅਤੇ ਜ਼ੀਰੋ ਡਿਫੈਕਟ ਜ਼ੀਰੋ ਇਫੈਕਟ ਦਾ ਉਦਘਾਟਨ ਕੀਤਾ ਗਿਆ। 2007 ਵਿੱਚ ਮੰਤਰਾਲੇ ਦਾ ਗਠਨ ਹੋਣ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਪ੍ਰਧਾਨ ਮੰਤਰੀ ਵਲੋਂ ਮੰਤਰਾਲੇ ਦੀਆਂ ਯੋਜਨਾਵਾਂ ਦਾ ਉਦਘਾਟਨ ਕਰਕੇ ਅਸ਼ੀਰਵਾਦ ਦਿੱਤਾ ਗਿਆ। ਐੱਮ ਐੱਸ ਐੱਮ ਈਜ਼ ਉਦੋਂ ਹੋਰ ਰੋਸ਼ਨੀ ਵਿੱਚ ਆਏ ਜਦੋਂ ਮਾਣਯੋਗ ਪ੍ਰਧਾਨ ਮੰਤਰੀ ਵਲੋਂ 31 ਦਸੰਬਰ, 2016 ਨੂੰ ਰਾਸ਼ਟਰ ਦੇ ਨਾਮ ਸੰਦੇਸ਼ ਵਿੱਚ ਇਸ ਬਾਰੇ ਵਿਸ਼ੇਸ਼ ਜ਼ਿਕਰ ਕੀਤਾ ਗਿਆ। ਉਨ੍ਹਾਂ ਵਲੋਂ ਐੱਮ ਐੱਸ ਐੱਮ ਈਜ਼ ਲਈ ਕਰਜ਼ੇ ਦੀਆਂ ਵਧਾਈਆਂ ਗਈਆਂ ਸਹੂਲਤਾਂ ਅਤੇ ਸੂਖਮ ਅਤੇ ਦਰਮਿਆਨੇ ਉੱਦਮਾਂ ਲਈ ਕ੍ਰੈਡਿਟ ਗਰੰਟੀ ਫੰਡ ਟ੍ਰਸਟ ਲਈ ਧਨ ਵਿੱਚ ਵਾਧੇ ਦਾ ਐਲਾਨ ਕੀਤਾ ਗਿਆ। ਇਹ ਵੀ ਪਹਿਲੀ ਵਾਰ ਹੋਇਆ ਕਿ 1 ਫ਼ਰਵਰੀ, 2017 ਨੂੰ ਪੇਸ਼ ਕੀਤੇ ਗਏ ਕੇਂਦਰੀ ਬਜਟ ਵਿੱਚ ਵਿਸ਼ੇਸ਼ ਧਿਆਨ ਦੇਣ ਲਈ ਐੱਮ ਐੱਸ ਐੱਮ ਈਜ਼ ਨੂੰ ਅਲੱਗ ਰਖਿਆ ਗਿਆ। ਇਸ ਤਹਿਤ 50 ਕਰੋੜ ਤੋਂ ਘੱਟ ਸਾਲਾਨਾ ਕਾਰੋਬਾਰ ਕਰਨ ਵਾਲੇ ਐੱਮ ਐੱਸ ਐੱਮ ਈਜ਼ ਉਤੇ ਲੱਗਣ ਵਾਲੇ ਕਾਰਪੋਰੇਟ ਕਰ ਨੂੰ 30 ਪ੍ਰਤਿਸ਼ਤ ਤੋਂ ਘਟਾ ਕੇ 25 ਪ੍ਰਤਿਸ਼ਤ ਕਰ ਦਿੱਤਾ ਗਿਆ।

## ਐੱਮ ਐੱਸ ਐੱਮ ਈ ਮੰਤਰਾਲੇ ਦੀ ਭੂਮਿਕਾ

ਐੱਮ ਐੱਸ ਐੱਮ ਈ ਮੰਤਰਾਲੇ ਅਤੇ ਇਸ ਦੇ ਸੰਗਠਨਾਂ ਦੀ ਭੂਮਿਕਾ ਉੱਦਮਤਾ, ਰੋਜ਼ਗਾਰ ਅਤੇ ਰੋਜ਼ੀ-ਰੋਟੀ ਦੇ ਮੌਕਿਆਂ ਅਤੇ ਬਦਲੇ ਆਰਥਿਕ ਹਾਲਾਤ ਵਿੱਚ ਐੱਮ ਐੱਸ ਐੱਮ ਈਜ਼ ਦੀ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨ ਦੇ ਯਤਨਾਂ ਲਈ ਰਾਜਾਂ ਦੀ ਪਿੱਠ ਥਾਪੜਨਾ ਹੈ। ਮੰਤਰਾਲੇ ਅਤੇ ਇਸ ਦੇ ਸੰਗਠਨਾਂ ਵਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਇਹ ਸਹਾਇਤਾ ਪ੍ਰਦਾਨ ਕਰਨ ਵਿੱਚ ਕਾਰਜਰਤ ਹਨ : (1) ਵਿੱਤੀ ਸੰਸਥਾਨਾਂ/ਬੈਂਕਾਂ ਤੋਂ ਕਰਜ਼ੇ ਦਾ ਢੁੱਕਵਾਂ ਪ੍ਰਵਾਹ, (2) ਤਕਨਾਲੋਜੀ ਸੁਧਾਰ ਅਤੇ ਆਧੁਨਿਕੀਕਰਨ ਲਈ ਸਹਾਇਤਾ, (3) ਏਕੀਕ੍ਰਿਤ ਬੁਨਿਆਦੀ ਢਾਂਚਾ ਸਹੂਲਤਾਂ, (4) ਆਧੁਨਿਕ ਜਾਂਚ ਸਹੂਲਤਾਂ ਅਤੇ ਪ੍ਰਮਾਣੀਕਰਨ, (5) ਆਧੁਨਿਕ ਪ੍ਰਬੰਧਕੀ ਪ੍ਰਥਾਵਾਂ ਤੱਕ ਪਹੁੰਚ, (6) ਢੁੱਕਵੀਆਂ ਸਿਖਲਾਈ ਸਹੂਲਤਾਂ ਰਾਹੀਂ ਉੱਦਮਤਾ ਵਿਕਾਸ ਅਤੇ ਹੁਨਰ ਸੁਧਾਰ, (7) ਉਤਪਾਦ ਵਿਕਾਸ, ਡਿਜ਼ਾਈਨ ਦਖ਼ਲ ਅਤੇ ਪੈਕਿੰਗ ਲਈ ਸਹਾਇਤਾ, (8) ਕਾਰੀਗਰਾਂ ਅਤੇ ਕਾਮਿਆਂ ਦੀ ਭਲਾਈ, (9) ਘਰੇਲੂ ਅਤੇ ਨਿਰਯਾਤ ਬਾਜ਼ਾਰਾਂ ਤੱਕ ਬੇਹਤਰ ਪਹੁੰਚ ਲਈ ਸਹਾਇਤਾ, (10) ਸਮਰੱਥਾ ਵਿਕਾਸ ਅਤੇ ਇਕਾਈਆਂ ਦੇ ਸ਼ਕਤੀਕਰਨ ਨੂੰ ਪ੍ਰੋਤਸਾਹਿਤ ਕਰਨ ਲਈ ਸਮੂਹ-ਵਾਰ ਕਦਮ।

ਮੰਤਰਾਲੇ ਵਲੋਂ ਐੱਮ ਐੱਸ ਐੱਮ ਈਜ਼ ਖੇਤਰ ਨੂੰ ਪ੍ਰੋਤਸਾਨ ਦੇਣ ਲਈ ਅਨੇਕ ਯੋਜਨਾਵਾਂ ਚਲਾਈਆਂ ਗਈਆਂ ਹਨ ਜਿਨ੍ਹਾਂ ਦਾ ਵਿਭਾਗ ਵਾਰ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ:

### ਐੱਸ ਐੱਮ ਈ ਵਿਭਾਗ ਦੀਆਂ ਯੋਜਨਾਵਾਂ

1. ਅੰਤਰਰਾਸ਼ਟਰੀ ਸਹਿਯੋਗ
2. ਸਿਖਲਾਈ ਸੰਸਥਾਨਾਂ ਨੂੰ ਸਹਾਇਤਾ
3. ਬਾਜ਼ਾਰੀਕਰਨ ਸਹਾਇਤਾ

### ਵਿਕਾਸ ਕਮਿਸ਼ਨਰ (ਡੀ ਸੀ-ਐੱਮ ਐੱਸ ਐੱਮ ਈ) ਦੀਆਂ ਯੋਜਨਾਵਾਂ

1. ਕ੍ਰੈਡਿਟ ਗਰੰਟੀ
2. ਤਕਨਾਲੋਜੀ ਸੁਧਾਰ ਲਈ ਕ੍ਰੈਡਿਟ ਨਾਲ ਜੁੜੀ ਪੂੰਜੀ ਸਬਸਿਡੀ
3. ਆਈ ਐੱਸ ਓ 9000/ਆਈ ਐੱਸ ਓ/ 4001 ਪ੍ਰਮਾਣੀਕਰਨ ਅਦਾਇਗੀਆਂ
4. ਸੂਖਮ ਅਤੇ ਛੋਟੇ ਉੱਦਮਾਂ ਦਾ ਸਮੂਹ ਵਿਕਾਸ ਪ੍ਰੋਗਰਾਮ
5. ਮਾਈਕਰੋ ਫਾਈਨਾਂਸ ਪ੍ਰੋਗਰਾਮ
6. ਐੱਮ ਐੱਸ ਐੱਮ ਈ ਬਾਜ਼ਾਰ ਵਿਕਾਸ ਸਹਾਇਤਾ



7. ਰਾਸ਼ਟਰੀ ਸਨਮਾਨ (ਵਿਅਕਤੀਗਤ ਐੱਮ ਐੱਸ ਈਜ਼)

8. ਰਾਸ਼ਟਰੀ ਨਿਰਮਾਣ ਮੁਕਾਬਲੇਬਾਜ਼ੀ ਪ੍ਰੋਗਰਾਮ (ਐੱਨ ਐੱਮ ਸੀ ਪੀ)

- ਐੱਮ ਐੱਸ ਐੱਮ ਈਜ਼ ਲਈ ਬਾਜ਼ਾਰੀਕਰਨ ਸਹਾਇਤਾ/ਮਦਦ (ਬਾਰ ਕੋਡ)
- ਪ੍ਰਫੁੱਲਤਾ ਕੇਂਦਰਾਂ ਰਾਹੀਂ ਐੱਸ ਐੱਮ ਈਜ਼ ਦਾ ਉੱਦਮਤਾ ਤੇ ਪ੍ਰਬੰਧਕੀ ਵਿਕਾਸ
- ਕਿਊ ਐੱਮ ਐੱਸ ਅਤੇ ਕਿਊ ਟੀ ਟੀ ਰਾਹੀਂ ਨਿਰਮਾਣ ਖੇਤਰ ਨੂੰ ਮੁਕਾਬਲੇਬਾਜ਼ੀ ਦੇ ਸਮਰੱਥ ਬਣਾਉਣਾ
- ਬੌਧਿਕ ਜਾਇਦਾਦ ਹੱਕਾਂ ਬਾਰੇ ਜਾਗਰੂਕਤਾ ਪੈਦਾ ਕਰਨਾ
- ਐੱਮ ਐੱਸ ਐੱਮ ਈਜ਼ ਲਈ ਕਮਜ਼ੋਰ ਨਿਰਮਾਣ ਮੁਕਾਬਲੇਬਾਜ਼ੀ
- ਐੱਮ ਐੱਸ ਐੱਮ ਈਜ਼ ਨਿਰਮਾਣ ਖੇਤਰ ਲਈ ਡਿਜ਼ਾਈਨ ਮੁਹਾਰਤ ਵਾਸਤੇ ਡਿਜ਼ਾਈਨ ਕਲੀਨਿਕ
- ਬਾਜ਼ਾਰੀਕਰਨ ਸਹਾਇਤਾ ਅਤੇ ਤਕਨਾਲੋਜੀ ਸੁਧਾਰ
- ਐੱਮ ਐੱਸ ਐੱਮ ਈਜ਼ ਲਈ ਤਕਨਾਲੋਜੀ ਅਤੇ ਗੁਣਵੱਤਾ ਸੁਧਾਰ ਸਹਾਇਤਾ।

### ਐੱਨ ਐੱਸ ਆਈ ਸੀ ਦੀਆਂ ਯੋਜਨਾਵਾਂ

1. ਕਾਰਗੁਜ਼ਾਰੀ ਅਤੇ ਕ੍ਰੈਡਿਟ ਦਰਜਾਬੰਦੀ
2. ਬੈਂਕ ਕਰਜ਼ੇ ਦੀ ਸਹਾਇਤਾ
3. ਕੱਚੇ ਮਾਲ ਦੀ ਸਹਾਇਤਾ
4. ਇਕ ਹੀ ਥਾਂ ਪੰਜੀਕਰਨ
5. ਇੰਟਰਨੈੱਟ ਕੰਪਨੀ ਸੇਵਾਵਾਂ
6. ਬਾਜ਼ਾਰੀਕਰਨ ਚੌਕਸੀ ਸੇਵਾਵਾਂ ਦੀ ਲੀਜ਼
7. ਬਿੱਲ ਛੋਟਾਂ ਦੇਣੀਆਂ
8. ਐੱਨ ਐੱਸ ਆਈ ਸੀ ਬੁਨਿਆਦੀ ਢਾਂਚਾ

- ਨੁਮਾਇਸ਼ ਹਾਲ, ਹੈਦਰਾਬਾਦ
- ਆਈ ਪ੍ਰਫੁੱਲਤਾ ਕੇਂਦਰ
- ਨੁਮਾਇਸ਼ ਅਤੇ ਬਾਜ਼ਾਰੀਕਰਨ ਵਿਕਾਸ ਵਪਾਰਕ ਪਾਰਕ
- ਸਾਫਟਵੇਅਰ ਤਕਨਾਲੋਜੀ ਅਤੇ ਵਪਾਰਕ ਪਾਰਕ



- ਨੁਮਾਇਸ਼ੀ ਮੈਦਾਨ, ਨਵੀਂ ਦਿੱਲੀ।

### ਏ ਆਰ ਆਈ ਵਿਭਾਗ ਦੀਆਂ ਯੋਜਨਾਵਾਂ

1. ਪ੍ਰਧਾਨ ਮੰਤਰੀ ਰੋਜ਼ਗਾਰ ਨਿਰਮਾਣ ਪ੍ਰੋਗਰਾਮ
2. ਜਨ ਸ਼੍ਰੀ ਬੀਮਾ ਯੋਜਨਾ – ਖਾਦੀ ਕਾਰੀਗਰਾਂ ਲਈ
3. ਬਾਜ਼ਾਰ ਵਿਕਾਸ ਸਹਾਇਤਾ
4. ਵਿਗਿਆਨ ਅਤੇ ਤਕਨਾਲੋਜੀ ਯੋਜਨਾ
5. ਨਾਰੀਅਲ ਧਾਗਾ ਉੱਦਮੀ ਯੋਜਨਾ
6. ਨਾਰੀਅਲ ਧਾਗਾ ਵਿਕਾਸ ਯੋਜਨਾ।

- ਨਿਰਯਾਤ ਬਾਜ਼ਾਰ ਪ੍ਰੋਤਸਾਹਨ
- ਹੁਨਰ ਸੁਧਾਰ ਅਤੇ ਮਹਿਲਾ ਨਾਰੀਅਲ ਧਾਗਾ ਯੋਜਨਾ
- ਉਤਪਾਦਨ ਬੁਨਿਆਦੀ ਢਾਂਚੇ ਦਾ ਵਿਕਾਸ
- ਵਿਅਕਤੀਗਤ ਦੁਰਘਟਨਾ ਬੀਮਾ ਯੋਜਨਾ – ਨਾਰੀਅਲ ਧਾਗਾ ਕਾਮਿਆਂ ਲਈ
- ਵਪਾਰ ਅਤੇ ਉਦਯੋਗ ਨਾਲ ਸੰਬੰਧਿਤ ਕਾਰਜਸ਼ੀਲ ਸਹਾਇਕ ਸੇਵਾਵਾਂ
- ਘਰੇਲੂ ਬਾਜ਼ਾਰ ਪ੍ਰੋਤਸਾਹਨ ਯੋਜਨਾ।

7. ਐਸਪਾਇਰ (ਨਵੀਨਤਾ ਉੱਦਮਤਾ ਅਤੇ ਖੇਤੀ ਉਦਯੋਗ ਦੇ ਪ੍ਰੋਤਸਾਹਨ ਲਈ ਯੋਜਨਾ
8. ਰਵਾਇਤੀ ਉਦਯੋਗਾਂ ਦੇ ਪੁਨਰ ਜਾਗਰਣ ਲਈ ਫੰਡ ਦੀ ਸੋਧੀ ਹੋਈ ਯੋਜਨਾ (ਐੱਸ ਐੱਫ ਯੂ ਆਰ ਟੀ ਆਈ)।

ਮੰਤਰਾਲੇ ਵਲੋਂ ਕਰਜ਼ੇ ਨਾਲ ਜੁੜੀ ਸਬਸਿਡੀ ਯੋਜਨਾ, ਜਿਸ ਨੂੰ ਪ੍ਰਧਾਨ ਮੰਤਰੀ ਰੋਜ਼ਗਾਰ ਨਿਰਮਾਣ ਪ੍ਰੋਗਰਾਮ ਆਖਿਆ ਜਾਂਦਾ ਹੈ, ਲਾਗੂ ਕੀਤੀ ਜਾ ਰਹੀ ਹੈ ਤਾਂ ਕਿ ਨੌਜਵਾਨਾਂ ਨੂੰ ਨਿਰਮਾਣ ਅਤੇ ਦੂਜੇ ਸੇਵਾ ਖੇਤਰਾਂ ਵਿੱਚ ਨਵੇਂ ਸੂਖਮ ਉੱਦਮ ਸਥਾਪਤ ਕਰਨ ਲਈ ਮਦਦ ਦਿੱਤੀ ਜਾ ਸਕੇ। 2014-16 ਦੌਰਾਨ (8 ਮਾਰਚ, 2016 ਤੱਕ) 1,12,883 ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ ਜਿਨ੍ਹਾਂ ਤੋਂ 8,11,000 ਕੁੱਲ ਰੋਜ਼ਗਾਰ ਪੈਦਾ ਹੋਏ। ਮੰਤਰਾਲੇ ਵਲੋਂ 2015 ਵਿੱਚ ਖੋਜ ਅਤੇ ਪੇਂਡੂ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਐਸਪਾਇਰ ਨਾਮਕ ਯੋਜਨਾ ਅਰੰਭ ਕੀਤੀ ਗਈ ਸੀ। ਇਹ ਯੋਜਨਾ ਤਕਨਾਲੋਜੀ ਕੇਂਦਰਾਂ ਅਤੇ ਪ੍ਰਫੁੱਲਤਾ ਕੇਂਦਰਾਂ ਦਾ ਇਕ ਜਾਲ ਵਿਛਾਉਣ ਲਈ ਸ਼ੁਰੂ ਕੀਤੀ ਗਈ ਸੀ ਤਾਂ ਕਿ ਖੇਤੀ ਉਦਯੋਗ ਖੇਤਰ ਵਿੱਚ ਉਦਮਤਾ ਅਤੇ ਖੋਜ ਲਈ ਸਟਾਰਟ ਅੱਪ ਸਥਾਪਤ ਕਰਨ ਨੂੰ ਗਤੀ ਪ੍ਰਦਾਨ ਕੀਤੀ ਜਾ ਸਕੇ। ਐਸਪਾਇਰ (ਏ ਐੱਸ ਪੀ ਆਈ ਆਰ ਈ) ਦੇ ਯੋਜਨਾਕ੍ਰਿਤ ਨਤੀਜਿਆਂ ਵਿੱਚ ਤਕਨਾਲੋਜੀ ਵਪਾਰਕ ਪ੍ਰਫੁੱਲਤਾ ਕੇਂਦਰ (ਟੀ ਬੀ ਆਈ), ਰੋਜ਼ੀ ਰੋਟੀ ਵਪਾਰਕ ਪ੍ਰਫੁੱਲਤਾ ਕੇਂਦਰ (ਐੱਨ ਬੀ ਆਈ) ਸਥਾਪਤ ਕਰਨਾ ਅਤੇ ਐੱਸ ਆਈ ਡੀ ਬੀ ਆਈ ਨਾਲ ਅਜਿਹੀਆਂ ਪਹਿਲਕਦਮੀਆਂ ਲਈ ਫੰਡ ਦਾ ਨਿਰਮਾਣ ਕਰਨਾ ਸ਼ਾਮਲ ਹੈ। ਐੱਮ ਐੱਸ ਐੱਮ ਈ ਮੰਤਰਾਲਾ ਅਤੇ ਐੱਸ ਆਈ ਡੀ ਬੀ ਆਈ ਵਲੋਂ ਸੂਖਮ ਅਤੇ ਛੋਟੇ ਉੱਦਮਾਂ ਲਈ ਕ੍ਰੈਡਿਟ ਗਰੰਟੀਫੰਡ ਟ੍ਰਸਟ (ਸੀ ਜੀ ਟੀ ਐੱਮ ਐੱਸ ਈ) ਨਾਮਕ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਜਿਸ ਦਾ ਉਦੇਸ਼ ਪਹਿਲੀ ਪੀੜ੍ਹੀ ਦੇ ਉੱਦਮੀਆਂ ਲਈ ਬਿਨਾਂ ਕਿਸੇ ਜ਼ਾਮਨੀ/ਤੀਜੀ ਧਿਰ ਦੀ ਜ਼ਾਮਨੀ ਦੇ ਬੈਂਕ ਕਰਜ਼ਾ ਉਪਲਬਧ ਕਰਵਾਉਣਾ ਹੈ ਤਾਂ ਕਿ

ਉਹ ਆਪਣੇ ਸੂਖਮ ਅਤੇ ਛੋਟੇ ਉੱਦਮ ਸਥਾਪਤ ਕਰਨ ਦਾ ਸੁਪਨਾ ਪੂਰਾ ਕਰ ਸਕਣ। ਮੰਤਰਾਲੇ ਵਲੋਂ ਸਤੰਬਰ 2015 ਵਿੱਚ ਉਦਯੋਗ ਅਧਾਰ ਮੈਮੋਰੰਡਮ ਨੂੰ ਨੋਟੀਫਾਈ ਕੀਤਾ ਗਿਆ ਸੀ। ਇਹ ਉਦਯੋਗ ਅਧਾਰ ਮੈਮੋਰੰਡਮ ਬੁਨਿਆਦੀ ਤੌਰ ਤੇ ਉੱਦਮੀਆਂ ਲਈ ਪੰਜੀਕਰਨ ਪ੍ਰਕਿਰਿਆ ਸਰਲ ਬਣਾਉਣ ਲਈ ਹੈ। ਉਦਯੋਗ ਅਧਾਰ ਮੈਮੋਰੰਡਮ ਐੱਮ ਐੱਸ ਐੱਮ ਈ ਮੰਤਰਾਲੇ ਦੀ ਵੈੱਬਸਾਈਟ (http://udyogaadhaar.gov.in) ਦੇ ਉਦਯੋਗ ਅਧਾਰ ਪੋਰਟਲ ਉਤੇ ਆਨਲਾਈਨ ਦਾਖਲ ਕੀਤਾ ਜਾ ਸਕਦਾ ਹੈ। ਉਦਯੋਗ ਅਧਾਰ ਮੈਮੋਰੰਡਮ ਦਾਖਲ ਕਰਨ ਦੀ ਕੋਈ ਫੀਸ ਨਹੀਂ ਅਤੇ ਇਕ ਤੋਂ ਵੱਧ ਉਦਯੋਗ ਅਧਾਰ ਮੈਮੋਰੰਡਮ ਦਾਖਲ ਕਰਨ ਉਤੇ ਕੋਈ ਪਾਬੰਦੀ ਨਹੀਂ। ਇਹ ਮੈਮੋਰੰਡਮ ਸਵੈ-ਘੋਸ਼ਣਾ ਦੇ ਅਧਾਰ ਉਤੇ ਦਾਖਲ ਕੀਤਾ ਜਾ ਸਕਦਾ ਹੈ। ਹੁਣ ਤੱਕ 4.17 ਲੱਖ ਤੋਂ ਵੱਧ ਐੱਮ ਐੱਸ ਐੱਮ ਈਜ਼ ਦਾ ਪੰਜੀਕਰਨ ਹੋ ਚੁੱਕਾ ਹੈ।

ਬਾਜ਼ਾਰੀਕਰਨ ਅਜਿਹਾ ਅਹਿਮ ਖੇਤਰ ਹੈ ਜਿਥੇ ਐੱਮ ਐੱਸ ਐੱਮ ਈਜ਼ ਲਈ ਇਕ ਪ੍ਰਮੁੱਖ ਬਾਜ਼ਾਰ ਹੈ। ਸਰਕਾਰੀ ਖਰੀਦ ਵਿੱਚ ਭਾਗ ਲੈਣ ਲਈ ਸੂਖਮ ਅਤੇ ਸੂਖਮ ਅਤੇ ਛੋਟੇ ਉੱਦਮਾਂ ਨੂੰ ਹੋਰ ਜ਼ਿਆਦਾ ਸਹਾਇਤਾ ਦੇਣ ਲਈ ਸਰਕਾਰ ਵਲੋਂ ਐੱਮ ਐੱਸ ਐੱਮ ਈਜ਼ ਲਈ ਜਨਤਕ ਖਰੀਦ ਨੀਤੀ ਦਾ ਐਲਾਨ ਕੀਤਾ ਗਿਆ ਹੈ ਜੋ 1 ਅਪ੍ਰੈਲ 2012 ਤੋਂ ਪ੍ਰਭਾਵੀ ਹੈ। ਇਸ ਨੀਤੀ ਤਹਿਤ ਸਰਕਾਰ ਦੇ ਕਿਸੇ ਵੀ ਮੰਤਰਾਲੇ/ਵਿਭਾਗ/ਜਨਤਕ ਖੇਤਰ ਦੇ ਅਦਾਰੇ ਵਲੋਂ ਕੁੱਲ ਖਰੀਦ ਦਾ 20 ਪ੍ਰਤਿਸ਼ਤ 3 ਸਾਲਾਂ ਦੇ ਵਕਫੇ ਬਾਅਦ ਸੂਖਮ ਅਤੇ ਛੋਟੇ ਉੱਦਮਾਂ ਤੋਂ ਖਰੀਦਣਾ ਲਾਜ਼ਮੀ ਹੈ। ਸਮਾਵੇਸ਼ ਉਤੇ ਫਿਰ ਧਿਆਨ ਕੇਂਦਰਿਤ ਕਰਦਿਆਂ ਇਸ ਨੀਤੀ ਵਿੱਚ ਕੁੱਲ ਖਰੀਦ ਦਾ 4 ਪ੍ਰਤਿਸ਼ਤ ਅਨੁਸੂਚਿਤ ਜਾਤਾਂ/ਜਨਜਾਤਾਂ ਵਾਲੇ ਵਿਅਕਤੀਆਂ ਦੀ ਮਾਲਕੀ ਵਾਲੇ ਉੱਦਮਾਂ ਤੋਂ ਖਰੀਦਣ ਦਾ ਇਕ ਵੱਖਰਾ ਟੀਚਾ ਮਿਥਿਆ ਗਿਆ ਹੈ।

ਭਾਰਤ ਦ ਨਿਰਮਾਣ ਉਦਯੋਗ ਦੀ ਮੁਕਾਬਲੇ ਬਾਜ਼ੀ ਦੀ ਸਮਰੱਥਾ ਵਿੱਚ ਵਾਧਾ ਕਰਨ ਲਈ ਰਾਸ਼ਟਰੀ ਨਿਰਮਾਣ ਮੁਕਾਬਲੇਬਾਜ਼ੀ ਦਾ ਪ੍ਰੋਗਰਾਮ ਵਿੱਢਿਆ ਗਿਆ ਹੈ। ਇਸ ਯੋਜਨਾ ਦਾ ਉਦੇਸ਼ ਐੱਮ ਐੱਸ ਐੱਮ ਈ ਖੇਤਰ ਦੀ ਸਾਰੀ ਮੁੱਲ ਸ਼੍ਰੇਣੀ ਵਿੱਚ ਵਾਧਾ ਕਰਕੇ ਇਸ ਨੂੰ ਹੋਰ ਜ਼ਿਆਦਾ ਮੁਕਾਬਲੇਬਾਜ਼ੀ ਲਈ ਤਿਆਰ ਕਰਨਾ ਹੈ। ਕਿਊ ਐੱਮ ਐੱਸ/ਕਿਊ ਟੀ ਟੀ ਭਾਗ ਤਹਿਤ 2015–16 (31 ਜਨਵਰੀ 2016 ਤੱਕ) ਕੁੱਲ 52 ਪ੍ਰੋਗਰਾਮ ਕਰਵਾਏ ਗਏ ਹਨ ਜਿਸ ਉਤੇ ਕੁੱਲ 43.15 ਕਰੋੜ ਰੁਪਏ ਦਾ ਖਰਚਾ ਆਇਆ।

ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਮੰਤਰਾਲੇ (ਐੱਮ ਐੱਸ ਐੱਮ ਈ) ਵਲੋਂ ਦੇਸ਼ ਵਿੱਚ ਉਦਯੋਗਿਕ ਵਿਕਾਸ ਨੂੰ ਗਤੀ ਦੇਣ ਦੇ ਉਪਰਾਲੇ ਵਜੋਂ – ਖ਼ਾਸ ਕਰਕੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਮਦਦ ਕਰਨ ਦੇ ਉਦੇਸ਼ ਨਾਲ, 18 ਤਕਨਾਲੋਜੀ ਕੇਂਦਰ ਸਥਾਪਤ ਕੀਤੇ ਗਏ ਹਨ। ਇਹ ਤਕਨਾਲੋਜੀ ਕੇਂਦਰ ਢੁੱਕਵੇਂ ਉਪਕਰਨ ਮੁਹੱਈਆ ਕਰਵਾ ਕੇ ਅਤੇ ਔਜ਼ਾਰ ਅਤੇ ਡਾਈ ਬਣਾਉਣ ਦੇ ਖੇਤਰ ਵਿੱਚ ਚੰਗੀ ਤਰ੍ਹਾਂ ਸਿੱਖਿਅਤ ਕਾਰੀਗਰ ਮੁਹੱਈਆ ਕਰਵਾ ਕੇ ਭਾਰਤ ਦੇ ਉਦਯੋਗ ਖੇਤਰ ਨੂੰ ਬਹੁਮੁੱਲੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਤਕਨਾਲੋਜੀ ਕੇਂਦਰਾਂ ਦਾ ਮੁੱਖ ਮਕਸਦ, ਸੰਬੰਧਿਤ ਉਤਪਾਦਾਂ ਦੇ ਖੇਤਰਾਂ ਵਿੱਚ ਤਕਨਾਲੋਜੀ ਦੇ ਤਬਾਦਲੇ ਲਈ ਮਨੁੱਖੀ ਸਰੋਤਾਂ ਦੀਆਂ ਲੋੜਾਂ ਪੂਰੀਆਂ ਕਰਨਾ ਹੈ। ਇਹ ਕੇਂਦਰ ਉਦਯੋਗਾਂ ਦੀਆਂ ਲੋੜਾਂ ਮੁਤਾਬਕ ਸਿਖਲਾਈ ਕੋਰਸ ਵੀ ਕਰਵਾ ਰਹੇ ਹਨ। ਸਰਕਾਰ ਲਗਾਤਾਰ ਐੱਮ ਐੱਸ ਐੱਮ ਈ ਖੇਤਰ ਦੀਆਂ ਘਟਨਾਵਾਂ ਨੂੰ ਪੁਨਰ ਸੁਰਜੀਤ ਕਰ ਰਹੀ ਹੈ। ਹਾਲ ਹੀ ਵਿੱਚ 29.05.2015 ਨੂੰ "ਸੂਖਮ ਛੋਟੇ ਅਤੇ ਦਰਮਿਆਨੇ ਉੱਦਮਾਂ" ਦੀ ਪੁਨਰ ਸੁਰਜੀਤੀ ਅਤੇ ਪੁਨਰਵਾਸ ਲਈ ਇਕ ਗਜ਼ਟ ਨੋਟੀਫਿਕੇਸ਼ਨ ਜਾਰੀ ਕਰਨ ਦੀ ਪਹਿਲਕਦਮੀ ਵੀ ਕੀਤੀ ਗਈ ਹੈ ਤਾਂ ਕਿ ਬਿਮਾਰ ਅਤੇ ਬੰਦ ਪਈਆਂ ਐੱਮ ਐੱਸ ਐੱਮ ਈਜ਼ ਇਕਾਈਆਂ ਨੂੰ ਮੁੜ ਤੋਂ ਸੁਰਜੀਤ ਕਰਕੇ ਉਨ੍ਹਾਂ ਦਾ ਪੁਨਰਵਾਸ ਕੀਤਾ ਜਾ ਸਕੇ।

ਪ੍ਰਧਾਨ ਮੰਤਰੀ ਵਲੋਂ ਸਟੈਂਡ ਅੱਪ ਇੰਡੀਆ ਪਹਿਲਕਦਮੀ ਦਾ ਐਲਾਨ 15 ਅਗਸਤ 2015 ਨੂੰ ਕੀਤਾ ਗਿਆ ਸੀ। ਇਸ ਯੋਜਨਾ ਵਿੱਚ ਅਨੁਸੂਚਿਤ ਜਾਤੀ/ਜਨਜਾਤੀ ਅਤੇ ਔਰਤ ਉੱਦਮੀਆਂ ਦੇ ਉੱਦਮਾਂ ਨੂੰ ਪ੍ਰੋਤਸਾਹਿਤ ਕਰਨ ਦੀ ਕਲਪਨਾ ਕੀਤੀ ਗਈ ਹੈ। ਇਸ ਯੋਜਨਾ ਦਾ ਮਕਸਦ ਜਨਸੰਖਿਆ ਦੇ ਕਮਜ਼ੋਰ ਤਬਕਿਆਂ ਤੱਕ ਸੰਸਥਾਗਤ ਕਰਜ਼ਾ ਢਾਂਚੇ ਦੀ ਪਹੁੰਚ ਕਰਵਾਉਣ ਅਤੇ ਉਨ੍ਹਾਂ ਨੂੰ ਬੈਂਕ ਤੋਂ ਕਰਜ਼ਾ ਲੈਣ ਵਿੱਚ ਮਦਦ ਕਰਨਾ ਹੈ ਜਿਸ ਨੂੰ 7 ਸਾਲਾਂ ਵਿੱਚ ਵਾਪਸ ਕੀਤਾ ਜਾ ਸਕੇਗਾ। ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਅਤੇ ਔਰਤ ਉੱਦਮੀਆਂ ਵਲੋਂ ਸਥਾਪਤ ਕੀਤੇ ਉੱਦਮਾਂ ਲਈ 10 ਲੱਖ ਤੋਂ 100 ਲੱਖ ਦੇ ਕਰਜ਼ੇ ਦਾ ਪ੍ਰਬੰਧ ਕੀਤਾ ਜਾਵੇਗਾ। ਸਟਾਰਟਅੱਪ ਇੰਡੀਆ ਯੋਜਨਾ ਦੀਆਂ ਪਹਿਲਕਦਮੀਆਂ ਦਾ ਟੀਚਾ ਉੱਦਮਤਾ ਦੀ ਭਾਵਨਾ ਪੈਦਾ ਕਰਨਾ ਅਤੇ ਅਜਿਹਾ ਵਾਤਾਵਰਨ ਸਿਰਜ ਕੇ ਖੋਜ ਨੂੰ ਹੁਲਾਰਾ ਦੇਣਾ ਹੈ ਜੋ ਸਟਾਰਟ ਅੱਪ ਦੀ ਤਰੱਕੀ ਲਈ ਲਾਹੇਵੰਦਾ ਹੋਵੇ। ਭਾਰਤ ਵਿੱਚ ਸਟਾਰਟਅੱਪ ਨੂੰ ਉਤਸ਼ਾਹਿਤ ਕਰਨ ਲਈ, ਸਰਕਾਰ ਖ਼ਾਸ ਕਰਕੇ ਨਿਰਮਾਣ ਖੇਤਰ ਦੇ ਸਟਾਰਟਅੱਪ ਨੂੰ 'ਪਹਿਲੇ ਅਨੁਭਵ/ਕਾਰੋਬਾਰ ਦੇ ਮਾਪਦੰਡਾਂ ਤੋਂ ਛੋਟ ਦੇਵੇਗੀ ਪਰ ਗੁਣਵੱਤਾ ਮਿਆਰਾਂ ਜਾਂ ਤਕਨੀਕੀ ਮਾਪਦੰਡਾਂ ਵਿੱਚ ਕੋਈ ਛੋਟ ਨਹੀਂ ਦਿੱਤੀ ਜਾਵੇਗੀ। ਸਟਾਰਟਅੱਪਸ ਨੂੰ ਪ੍ਰਾਜੈਕਟ ਲੋੜਾਂ ਦੇ ਮੁਤਾਬਕ ਹੀ ਪੂਰਾ ਕਰਨਾ ਪਵੇਗਾ ਅਤੇ ਉਨ੍ਹਾਂ ਕੋਲ ਭਾਰਤ ਅੰਦਰ ਆਪਣੀ ਨਿਰਮਾਣ ਦੀ ਸਹੂਲਤ ਹੋਣੀ ਚਾਹੀਦੀ ਹੈ।

ਜ਼ਿਆਦਾਤਰ ਵਿਕਸਤ ਦੁਨੀਆਂ ਵਧਦੀ ਉਮਰ ਵਾਲੀ ਜਨਸੰਖਿਆ ਵੱਲ ਵਧ ਰਹੀ ਹੈ। 2020 ਤੱਕ ਭਾਰਤ ਦੁਨੀਆਂ ਦੇ ਸਭ ਤੋਂ ਨੌਜਵਾਨ ਮੁਲਕਾਂ ਦੀ ਕਤਾਰ ਵਿੱਚ ਸ਼ਾਮਲ ਹੋਣ ਲਈ ਤਿਆਰ ਹੈ। ਇਸ ਲਈ ਨੌਜਵਾਨਾਂ 'ਤੇ ਨਿਵੇਸ਼ ਕਰਨ ਦਾ ਇਹ ਢੁੱਕਵਾਂ ਸਮਾਂ ਹੈ। ਇਸ ਨੌਜਵਾਨ ਸ਼ਕਤੀ ਵਿੱਚ ਭਾਰਤ ਦੀ 63 ਪ੍ਰਤਿਸ਼ਤ ਵਸੋਂ ਸ਼ਾਮਲ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੀ ਰੋਜ਼ੀ-ਰੋਟੀ ਲਈ ਅਰਥਪੂਰਨ ਕੰਮ ਦੀ ਲੋੜ ਹੋਵੇਗੀ – ਭਾਵੇਂ ਇਹ ਉਜਰਤ ਰੋਜ਼ਗਾਰ ਹੋਵੇ ਜਾਂ ਸਵੈ-ਰੋਜ਼ਗਾਰ। ਉਨ੍ਹਾਂ ਨੂੰ ਇਕ ਆਮ ਮਨੁੱਖ ਦੇ ਸੰਪੂਰਨ ਜੀਵਨ ਚੱਕਰ ਦਾ ਸਵਾਦ ਮਿਲਣਾ ਜ਼ਰੂਰੀ ਹੈ। ਨੌਜਵਾਨ, ਜੋ ਦੇਸ਼ ਦਾ ਸਭ ਤੋਂ ਚਮਕਦਾ ਅਤੇ ਗਤੀਸ਼ੀਲ ਵਰਗ ਹੈ, ਦੇਸ਼ ਦਾ ਸਭ ਤੋਂ ਬੇਸ਼ਕੀਮਤੀ ਮਨੁੱਖੀ ਸਰਮਾਇਆ ਅਤੇ ਅਸਾਸੇ ਹਨ। ਭਵਿੱਖ ਵਿੱਚ ਉਨ੍ਹਾਂ ਨੇ ਦੇਸ਼ ਦੀ ਉਸਾਰੀ ਵਿੱਚ ਜ਼ਬਰਦਸਤ ਭੂਮਿਕਾ ਨਿਭਾਉਣੀ ਹੈ ਅਤੇ ਉਦਯੋਗਾਂ ਲਈ ਤਿਆਰ ਹੋਣ ਖਾਤਰ ਉਨ੍ਹਾਂ ਨੂੰ ਨੌਕਰੀਆਂ ਅਤੇ ਸਹੀ ਸੇਧ ਦੇਣ ਦੀ ਲੋੜ ਹੈ।

## ਐੱਮ ਐੱਸ ਐੱਮ ਈ ਰਾਸ਼ਟਰੀ ਸੰਸਥਾਨ ਦੀ ਭੂਮਿਕਾ

ni-msme ਸ਼ੁਰੂਆਤ ਵਿੱਚ 1960 ਅੰਦਰ

ਨਵੀ ਦਿੱਲੀ ਵਿੱਚ ਸੈਂਟਰਲ ਇੰਡਸਟ੍ਰੀਅਲ ਐਕਸਟੈਂਸ਼ਨ ਟਰੇਨਿੰਗ ਇੰਸਟੀਚਿਊਟ (ਸੀ ਆਈ ਈ ਟੀ ਆਈ) ਵਜੋਂ, ਭਾਰਤ ਸਰਕਾਰ ਦੇ ਉਦਯੋਗ ਅਤੇ ਵਣਜ ਮੰਤਰਾਲੇ ਦੇ ਇਕ ਵਿਭਾਗ ਵਜੋਂ ਸਥਾਪਤ ਕੀਤਾ ਗਿਆ ਸੀ। ਇਸ ਨੂੰ ਸੁਸਤ ਅਤੇ ਰੋਕ ਪਾਉਣ ਵਾਲੇ ਪ੍ਰਸ਼ਾਸਨਿਕ ਨਿਯੰਤ੍ਰਣ ਅਤੇ ਪ੍ਰਕਿਰਿਆਵਾਂ ਤੋਂ ਮੁਕਤ ਰੱਖਣ ਦਾ ਫੈਸਲਾ ਕੀਤਾ ਗਿਆ ਸੀ ਤਾਂ ਕਿ ਇਹ ਸੰਸਥਾਨ ਛੋਟੇ ਉੱਦਮਾਂ ਨੂੰ ਪ੍ਰੋਤਸਾਹਿਤ ਕਰਨ ਦੇ ਮਾਮਲੇ ਵਿੱਚ ਮੋਹਰੀ ਭੂਮਿਕਾ ਨਿਭਾਅ ਸਕੇ। 1962 ਵਿੱਚ ਇਹ ਸੰਸਥਾਨ ਹੈਦਰਾਬਾਦ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਇਸ ਦਾ ਨਾਮ ਬਦਲ ਕੇ ਸਮਾਲ ਇੰਡਸਟਰੀ ਐਕਸਟੈਂਸ਼ਨ ਟ੍ਰੇਨਿੰਗ ਇੰਸਟੀਚਿਊਟ (ਐੱਸ ਆਈ ਈ ਟੀ) ਕਰ ਦਿੱਤਾ ਗਿਆ। ਐੱਸ ਆਈ ਈ ਟੀ, ਜਿਸ ਨੂੰ ਦੋ ਦਹਾਕਿਆਂ ਤੋਂ ਵੱਧ ਇਸੇ ਨਾਮ ਨਾਲ ਜਾਣਿਆ ਗਿਆ, ਦਾ ਪ੍ਰਬੰਧਨ ਭਾਰਤ ਸਰਕਾਰ ਵਲੋਂ ਨਿਯੁਕਤ ਗਵਰਨਿੰਗ ਕੌਂਸਲ ਵਲੋਂ ਕੀਤਾ ਜਾਂਦਾ ਹੈ। ਬਾਅਦ ਵਿੱਚ ਰਾਸ਼ਟਰੀ ਪੱਧਰ ਹਾਸਲ ਕਰਨ ਤੋਂ ਬਾਅਦ ਇਸ ਦਾ ਨਾਮ ਬਦਲ ਕੇ ਐੱਨ ਆਈ – ਐੱਸ ਆਈ ਟੀ ਟੀ ਕਰ ਦਿੱਤਾ ਗਿਆ। 2007 ਤੋਂ ਬਾਅਦ ਇਸ ਦਾ ਨਾਮ ਫਿਰ ਤੋਂ ਬਦਲ ਕੇ ਐੱਨ ਆਈ – ਐੱਮ ਐੱਸ ਐੱਮ ਈ ਕਰ ਦਿੱਤਾ ਗਿਆ ਜੋ ਸੂਖਮ ਛੋਟੇ ਅਤੇ ਦਰਮਿਆਨੇ ਉੱਦਮਾਂ ਬਾਰੇ ਮੰਤਰਾਲੇ ਅਧੀਨ ਸਿਖਲਾਈ, ਖੋਜ ਅਤੇ ਸਲਾਹਕਾਰ ਮਸ਼ਵਰੇ ਲਈ ਨੋਡਲ ਅਦਾਰਾ ਹੈ। ਪਰ, ਜਨਾਦੇਸ਼ ਦੇ ਅਨੁਸਾਰ ਨੋਡਲ ਸੰਸਥਾਨ ਹੋਣ ਕਰਕੇ ਐੱਨ ਆਈ – ਐੱਮ ਐੱਸ ਐੱਮ ਈ ਹਾਲੇ ਵੀ ਖੁਦਮੁਖਤਿਆਰ ਅਤੇ ਸਵੈ-ਵਿੱਤ ਪ੍ਰਬੰਧਨ ਕਰਦਾ ਹੈ।

ਐੱਨ ਆਈ-ਐੱਮ ਐੱਸ ਐੱਮ ਹੀ ਦਾ ਅਨੇਕ ਵਿਦੇਸ਼ੀ ਏਜੰਸੀਆਂ ਜਿਵੇਂ ਸੀ ਐੱਫ ਟੀ ਸੀ (ਕਾਮਨ–ਵੈਲਥ ਫੰਡ ਫਾਰ ਟੈਕਨੀਕਲ ਕੋਆਪਰੇਸ਼ਨ), ਯੂਨਾਈਟਿਡ ਨੈਸ਼ਨਜ਼ ਐਜੂਕੇਸ਼ਨਲ ਸਾਇੰਟੀਫਿਕ ਐਂਡ ਕਲਚਰਲ ਆਰਗੇਨਾਈਜ਼ੇਸ਼ਨ) ਯੂ ਐੱਨ ਡੀ ਪੀ (ਯੂਨਾਈਟਿਡ ਨੇਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ), ਫੋਰਡ ਫਾਊਂਡੇਸ਼ਨ, ਜਰਮਨੀ ਦੀ ਜੀ ਟੀ ਜ਼ੈੱਡ, ਯੂ ਐੱਸ ਏ ਆਈ ਡੀ (ਯੂਨਾਈਟਿਡ ਸਟੇਟਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਅਤੇ ਆਈ ਐੱਲ ਓ (ਇੰਟਰਨੈਸ਼ਨਲ ਲੇਬਰ ਆਰਗੇ ਨਾਈਜੇਸ਼ਨ) ਆਦਿ ਨਾਲ ਮੁਨਾਫੇ ਵਾਲਾ ਸੰਵਾਦ ਰਿਹਾ। ਇਹ ਅਦਾਰਾ ਵੱਖ-ਵੱਖ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਦੇ ਮੰਤਰਾਲਿਆਂ ਨੂੰ ਐੱਮ ਐੱਸ ਐੱਮ ਈ ਖੇਤਰ ਨੂੰ ਉਤਸ਼ਾਹਿਤ ਕਰਨ, ਅੰਤਰ-ਹੁਨਰਮੰਦੀ ਅਤੇ ਹੁਨਰ ਵਿੱਚ ਸੁਧਾਰ ਕਰਨ ਆਦਿ ਖੇਤਰਾਂ ਵਿੱਚ ਸਲਾਹਕਾਰੀ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।


***ਸਮਰੱਥਾ ਦਾ ਵਿਕਾਸ*** – ਰਾਸ਼ਟਰੀ ਪੱਧਰ ਉਤੇ ਐੱਮ ਐੱਸ ਐੱਮ ਈ ਖੇਤਰ ਨੂੰ ਮਜਬੂਤ ਕਰਨ ਲਈ ਸੰਸਾਧਨਾਂ ਦਾ ਵਿਕਾਸ (ਟੀ ਓ ਟੀ/ਉੱਦਮਤਾ, ਵਿਕਾਸ ਬਾਰੇ ਮਾਸਟਰ ਟ੍ਰੇਨਰਜ਼/ ਮਾਈਕ੍ਰੋ ਲੈਬ, ਉੱਦਮ ਵਿਕਾਸ ਅਤੇ ਪ੍ਰਬੰਧਨ), ਰਾਜਾਂ ਦੇ ਈ ਡੀ ਆਈਜ਼ ਨੂੰ ਸਮਰੱਥਾ ਵਿਕਾਸ ਵਿੱਚ ਸਹਾਇਤਾ ਦਿੱਤੀ। ਸਮੂਹ ਅਧਾਰਤ ਐੱਸ ਪੀ ਵੀਜ਼ ਨੂੰ ਸੀ ਐੱਫ ਸੀਜ਼ ਦੀ ਸਥਾਪਨਾ ਅਤੇ ਪ੍ਰਬੰਧਨ ਵਾਸਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ (ਐੱਮ ਐੱਸ ਈ ਸੀ ਡੀ ਪੀ, ਐੱਸ ਐੱਫ ਯੂ ਆਰ ਟੀ ਆਈ)।

***ਜਾਣਕਾਰੀ ਦਾ ਪਸਾਰ ਅਤੇ ਗਿਆਨ ਪ੍ਰਬੰਧਨ*** – ਆਈ ਐੱਸ ਬੀ ਐੱਨ ਰਸਾਲੇ ਐੱਸ ਈ ਡੀ ਐੱਮ ਆਈ ਦਾ ਪ੍ਰਬੰਧਨ, ਆਨਲਾਈਨ ਕੋਰਸ ਉਪਲਬਧ ਕਰਵਾਏ ਜਾ ਰਹੇ ਹਨ। ਐੱਮ ਐੱਸ ਐੱਮ ਈ ਯੋਜਨਾਵਾਂ ਦੀ ਨਿਯਮਤ ਛਪਾਈ ਰਾਹੀਂ ਜਾਣਕਾਰੀ ਦੇਣੀ (ਅੰਗਰੇਜ਼ੀ, ਹਿੰਦੀ ਅਤੇ ਦੂਜੀਆਂ ਸਰਕਾਰੀ ਭਾਰਤੀ ਭਾਸ਼ਾਵਾਂ)। ਐੱਮ ਐੱਸ ਐੱਮ ਈ ਜਾਣਕਾਰੀ ਪੋਰਟਲ ਰਾਹੀਂ ਐੱਮ ਐੱਸ ਐੱਮ ਈ ਸੰਬੰਧੀ ਖ਼ਬਰਾਂ ਦੇਣੀਆਂ, ਸਾਰੇ ਹਿਤਧਾਰਕਾਂ ਨੂੰ ਸਮੂਹ ਅਧਾਰਤ ਖ਼ਬਰਾਂ/ਗੂਗਲ ਸਟੋਰ ਵਿੱਚ ਐੱਮ ਐੱਸ ਐੱਮ ਈ ਯੋਜਨਾਵਾਂ ਅਤੇ ਉੱਦਮੀਆਂ ਦੇ ਫਾਇਦੇ ਲਈ ਪ੍ਰਾਜੈਕਟਾਂ ਦੀ ਰੂਪ-ਰੇਖਾ ਵਾਸਤੇ ਆਨਲਾਈਨ ਅਰਜ਼ੀਆਂ (ਐਪਸ) ਉਪਲਬਧ ਕਰਵਾਏ।

***ਖੋਜ ਅਤੇ ਨੀਤੀ ਵਕਾਲਤ*** – ਐੱਮ ਐੱਸ ਐੱਮ ਈ ਖੇਤਰ ਦੇ ਵੱਖ-ਵੱਖ ਰਾਸ਼ਟਰੀ ਪੱਧਰ ਦੇ ਅਧਿਐਨ ਮੋਹਰੀ ਯੋਜਨਾਵਾਂ ਬਾਰੇ ਜਾਣਕਾਰੀ ਦੇਣ ਲਈ ਕਰਵਾਏ। ਪੀ ਐੱਚ ਡੀ ਵਿਦਿਆਰਥੀਆਂ ਲਈ ਐੱਮ ਐੱਸ ਐੱਮ ਈ ਖੋਜ ਫੈਲੋਸ਼ਿਪ ਦਾ ਪ੍ਰਬੰਧਨ। ਬਹੁਤ ਸਾਰੀਆਂ ਰਾਜ

**ਕਾਰਜਸ਼ੀਲ ਦ੍ਰਿਸ਼ਾਵਲੀ :**

- ਉੱਦਮਤਾ • ਸਮੂਹ ਵਿਕਾਸ • ਹੁਨਰ ਵਿਕਾਸ • ਸੂਖਮ ਵਿੱਤੀਕਰਨ
- ਵਪਾਰ ਵਿਕਾਸ ਸੇਵਾਵਾਂ • ਉਪ-ਖੇਤਰ ਵਿਕਾਸ



ਸਰਕਾਰਾਂ ਨੂੰ ਉਨ੍ਹਾਂ ਦੇ ਐੱਮ ਐੱਸ ਐੱਮ ਈ ਵਿਭਾਗਾਂ (ਡੀ ਆਈ ਅਤੇ ਡੀ ਆਈ ਸੀਜ਼) ਦਾ ਪੁਨਰਗਠਨ ਕਰਨ ਦਾ ਸੁਝਾਅ ਦਿੱਤਾ ਤਾਂ ਕਿ ਦੇਸ਼ ਵਿੱਚ ਉੱਦਮਤਾ ਨੂੰ ਹੁਲਾਰਾ ਦਿੱਤਾ ਜਾ ਸਕੇ।

***ਐੱਮ ਐੱਸ ਐੱਮ ਈ ਵਿੱਚ ਅੰਤਰਰਾਸ਼ਟਰੀ ਸਹਿਯੋਗ*** – ਗੈਰ-ਖੇਤੀ, ਰੋਜ਼ਗਾਰ, ਉੱਦਮਤਾ ਵਿਕਾਸ, ਐੱਮ ਐੱਸ ਐੱਮ ਈ ਖੇਤਰ ਆਦਿ ਬਾਰੇ ਅੰਤਰਰਾਸ਼ਟਰੀ ਕੋਰਸ ਕਰਵਾਏ। ਹੁਣ ਤੱਕ ਲਗਭਗ 10,000 ਵਿਦੇਸ਼ੀ ਨਾਗਰਿਕਾਂ ਨੂੰ ਐੱਮ ਐੱਸ ਐੱਮ ਈਜ਼ ਦੇ ਅਨੇਕ ਪੱਖਾਂ ਬਾਰੇ ਸਿਖਲਾਈ ਦਿੱਤੀ ਜਾ ਚੁੱਕੀ ਹੈ।

***ਨੈੱਟਵਰਕਿੰਗ*** – ਕੇਂਦਰ ਅਤੇ ਰਾਜ ਪੱਧਰ ਉਤੇ ਐੱਮ ਐੱਸ ਐੱਮ ਈ ਖੇਤਰ ਨਾਲ ਸੰਬੰਧਿਤ ਵੱਖ-ਵੱਖ ਕਮੇਟੀਆਂ ਵਿੱਚ ਪ੍ਰਤਿਨਿਧਤਾ ਕੀਤੀ, ਐੱਮ ਐੱਸ ਐੱਮ ਈ ਸਭਾਵਾਂ ਦੀ ਪ੍ਰੋਤਸਾਹਨ ਅਤੇ ਮਜਬੂਤੀ ਜਿਸ ਵਿੱਚ ਸੀ ਓ ਡਬਲਯੂ ਈ, ਏ ਐੱਲ ਈ ਏ ਪੀ, ਡੀ ਆਈ ਸੀ ਸੀ ਆਈ ਆਦਿ ਸ਼ਾਮਲ ਹਨ। ਰਿਜ਼ਰਵ ਬੈਂਕ ਵਲੋਂ ਸਥਾਨਕ ਐੱਸ ਐੱਲ ਬੀ ਸੀ ਮੈਂਬਰ ਵਜੋਂ ਨਾਮਜਦ ਡਬਲਯੂ, ਬੀ ਐੱਮ ਓ, ਰਾਜ ਸਰਕਾਰਾਂ, ਉਦਯੋਗਿਕ ਸਭਾਵਾਂ ਅਤੇ ਦੂਜੇ ਹਿਤ ਧਾਰਕਾਂ ਨਾਲ ਨੈੱਟਵਰਕਿੰਗ।

***ਸਮੂਹਾਂ ਦੀ ਸਮੀਖਿਆ*** – ਰਾਜ ਸਰਕਾਰਾਂ ਨੂੰ ਸਮੂਹ ਅਧਾਰਤ ਪਹਿਲਕਦਮੀਆਂ, ਵਿਕਾਸ, ਤਕਨਾਲੋਜੀ ਸੁਧਾਰ, ਪੀ-ਪੀ-ਪੀ ਤਰੀਕੇ ਰਾਹੀਂ ਸੀ ਐੱਫ ਸੀਜ਼ ਦਾ ਨਿਰਮਾਣ, ਆਦਿ ਲਈ ਦਿਸ਼ਾ ਨਿਰਦੇਸ਼ ਦੇਣੇ। ਵੱਖ-ਵੱਖ ਸਮੂਹਾਂ ਵਿੱਚ ਐੱਸ ਪੀ ਵੀਜ਼ ਦੇ ਨਿਰਮਾਣ ਲਈ ਨੋਡਲ ਏਜੰਸੀ ਦਾ ਕੰਮ ਕਰਨਾ, ਤਕਨਾਲੋਜੀ ਅਤੇ ਦੂਜੇ ਭਾਈਵਾਲਾਂ ਦੀ ਉਨ੍ਹਾਂ ਦੀ ਕਾਰਗੁਜ਼ਾਰੀ ਅਤੇ ਇੱਛਤ ਨਤੀਜੇ ਦੇਣ ਲਈ ਨਿਗਰਾਨੀ।

***ਰੋਜ਼ੀ ਰੋਟੀ ਵਪਾਰਕ ਪ੍ਰਫੁੱਲਤਾ*** – ਅੱਠ ਕਿੱਤਿਆਂ ਨਾਲ ਸਥਾਪਤ ਕੀਤੇ ਗਏ ਹਨ ਜੋ ਉੱਦਮੀਆਂ ਦਾ ਸਥਿਰ ਰੋਜ਼ਗਾਰ ਵੱਲ ਮਾਰਗ ਦਰਸ਼ਨ ਕਰਦੇ ਹਨ ਅਤੇ ਬੈਂਕਾਂ ਤੇ ਵਿੱਤੀ ਮਾਮਲਿਆਂ ਵਿੱਚ ਉਨ੍ਹਾਂ ਦੀ ਮਦਦ ਕਰਦੇ ਹਨ। ਇਸ ਸੰਸਥਾਨ ਵਲੋਂ 14034 ਪ੍ਰੋਗਰਾਮ ਆਯੋਜਿਤ ਕਰਕੇ 2015–16 ਤੱਕ 4,62,393 ਭਾਗ ਲੈਣ ਵਾਲਿਆਂ ਨੂੰ ਸਿਖਲਾਈ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਭਵਿੱਖੀ/ਮੌਜੂਦਾ ਉੱਦਮੀ ਅਤੇ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਦੇ ਵੱਖ-ਵੱਖ ਮੰਤਰਾਲਿਆਂ ਦੇ ਅਧਿਕਾਰੀ ਸ਼ਾਮਲ ਹਨ। ਇਹ ਸੰਸਥਾਨ 1976 ਤੋਂ ਭਾਰਤ ਦੇ ਵਿਦੇਸ਼ ਮੰਤਰਾਲੇ ਦੀ ਆਈ ਟੀ ਆਈ ਈ ਸੀ ਯੋਜਨਾ ਲਾਗੂ ਕਰ ਰਿਹਾ ਹੈ ਅਤੇ 142 ਵਿਕਾਸਸ਼ੀਲ ਦੇਸ਼ਾਂ ਦੇ 9450 ਕਾਰਜਕਾਰੀ ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਗਈ ਹੈ। ਸ਼ੁਰੂਆਤ ਤੋਂ ਲੈ ਕੇ 909 ਖੋਜ ਅਤੇ ਸਲਾਹਕਾਰੀ ਪ੍ਰਾਜੈਕਟ ਮੁਕੰਮਲ ਕੀਤੇ ਗਏ ਹਨ। ਇਸ ਵਿਰਾਸਤ ਨੂੰ ਅੱਗੇ ਲੈ ਜਾਣ ਲਈ ਸਖਤ ਮਿਹਨਤ ਕਰਦਾ ਰਹੇਗਾ।

*(ਚੰਦਰਸ਼ੇਖਰ ਰੈੱਡੀ ਹੈਦਰਾਬਾਦ ਤੇਲੰਗਾਨਾ ਸਥਿਤ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਬਾਰੇ ਰਾਸ਼ਟਰੀ ਸੰਸਥਾ ਵਿੱਚ ਡਾਇਰੈਕਟਰ ਹੈ ਅਤੇ ਦੀਬੇਂਦੂ ਚੌਧਰੀ ਸੰਸਥਾ ਵਿੱਚ ਫੈਕਲਟੀ ਮੈਂਬਰ ਹੈ)*

*e-mail :dg@nimsme.org*

*:dibchoudhury@gmail.com*

***ਸਫ਼ਾ 7 ਦਾ ਬਾਕੀ***

ਰੋਣਾ ਰੋਇਆ ਜਾ ਰਿਹਾ ਹੈ। ਐੱਮ ਐੱਸ ਐੱਮ ਈ ਖੇਤਰ ਸਾਡੀ ਕਾਮਾਸ਼ਕਤੀ ਨੂੰ ਹੁਨਰਮੰਦ ਬਣਾਉਣ ਦੀ ਚਾਬੀ ਰੱਖੀ ਬੈਠਾ ਹੈ, ਖ਼ਾਸ ਕਰਕੇ ਅਜਿਹੇ ਵੇਲੇ ਜਦੋਂ ਸਾਡੀ ਜਨਸੰਖਿਆ ਦਾ 65 ਪ੍ਰਤਿਸ਼ਤ 35 ਸਾਲ ਦੀ ਉਮਰ ਤੋਂ ਘੱਟ ਹੈ। ਹਰੇਕ ਸਾਲ ਨੌਕਰੀ ਬਾਜ਼ਾਰ ਵਿੱਚ ਦਾਖਲ ਹੋਣ ਵਾਲੇ ਵਿਅਕਤੀਆਂ ਦੀ ਲਗਾਤਾਰ ਵਧ ਰਹੀ ਸੰਖਿਆ ਨੂੰ ਧਿਆਨ ਵਿੱਚ ਰੱਖਦਿਆਂ, ਹੁਨਰ ਅਧਾਰਤ ਸਿਖਲਾਈ ਅਤੇ ਉੱਦਮਤਾ ਵਿਕਾਸ ਪ੍ਰੋਗਰਾਮਾਂ ਉਤੇ ਧਿਆਨ ਦੇਣਾ ਇਕ ਜ਼ਰੂਰਤ ਬਣ ਗਿਆ ਹੈ ਤਾਂ ਕਿ ਕਾਮਾਸ਼ਕਤੀ ਨੂੰ ਨੌਕਰੀ ਲਈ ਤਿਆਰ ਬਰ ਤਿਆਰ ਕੀਤਾ ਜਾ ਸਕੇ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਬਾਰੇ ਮੰਤਰਾਲੇ ਵਲੋਂ ਵਿਕਾਸ ਕਮਿਸ਼ਨਰ (ਐੱਮ ਐੱਸ ਐੱਮ ਈ) ਦੇ ਦਫ਼ਤਰ ਰਾਹੀਂ ਵੱਖ-ਵੱਖ ਖੇਤਰਾਂ ਅਤੇ ਕਿੱਤਿਆਂ ਵਿੱਚ ਅਨੇਕ ਈ ਡੀ ਪੀਜ਼ ਅਤੇ ਕਿੱਤਾਮੁਖੀ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ।

## ਸਮਾਪਤੀ ਟਿੱਪਣੀਆਂ

ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਅਤੇ ਇਸ ਖੇਤਰ ਦੇ ਮਹੱਤਵ ਵਿੱਚ ਵਾਧਾ ਕਰਨ ਦੇ ਵੱਡੇ ਟੀਚੇ ਨਾਲ ਕੰਮ ਕਰਦਿਆਂ ਸਰਕਾਰ ਵਲੋਂ ਮੌਜੂਦਾ ਨੀਤੀਆਂ/ਯੋਜਨਾਵਾਂ ਨੂੰ ਮਜਬੂਤੀ ਦਿੱਤੀ ਜਾ ਰਹੀ ਹੈ ਅਤੇ ਅਨੇਕ ਹੋਰ ਪਹਿਲਕਦਮੀਆ ਵੀ ਕੀਤੀਆਂ ਜਾ ਰਹੀਆਂ ਹਨ। ਮਿਸਾਲ ਦੇ ਲਈ, 'ਵਪਾਰ ਕਰਨ ਦੀ ਸੌਖ' ਦੇ ਹਿੱਸੇ ਵਜੋਂ ਅਤੇ ਖੇਤਰ ਦੇ ਰਸਮੀਕਰਨ ਲਈ ਉਦਯੋਗ ਅਧਾਰ ਮੈਮੋਰੰਡਮ (ਯੂ ਏ ਐੱਮ) ਨੂੰ ਵੀ ਸਤੰਬਰ 2015 ਵਿੱਚ ਨੋਟੀਫਾਈ ਕਰ ਦਿੱਤਾ ਗਿਆ ਹੈ। ਇਸ ਪ੍ਰਣਾਲੀ ਵਿੱਚ ਇਕ ਸਫੇ ਦਾ ਪੰਜੀਕਰਨ ਦਾ ਇਕ ਹੀ ਬਿੰਦੂ ਪੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਦੇਰੀਆਂ ਤੋਂ ਬਚਾਅ ਹੋ ਰਿਹਾ ਹੈ ਅਤੇ ਉੱਦਮਤਾ ਮੈਮੋਰੰਡਮ (ਈ ਐੱਮ) ਭਾਗ-1 ਅਤੇ 2 ਦੀ ਮੌਜੂਦਾ ਪ੍ਰਣਾਲੀ ਵਿੱਚ ਵਿਵਿਧਤਾ ਦੀ ਥਾਂ ਲੈ ਰਹੀ ਹੈ। ਇਹ ਲੀਕ ਤੋਂ ਹਟਵੀਂ ਪਹਿਲ-ਕਦਮੀ ਹੈ ਜੋ ਵਪਾਰ ਦੇ ਪੰਜੀਕਰਨ ਵਿੱਚ ਐੱਮ ਐੱਸ ਐੱਮ ਈਜ਼ ਦੀ ਸੌਖ ਵਾਸਤੇ ਕੀਤੀ ਜਾ ਰਹੀ ਹੈ। ਜਾਰੀ ਹੋਣ ਤੋਂ ਲੈ ਕੇ ਉਦਯੋਗ ਅਧਾਰ ਮੈਮੋਰੰਡਮ ਤਹਿਤ 35 ਲੱਖ ਤੋਂ ਵੱਧ ਇਕਾਈਆਂ ਪੰਜੀਕ੍ਰਿਤ ਕੀਤੀਆਂ ਜਾ ਚੁੱਕੀਆਂ ਹਨ। ਅਗਲੀ ਗੱਲ, ਜੀ ਐੱਸ ਟੀ ਤਹਿਤ 'ਇਕ ਦੇਸ਼ ਇਕ ਕਰ' ਵਾਲੀ ਪਹੁੰਚ ਨਾਲ ਐੱਮ ਐੱਸ ਐੱਮ ਈਜ਼ ਵਲੋਂ ਆਪਣੀ ਪ੍ਰਤਿਭਾ ਦਾ ਪੂਰਾ ਜਲਵਾ ਦਿਖਾਉਣ ਦੀ ਆਸ ਹੈ।

ਸਭ ਕਾਸੇ ਨੂੰ ਸਮੇਟਦਿਆਂ, ਭਾਰਤ ਦੇ ਐੱਮ ਐੱਸ ਐੱਮ ਈ ਖੇਤਰ ਵਿੱਚ ਅਗਾਂਹਵਧੂ ਬਦਲਾਵਾਂ ਨਾਲ, ਅਨੇਕ ਨੀਤੀਗਤ, ਦਖਲਾਂ ਅਤੇ ਨਵੀਨਤਾ ਨਾਲ ਉੱਦਮਤਾ ਵਪਾਰ ਪੱਖੀ ਵਾਤਾਵਰਨ ਸਿਰਜਣ ਵਿੱਚ ਹਮੇਸ਼ਾ ਗਤੀਸ਼ੀਲ ਭੂਮਿਕਾ ਨਿਭਾਉਂਦੀ ਰਹੇਗੀ। ਐੱਮ ਐੱਸ ਐੱਮ ਈ ਖੇਤਰ ਵਿੱਚ ਨੌਕਰੀਆਂ ਦੇ ਨਿਰਮਾਣ ਅਤੇ ਪੈਸਾ ਕਮਾਉਣ ਦੀਆਂ ਸੰਭਾਵਨਾਵਾਂ ਅਤੇ ਪ੍ਰਤਿਭਾ ਅਸੀਮ ਹੈ। ਸਾਰੇ ਹਿਤਧਾਰਕ ਜਿਵੇਂ ਰਾਜ ਸਰਕਾਰਾਂ, ਉਦਯੋਗਿਕ ਸਭਾਵਾਂ, ਪ੍ਰਫੁੱਲਤਾ ਕੇਂਦਰ, ਤਕਨਾਲੋਜੀ ਪ੍ਰਦਾਨ ਕਰਨ ਵਾਲੇ, ਵਿੱਤੀ ਸੰਸਥਾਨ ਅਤੇ ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਨੂੰ ਰਲ ਕੇ ਉੱਚ ਵਿਕਾਸ ਅਤੇ ਰੋਜ਼ਗਾਰ ਦਾ ਸਾਂਝਾ ਟੀਚਾ ਅਤੇ ਸਾਂਝੀ ਕਲਪਨਾ ਪ੍ਰਾਪਤ ਕਰਨੀ ਹੋਵੇਗੀ। ਵਿਆਪਕ ਉੱਦਮਾਂ ਵਾਲਾ ਐੱਮ ਐੱਸ ਐੱਮ ਈ ਖੇਤਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ, ਜਨਸੰਖਿਅਕ ਲਾਭਅੰਸ਼ ਹਾਸਲ ਕਰਨ ਲਈ ਕੁੰਜੀ ਹੈ।

*(ਲੇਖਕ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਬਾਰੇ ਭਾਰਤ ਸਰਕਾਰ ਦੇ ਮੰਤਰਾਲੇ ਵਿੱਚ ਸਕੱਤਰ ਹਨ)*

*e-mail :sec.msme@gmail.com*

# ਤਕਨੀਕੀ ਸੁਧਾਰ ਰਾਹੀਂ ਮੁਕਾਬਲੇਬਾਜ਼ੀ ਵਿੱਚ ਵਾਧਾ

ਬਾਲਾ ਸੁਬਰਾਮਨੀਆ ਮੁੰਗੀਲਾ ਹਿਲਾਮਾਨੇ

ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਜਿਨ੍ਹਾਂ ਨੂੰ ਹੁਣ ਤੋਂ ਬਾਅਦ ਅਸੀਂ ਐੱਮ ਐੱਸ ਐੱਮ ਈਜ਼ ਆਖਾਂਗੇ) ਪ੍ਰਤਿ ਵਿਸ਼ਵ ਦੇ ਨੀਤੀ ਘਾੜਿਆਂ ਵਿੱਚ ਇਨ੍ਹਾਂ ਦੀ ਸੰਖਿਆ, ਰੋਜ਼ਗਾਰ ਨਿਰਮਾਣ ਵਿੱਚ ਯੋਗਦਾਨ, ਉਤਪਾਦਨ ਅਤੇ ਨਿਰਯਾਤ ਆਦਿ ਦੇ ਸੰਦਰਭ ਵਿੱਚ ਇਕ ਵਿਸ਼ੇਸ਼ ਆਕਰਸ਼ਣ ਹੈ। ਉਹ ਸਮਾਵੇਸ਼ੀ ਅਤੇ ਸਥਿਰ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ, ਰੋਜ਼ਗਾਰ ਨਿਰਮਾਣ ਕਰਦੇ ਹਨ, ਸਥਿਰ ਉਦਯੋਗੀਕਰਨ ਦੀ ਹੌਸਲਾ ਅਫ਼ਜ਼ਾਈ ਕਰਦੇ ਹਨ, ਖੋਜ ਨੂੰ ਉਤਸ਼ਾਹ ਦਿੰਦੇ ਹਨ ਅਤੇ ਆਮਦਨ ਗ਼ੈਰ-ਬਰਾਬਰੀ ਨੂੰ ਘੱਟ ਕਰਦੇ ਹਨ (ਓ ਈ ਸੀ ਡੀ, 2017)। ਮੌਜੂਦਾ ਵਿਸ਼ਵੀਕ੍ਰਿਤ ਦੁਨੀਆਂ ਵਿੱਚ, ਐੱਮ ਐੱਸ ਐੱਮ ਈਜ਼ ਲਈ ਇਕ ਖੁੱਲ੍ਹੇ ਵਾਤਾਵਰਨ ਦੇ ਅਨੁਕੂਲ ਹੋ ਕੇ ਵਿਚਰਨਾ ਅਤੇ ਡਿਜੀਟਲ ਬਦਲਾਅ ਵਿੱਚ ਸਰਗਰਮੀ ਨਾਲ ਭਾਗ ਲੈਣਾ ਬਹੁਤ ਜ਼ਰੂਰੀ ਹੈ ਤਾਂ ਕਿ ਆਰਥਿਕ ਵਿਕਾਸ ਨੂੰ ਗਤੀ ਪ੍ਰਦਾਨ ਕੀਤੀ ਜਾ ਸਕੇ ਅਤੇ ਜ਼ਿਆਦਾ ਸਮਾਵੇਸ਼ੀ ਵਿਸ਼ਵੀਕਰਨ ਪ੍ਰਦਾਨ ਕੀਤਾ ਜਾ ਸਕੇ (ਓ ਈ ਸੀ ਡੀ, 2017)।

ਵੱਖ-ਵੱਖ ਅਕਾਰ ਦੀਆਂ ਇਕਾਈਆਂ ਦਰਮਿਆਨ, ਆਪਣੇ ਵਿਕਾਸ ਲਈ ਤਕਨਾਲੋਜੀ ਵਿਕਾਸ ਹਾਸਲ ਕਰਨ ਵਾਸਤੇ ਐੱਮ ਐੱਸ ਐੱਮ ਈਜ਼, ਸਾਹਮਣੇ ਕਈ ਅਲੱਗ ਤਰ੍ਹਾਂ ਦੀਆਂ ਮਜਬੂਰੀਆਂ ਹਨ। ਐੱਮ ਐੱਸ ਐੱਮ ਈ ਉੱਦਮੀਆਂ ਕੋਲ ਤਕਨਾਲੋਜੀ ਦਾ ਇਕ ਰਣਨੀਤਕ ਹਥਿਆਰ ਦੇ ਤੌਰ ਤੇ ਪ੍ਰਬੰਧਨ ਕਰਨ ਦੀ ਮੁਕਾਬਲਤਨ ਨਾ-ਕਾਫੀ ਸਮਰੱਥਾ ਹੁੰਦੀ ਹੈ ਕਿਉਂਕਿ ਉਨ੍ਹਾਂ ਕੋਲ ਸੀਮਤ ਮਨੁੱਖੀ ਸਰੋਤ ਅਤੇ ਕਮਜ਼ੋਰ ਵਿੱਤ ਹੁੰਦਾ ਹੈ। ਇਹ ਸਾਰੇ ਐੱਮ ਐੱਸ ਐੱਮ ਈਜ਼ ਲਈ ਅੰਦਰੂਨੀ ਤੌਰ ਤੇ ਤਕਨਾਲੋਜੀ ਵਿਕਾਸ ਪ੍ਰਾਪਤ ਕਰਨ ਦੇ ਰਸਤੇ ਦੀਆਂ ਰੁਕਾਵਟਾਂ ਹਨ (ਬੁਰਾਟੀ ਅਤੇ ਪੇਨਕੋ, 2001)। ਇਸ ਕਰਕੇ ਐੱਮ ਐੱਸ ਐੱਮ ਈਜ਼ ਆਪਣੀ ਤਕਨਾਲੋਜੀ ਵਿਕਾਸ ਰਣਨੀਤੀ ਤਹਿਤ ਅਕਸਰ ਹੀ ਬਾਹਰੀ ਤਕਨਾਲੋਜੀ ਉਤੇ ਨਿਰਭਰ ਕਰਦੇ ਹਨ। ਇਹ ਉਦਯੋਗੀਕ੍ਰਿਤ ਅਤੇ ਉਦਯੋਗੀਕਰਨ ਦੇ ਰਾਹ ਉਤੇ ਚੱਲ ਰਹੇ ਦੇਸ਼ਾਂ ਲਈ ਵੀ ਠੀਕ ਹੈ।

ਵਿਸ਼ਵ ਅਰਥਚਾਰੇ ਵਿੱਚ, 1947 ਵਿੱਚ ਆਜ਼ਾਦੀ ਪ੍ਰਾਪਤੀ ਤੋਂ ਲੈ ਕੇ ਐੱਮ ਐੱਸ ਐੱਮ ਈਜ਼ ਨੂੰ ਪ੍ਰੋਤਸਾਹਿਤ ਕਰਨ ਲਈ ਚਿਰ-ਸਥਾਈ ਨੀਤੀ ਕਾਰਨ ਭਾਰਤ ਦਾ ਇਕ ਵਿਸ਼ੇਸ਼ ਰੁਤਬਾ ਬਣਿਆ ਹੋਇਆ ਹੈ। ਵਿਸ਼ਵੀ ਸੰਦਰਭ ਵਿੱਚ ਵੇਖੀਆਂ ਗਈਆਂ ਆਮ ਚੰਗਿਆਈਆਂ ਅਤੇ ਮਜਬੂਰੀਆਂ ਭਾਰਤ ਦੇ ਐੱਮ ਐੱਸ ਐੱਮ ਈਜ਼ ਉਤੇ ਵੀ ਲਾਗੂ ਹੁੰਦੀਆਂ ਹਨ। ਐੱਮ ਐੱਸ ਐੱਮ ਈਜ਼ ਭਾਰਤ ਦੇ ਅਰਥਚਾਰੇ ਵਿੱਚ ਚੋਖਾ ਯੋਗਦਾਨ ਪਾਉਂਦੇ ਹਨ : 2015-16 ਵਿੱਚ ਇਸ ਖੇਤਰ ਅੰਦਰ 51 ਮਿਲੀਅਨ ਤੋਂ ਵੱਧ ਉੱਦਮ ਸਨ, ਜਿਨ੍ਹਾਂ ਵਿੱਚ 117 ਮਿਲੀਅਨ ਵਿਅਕਤੀਆਂ ਨੂੰ ਰੋਜ਼ਗਾਰ ਪ੍ਰਾਪਤ ਸੀ। ਵਰਤਮਾਨ ਕੀਮਤਾਂ ਉਤੇ ਨਿਰਯਾਤ ਵਿੱਚ ਇਨ੍ਹਾਂ ਦੀ ਭਾਗੀਦਾਰੀ 8492 ਬਿਲੀਅਨ ਰੁਪਏ ਦੇ ਲਗਭਗ ਸੀ, ਇਨ੍ਹਾਂ ਵਲੋਂ 18100 ਬਿਲੀਅਨ ਰੁਪਏ ਦੇ ਲਗਭਗ ਉਤਪਾਦਨ ਕੀਤਾ ਗਿਆ (2012-13 ਦੀਆਂ ਸਥਿਰ ਕੀਮਤਾਂ ਉਤੇ) (ਰਿਜ਼ਰਵ ਬੈਂਕ ਆਫ ਇੰਡੀਆ 2017)। 2014-15 ਵਿੱਚ, ਕੁੱਲ ਘਰੇਲੂ ਉਤਪਾਦ ਵਿੱਚ ਐੱਮ ਐੱਸ ਐੱਮ ਈਜ਼ ਦਾ ਯੋਗਦਾਨ 30.74 ਪ੍ਰਤਿਸ਼ਤ ਸੀ, ਜਿਸ ਵਿੱਚੋਂ ਨਿਰਮਾਣ ਖੇਤਰ ਦੇ ਐੱਮ ਐੱਸ ਐੱਮ ਈਜ਼ ਦੀ ਹਿੱਸੇਦਾਰੀ ਕੁੱਲ ਘਰੇਲੂ ਉਤਪਾਦ ਦਾ 6.11 ਪ੍ਰਤਿਸ਼ਤ ਅਤੇ ਸੇਵਾ ਖੇਤਰ ਦੇ ਐੱਮ ਐੱਸ ਐੱਮ ਈਜ਼ ਦਾ ਯੋਗਦਾਨ ਕੁੱਲ ਘਰੇਲੂ ਉਤਪਾਦ ਦਾ 24.63 ਪ੍ਰਤਿਸ਼ਤ ਸੀ (ਐੱਮ ਐੱਸ ਐੱਮ ਈਜ਼ ਮੰਤਰਾਲਾ, 2017)। ਇਸ ਪ੍ਰਕਾਰ ਐੱਮ ਐੱਸ ਐੱਮ ਈ ਖੇਤਰ ਭਾਰਤੀ ਆਰਥਿਕਤਾ ਦੇ ਇਕ ਅਹਿਮ ਸਤੰਭ ਵਜੋਂ ਵਿਕਸਤ ਹੋ ਗਿਆ ਹੈ।

ਪਰ, ਇਨ੍ਹਾਂ ਦੀਆਂ ਵੱਖ-ਵੱਖ ਖ਼ੂਬੀਆਂ ਅਤੇ ਨਿਰੰਤਰ ਯੋਗਦਾਨ ਦੇ ਬਾਵਜੂਦ, ਐੱਮ ਐੱਸ ਐੱਮ ਈਜ਼ ਦੇ ਖ਼ਾਸ ਕਰਕੇ ਅਸੰਗਠਿਤ ਖੇਤਰ ਵਿੱਚ, ਤਕਨਾਲੋਜੀ ਵਿਕਾਸ ਅਤੇ ਖੋਜ ਦੇ ਮਾਮਲੇ ਵਿੱਚ



ਕਮਜ਼ੋਰੀ ਨਜ਼ਰ ਆ ਰਹੀ ਹੈ (ਨੈਸ਼ਨਲ ਕਮਿਸ਼ਨ ਫਾਰ ਐਂਟਰਪ੍ਰਾਈਜ਼ਿਜ਼ ਇਨ ਦਿ ਅਨ ਆਰਗੇ-ਨਾਈਜ਼ਡ ਸੈਕਟਰ, 2009)। ਇਹ ਜਨਤਕ ਦਖ਼ਲ ਦੇ ਮੌਕਿਆਂ ਦੀ ਸ਼ੁਰੂਆਤ ਕਰਦਾ ਹੈ ਜਿਸ ਦਾ ਟੀਚਾ ਐੱਮ ਐੱਸ ਐੱਮ ਈਜ਼ ਵਿੱਚ ਨਿਰੰਤਰ ਤਕਨਾਲੋਜੀ ਦਾ ਵਿਕਾਸ ਹੈ, ਖ਼ਾਸ ਕਰਕੇ ਤਕਨਾਲੋਜ ਤਬਾਦਲਾ ਪ੍ਰਕਿਰਿਆਵਾਂ ਰਾਹੀਂ। ਕੁੱਝ ਅਪਵਾਦਾਂ ਨੂੰ ਛੱਡ ਕੇ, ਭਾਰਤ ਅੰਦਰ ਐੱਮ ਐੱਸ ਐੱਮ ਈ ਖੇਤਰ ਦੀ ਪਛਾਣ ਨਿਮਨ ਤਕਨਾਲੋਜੀ ਪੱਧਰਾਂ ਵਾਲੀ ਹੈ, ਜੋ ਉੱਭਰਦੇ ਹੋਏ ਵਿਸ਼ਵ ਬਾਜ਼ਾਰ ਵਿੱਚ ਇਕ ਰੁਕਾਵਟ ਦਾ ਕੰਮ ਕਰਦਾ ਹੈ (ਬਾਲਾ ਸੁਬਰਾਮਨੀਆ, 2014)। ਅਸਲ ਵਿੱਚ, ਕਿਸੇ ਵੀ ਇਕਾਈ ਦੀ ਦੀਰਘਕਾਲੀ ਸਫਲਤਾ ਅਤੇ ਤਰੱਕੀ ਲਈ ਆਧੁਨਿਕ ਨਿਰਮਾਣ ਤਕਨਾਲੋਜੀ ਬਹੁਤ ਅਹਿਮ ਹੈ (ਸਕੈਨੈੱਲ, 2012)। ਪਰ ਉਨ੍ਹਾਂ ਦੇ ਕੰਮਾਂ ਦੀ ਮਾਤਰਾ ਨੂੰ ਵੇਖਦਿਆਂ ਭਾਰਤੀ ਐੱਮ ਐੱਸ ਐੱਮ ਈਜ਼ ਲਈ ਨਾ ਸਿਰਫ ਖੋਜ ਅਤੇ ਵਿਕਾਸ ਸਰਗਰਮੀਆਂ ਵਿੱਚ ਨਿਵੇਸ਼ ਕਰਨਾ ਮੁਸ਼ਕਿਲ ਹੈ, ਸਗੋਂ ਉੱਚੀਆਂ ਕੀਮਤਾਂ ਕਾਰਨ ਬਾਜ਼ਾਰ ਵਿੱਚ ਉਪਲਬਧ ਆਧੁਨਿਕ ਨਿਰਮਾਣ ਤਕਨਾਲੋਜੀ ਆਪਣੇ ਦਮ ਉਤੇ ਹਾਸਲ ਕਰਨਾ ਵੀ ਔਖਾ ਕੰਮ ਹੈ (ਭਾਰਤ ਸਰਕਾਰ, 2010)।

ਉਪਰੋਕਤ ਚਰਚਾ ਦੀ ਰੋਸ਼ਨੀ ਵਿੱਚ, ਇਹ ਪੜਤਾਲ ਕਰਨਾ ਢੁਕਵਾਂ ਹੋਵੇਗਾ ਕਿ ਐੱਮ ਐੱਸ ਐੱਮ ਈਜ਼ ਲਈ ਤਕਨਾਲੋਜੀ ਸੁਧਾਰ ਕਰਨ ਦੇ ਕਿਹੜੇ-ਕਿਹੜੇ ਬਦਲ/ਵਿਕਲਪ ਹਨ? ਤਕਨਾਲੋਜੀ ਤਬਾਦਲਾ ਐੱਮ ਐੱਸ ਐੱਮ ਈਜ਼ ਲਈ ਇਕ ਬੇਹਤਰ ਬਦਲ ਕਿਉਂ ਹੈ? ਉਹ ਕਿਹੜੇ ਉਦੇਸ਼, ਸਰੋਤ, ਚੈਨਲ ਅਤੇ ਪ੍ਰਾਪਤੀਆਂ ਹਨ ਜੋ ਐੱਮ ਐੱਸ ਐੱਮ ਈਜ਼ ਨੂੰ ਤਕਨਾਲੋਜੀ ਤਬਾਦਲੇ ਵੱਲ ਜਾਣ ਲਈ ਪ੍ਰੇਰਿਤ ਕਰਦੇ ਹਨ? ਆਪਣੇ ਤਕਨੀਕੀ ਪਛੜੇਵੇਂ ਨੂੰ ਦੂਰ ਕਰਨ ਲਈ ਭਾਰਤੀ ਐੱਮ ਐੱਸ ਐੱਮ ਈਜ਼ ਨੂੰ ਕਿਹੜੀ ਜਨਤਕ ਨੀਤੀਗਤ ਹਮਾਇਤ ਦਿੱਤੀ ਜਾ ਰਹੀ ਹੈ? ਇਨ੍ਹਾਂ ਮੁੱਦਿਆਂ ਉਤੇ ਇਸ ਲੇਖ ਵਿੱਚ ਚਾਨਣਾ ਪਾਇਆ ਗਿਆ ਹੈ।

## ਤਕਨਾਲੋਜੀ ਤਬਾਦਲਾ - ਅਰਥ ਅਤੇ ਮਹੱਤਵ

ਸੌਖੀ ਭਾਸ਼ਾ ਵਿੱਚ, ਤਕਨਾਲੋਜੀ ਵਿੱਚ ਪੇਟੈਂਟ ਯੋਗ ਖਾਕੇ, ਯੋਜਨਾਵਾਂ, ਤੰਤਰ ਫਾਰਮੂਲੇ (ਇਨੋਸ, 1989) ਸ਼ਾਮਲ ਹੁੰਦੇ ਹਨ। ਤਬਾਦਲਾ ਅਜਿਹੀ ਤਕਨਾਲੋਜੀ ਦੀ ਨਵੀਂ ਵਰਤੋਂ ਤੱਕ ਸੀਮਤ ਕੀਤਾ



ਜਾ ਸਕਦਾ ਹੈ, ਜਾਂ ਤਾਂ ਇਕ ਵਿਸ਼ੇਸ਼ ਇਕਾਈ ਅੰਦਰ ਜਾਂ ਇਕ ਮੇਜ਼ਬਾਨ ਦੇਸ਼ ਦੀ ਇਕਾਈ ਵਲੋਂ ਵਿਦੇਸ਼ੀ ਇਕਾਈ ਜਾਂ ਸੰਗਠਨ ਨਾਲ ਆਪਸੀ ਤਬਾਦਲੇ ਉਪਰੰਤ (ਸਮਿਥ, 1980)। ਸ਼ਾਇਦ ਤਕਨਾਲੋਜੀ ਦੀ ਵਿਆਖਿਆ ਗਿਆਨ ਦੇ ਤੌਰ ਤੇ ਬੇਹਤਰ ਕੀਤੀ ਜਾ ਸਕਦੀ ਹੈ ਜਿਸ ਨਾਲ ਆਰਥਿਕਤਾ ਨਿਪੁੰਨਤਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਲਈ, ਇਸ ਵਿੱਚ ਨਾ ਸਿਰਫ ਉਤਪਾਦਨ ਦੇ 'ਸਖਤ' ਅਤੇ ਸੰਭਵ ਤੌਰ ਤੇ ਪੇਟੈਂਟ ਯੋਗ ਪੱਖ ਸ਼ਾਮਲ ਹੁੰਦੇ ਹਨ, ਜਿਵੇਂ ਕਿ ਵਸਤਾਂ ਦੀਆਂ ਵਿਸ਼ੇਸ਼ਤਾਈਆਂ ਅਤੇ ਉਨ੍ਹਾਂ ਦੇ ਨਿਰਮਾਣ ਦੇ ਮਸ਼ੀਨੀ ਵੇਰਵੇ ਸਗੋਂ ਵਪਾਰਕ ਪ੍ਰਕਿਰਿਆਵਾਂ ਦੇ 'ਨਰਮ' ਪੱਖ ਵੀ ਸ਼ਾਮਲ ਹੁੰਦੇ ਹਨ ਜਿਵੇਂ ਕਿ ਸੰਗਠਨ, ਬਾਜ਼ਾਰੀਕਰਨ ਅਤੇ ਪ੍ਰਬੰਧਕੀ ਜਾਣਕਾਰੀ ਅਤੇ ਹੁਨਰਾਂ ਦੇ ਦੂਸਰੇ ਪ੍ਰਕਾਰ (ਸਟੀਵਰਟ, 1977)। ਤਕਨਾਲੋਜੀ ਦਾ ਤਬਾਦਲਾ ਅੰਦਰੂਨੀ ਤਕਨਾਲੋਜੀ ਵਿਕਾਸ ਦਾ ਇਕ ਬਦਲ ਹੈ। ਇਸ ਲਈ, ਅੰਦਰੂਨੀ ਤੌਰ ਤੇ ਤਕਨਾਲੋਜੀ ਅਤੇ ਖੋਜੀ ਸਮਰੱਥਾਵਾਂ ਵਿਕਸਤ ਕਰਨ ਦਾ ਫੈਸਲਾ ਜਾਂ ਉਨ੍ਹਾਂ ਨੂੰ ਬਾਹਰੀ ਤਰੀਕਿਆਂ ਨਾਲ ਹਾਸਲ ਕਰਨਾ ਕਿਸੇ ਵੀ ਤਕਨਾਲੋਜੀ ਰਣਨੀਤੀ ਦਾ ਇਕ ਕੇਂਦਰੀ ਭਾਗ ਹੈ (ਜਾਹਰਾ, 1994)। ਇਹ ਕਾਰਪੋਰੇਟ ਉੱਦਮਾਂ ਅਤੇ ਐੱਮ ਐੱਸ ਐੱਮ ਈਜ਼ ਉਤੇ ਵੀ ਲਾਗੂ ਹੁੰਦਾ ਹੈ (ਜਾਹਰਾ, 1996)। ਕੇ ਓ ਸੀ ਅਤੇ ਸਾਈਲਨ (2007) ਵਲੋਂ ਇਸ ਖੋਜ ਉਤੇ ਜ਼ੋਰ ਦਿੱਤਾ ਗਿਆ ਕਿ ਵਿਕਾਸਸ਼ੀਲ ਦੇਸ਼ਾਂ ਦੇ ਜ਼ਿਆਦਾਤਰ ਉੱਦਮ ਬਾਹਰੋਂ ਤਕਨਾਲੋਜੀ ਪ੍ਰਾਪਤ ਕਰਨ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਨ੍ਹਾਂ ਵਲੋਂ ਵਰਤੀਆਂ ਜਾਂਦੀਆਂ ਬਹੁਤੀਆਂ ਤਕਨਾਲੋਜੀਆਂ ਉਨ੍ਹਾਂ ਦੇ ਸੰਸਾਧਨਾਂ ਦੀ ਸਮਰੱਥਾ ਤੋਂ ਬਾਹਰ ਹੁੰਦੀਆਂ ਹਨ। ਸੀਮਤ ਸਰੋਤ, ਮੁਹਾਰਤ ਅਤੇ ਸਮਾਂ ਅਜਿਹੇ ਤੱਤ ਹਨ ਜੋ ਬਹੁਤ ਸਾਰੀਆਂ ਇਕਾਈਆਂ ਨੂੰ ਬਾਹਰੀ ਸਰੋਤ ਤੋਂ ਤਕਨਾਲੋਜੀ ਹਾਸਲ ਕਰਨ ਲਈ ਮਜਬੂਰ ਕਰਦੇ ਹਨ, ਬਜਾਇ ਕਿ ਇਸ ਨੂੰ ਘਰ ਵਿੱਚ ਹੀ ਵਿਕਸਤ ਕੀਤਾ ਜਾਵੇ (ਸਟਾਕ ਅਤੇ ਟੈਟੀਕੌਂਡਾ, 2004)। ਬਾਹਰੀ ਸਰੋਤਾਂ ਤੋਂ ਤਕਨਾਲੋਜੀ ਪ੍ਰਾਪਤ ਕਰਨ ਦੀ ਪ੍ਰਕਿਰਿਆ 'ਤਕਨਾਲੋਜੀ ਤਬਾਦਲਾ' ਰਾਹੀਂ ਹੀ ਹਾਸਲ ਕੀਤੀ ਜਾ ਸਕਦੀ ਹੈ। ਇਸ ਦੇ ਸਭ ਤੋਂ ਅਸਾਨ ਅਰਥਾਂ ਵਿੱਚ, "ਤਕਨਾਲੋਜੀ ਤਬਾਦਲਾ" ਨੂੰ ਹਰੇਕ ਅਜਿਹੀ ਪ੍ਰਕਿਰਿਆ ਵਜੋਂ ਵੇਖਿਆ ਜਾਂਦਾ ਹੈ ਜਿਸਦਾ ਨਿਸ਼ਾਨਾ ਕਿਸੇ ਦਾਨੀ, ਜਿਵੇਂ ਯੂਨੀਵਰਸਿਟੀ, ਇਕ ਖੋਜ ਕੇਂਦਰ ਜਾਂ ਕਿਸੇ ਇਕਾਈ ਦੇ ਖੋਜ ਤੇ ਵਿਕਾਸ ਵਿਭਾਗ ਵਲੋਂ ਕਿਸੇ ਪਾਤਰ-ਇਕਾਈ ਨੂੰ ਤਕਨੀਕੀ ਜਾਣਕਾਰੀ ਤਬਦੀਲ ਕਰਨਾ ਹੈ ਜੋ ਅਸਿੱਧੇ ਤੌਰ ਤੇ ਇਸ ਦੀ ਵਰਤੋਂ ਕਰ ਸਕਦੇ ਹਨ ਜਾਂ ਇਹ ਤਕਨਾਲੋਜੀ ਸਾਂਝੇ ਤੌਰ ਤੇ ਵਿਕਸਤ ਕਰ ਸਕਦੇ ਹਨ (ਕਿਮ, 1990)।

ਉਪਰੋਕਤ ਨੂੰ ਵੇਖਦਿਆਂ 'ਤਕਨਾਲੋਜੀ' ਦੀ ਵਿਆਖਿਆ ਵਿੱਚ ਜਾਣਕਾਰੀ ਜਾਂ ਵਿਚਾਰਾਂ ਅਤੇ ਭੌਤਿਕ ਉਤਪਾਦਾਂ ਅਤੇ ਕਿਸੇ ਪ੍ਰਕਾਰ ਦੇ ਚੈਨਲ ਰਾਹੀਂ ਤਕਨਾਲੋਜੀ ਦੇ 'ਤਬਾਦਲੇ' ਦੀ ਆਵਾਜਾਈ

ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਵਿਅਕਤੀ/ਸੰਸਥਾਨ/ਇਕਾਈ ਤੋਂ ਐੱਮ ਐੱਸ ਐੱਮ ਈਜ਼ ਤੱਕ। ਇਸ ਪ੍ਰਕਾਰ ਤਕਨਾਲੋਜੀ ਤਬਾਦਲਾ ਬੁਨਿਆਦੀ ਤੌਰ ਤੇ ਜਾਣਕਾਰੀ ਨੂੰ ਲਾਗੂ ਕਰਨਾ ਹੈ ਜੋ ਐੱਮ ਐੱਸ ਐੱਮ ਈ ਵਲੋਂ ਉਤਪਾਦ/ਸੇਵਾ ਪੈਦਾ ਕਰਨ ਲਈ ਉਤਪਾਦਨ ਪ੍ਰਕਿਰਿਆ ਵਿੱਚ ਇਕ ਨਵੇਂ ਭੌਤਿਕ ਹਾਰਡਵੇਅਰ ਦੀ ਵਰਤੋਂ ਮਸ਼ੀਨੀ ਸਾਜ਼-ਸਮਾਨ ਦੇ ਤੌਰ ਤੇ ਵਰਤਣਾ ਹੈ। ਇਹ ਗੁਣਾਤਮਕ ਅਤੇ ਗਿਣਾਤਮਕ ਤੌਰ ਤੇ ਪਹਿਲਾਂ ਪੈਦਾ ਕੀਤੇ ਜਾਂਦੇ ਉਤਪਾਦਾਂ/ਸੇਵਾਵਾਂ ਨਾਲੋਂ ਬੇਹਤਰ ਹੈ।



## ਤਕਨਾਲੋਜੀ ਸੁਧਾਰ ਅਤੇ ਤਕਨਾਲੋਜੀ ਤਬਾਦਲੇ ਦੀ ਭੂਮਿਕਾ : ਉਦੇਸ਼, ਸਰੋਤ, ਚੈਨਲ ਅਤੇ ਪ੍ਰਾਪਤੀਆਂ

ਜ਼ਿਆਦਾਤਰ ਨਿੱਜੀ ਇਕਾਈਆਂ ਦੀ ਦੀਰਘਕਾਲੀ ਮੁਕਾਬਲੇਬਾਜ਼ੀ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਹ ਆਪਣੇ ਤਕਨੀਕੀ ਅਸਾਸਿਆਂ ਨੂੰ ਕਿੰਨੇ ਬੇਹਤਰ ਤਰੀਕੇ ਨਾਲ ਪ੍ਰਬੰਧ ਕਰਨਾ ਅਤੇ ਵਧਾਉਣਾ ਸਿਖਦੇ ਹਨ (ਲੈਂਕਟਾਟ ਅਤੇ ਸਵੈਨ, 2000)। ਤਕਨਾਲੋਜੀ ਰਣਨੀਤੀ ਦਾ ਮਕਸਦ ਕਿਸੇ ਇਕਾਈ ਦਾ ਮੁਕਾਬਲੇਬਾਜ਼ੀ ਲਈ ਨਵੀਂ ਤਕਨਾਲੋਜੀ ਹਾਸਲ ਕਰਨ, ਵਿਕਸਤ ਕਰਨ ਅਤੇ ਇਸ ਨੂੰ ਅਮਲ ਵਿੱਚ ਲਿਆਉਣ ਲਈ ਮਾਰਗਦਰਸ਼ਨ ਕਰਨਾ ਹੈ। ਕਿਸੇ ਇਕਾਈ ਦੇ ਵਿਕਲਪ 'ਉੱਚ ਤਕਨਾਲੋਜੀ ਜੋਖਮ ਫੈਸਲੇ' ਤੋਂ ਲੈ ਕੇ ਲੋੜੀਂਦੀ ਤਕਨਾਲੋਜੀ ਆਪ ਵਿਕਸਤ ਕਰਨ, ਤੋਂ 'ਨਿਮਨ ਤਕਨਾਲੋਜੀ ਜੋਖਮ ਫੈਸਲੇ' ਤੋਂ ਪੂਰਨ ਤੌਰ ਤੇ ਕਾਰਜਸ਼ੀਲ ਤਕਨਾਲੋਜੀ ਕਿਸੇ ਦੂਜੀ ਇਕਾਈ ਤੋਂ ਹਾਸਲ ਕਰਨ ਦੇ ਹਨ। ਅੰਦਰੂਨੀ ਤੌਰ ਤੇ ਖੋਜ ਤੇ ਵਿਕਾਸ ਉਤੇ ਉੱਚ ਖਰਚੇ ਕਾਰਨ ਹੀ ਕਿਸੇ ਦੂਜੇ ਸਾਧਨ ਤੋਂ ਨਵੀਂ ਤਕਨਾਲੋਜੀ ਪ੍ਰਾਪਤ ਕਰਨ ਦਾ ਰੁਝਾਨ ਵਧ ਰਿਹਾ ਹੈ (ਨੂਰੀ, 1990)। ਆਮ ਤੌਰ ਤੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪੂਰਨ ਤੌਰ ਤੇ ਕਾਰਜਸ਼ੀਲ ਅਤੇ ਵਿਆਪਕ ਤੌਰ ਤੇ ਇਸਤੇਮਾਲ ਕੀਤੀ ਜਾਂਦੀ ਉਤਪਾਦ ਤਕਨਾਲੋਜੀ ਕਿਸੇ ਦੂਜੀ ਇਕਾਈ ਤੋਂ ਪ੍ਰਾਪਤ ਕਰਨ ਦਾ ਨਤੀਜਾ ਬੇਹਤਰ ਗੁਣਵੱਤਾ ਵਾਲੇ ਉਤਪਾਦ ਦੇ ਰੂਪ ਵਿੱਚ ਮਿਲਦਾ ਹੈ (ਲੈਂਕਟਾਟ ਅਤੇ ਸਵੈਨ, 2000)।

ਐੱਮ ਐੱਸ ਐੱਮ ਈਜ਼, ਖ਼ਾਸ ਕਰਕੇ ਉਦਯੋਗੀਕਰਨ ਕਰ ਰਹੇ ਦੇਸ਼ਾਂ ਵਿੱਚ, ਆਪਣਾ ਤਕਨੀਕੀ ਪਛੜੇਵਾਂ ਦੂਰ ਕਰਨ ਲਈ ਬਾਹਰੀ ਤਕਨਾਲੋਜੀ ਪ੍ਰਾਪਤ ਕਰਨ ਉਤੇ ਜ਼ੋਰ ਦਿੰਦੇ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਉਹ ਵਿਸ਼ਵੀ ਬਾਜ਼ਾਰ ਵਿੱਚ ਵਾਪਰ ਰਹੇ ਤਕਨਾਲੋਜੀ ਬਦਲਾਵਾਂ ਨੂੰ ਝੱਲਣ ਦੇ ਕਾਬਲ ਨਹੀਂ ਹੁੰਦੇ। ਇਹ ਨਾ-ਮਾਤਰ ਜਾਂ ਸਿਫਰ ਖੋਜ ਤੇ ਵਿਕਾਸ ਸਿਖਲਾਈ ਜਾਂ ਵਾਧੇ ਵਾਲੀ ਤਕਨਾਲੋਜੀ ਖੋਜ ਦਾ ਸਿੱਟਾ ਹੈ। ਅਜਿਹਾ ਫਿਰ ਇਸ ਲਈ ਵਾਪਰਦਾ ਹੈ ਕਿਉਂਕਿ ਤਕਨਾਲੋਜੀ ਸੰਬੰਧੀ ਜਾਣਕਾਰੀ, ਮੁਹਾਰਤ, ਹੁਨਰ ਅਤੇ ਵਿੱਤ ਸੰਬੰਧੀ, ਸਰੋਤੀ ਮਜਬੂਰੀਆਂ ਹੁੰਦੀਆਂ ਹਨ। ਇਸ ਲਈ ਐੱਮ ਐੱਸ ਐੱਮ ਈਜ਼ ਨੂੰ ਵੱਖ-ਵੱਖ ਰੂਪਾਂ ਵਿੱਚ ਤਕਨਾਲੋਜੀ ਸੁਧਾਰ ਅਤੇ ਆਧੁਨਿਕੀਕਰਨ ਲਈ ਨੀਤੀਗਤ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ (ਰੋਮੀਜਿਨ, 2001)।

ਅਜਿਹੇ ਵੱਖ-ਵੱਖ ਸਰੋਤ ਹਨ ਜਿਨ੍ਹਾਂ ਰਾਹੀਂ ਐੱਮ ਐੱਸ ਐੱਮ ਈਜ਼ ਬਾਹਰੀ ਤਕਨਾਲੋਜੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਵਿੱਚੋਂ ਕੁੱਝ ਹੇਠਾਂ ਦਿੱਤੇ ਜਾ ਰਹੇ ਹਨ (ਡੇਮ ਅਤੇ ਕੈਕੋਹ, 2008) :

- ਕਿਸੇ ਯੂਨੀਵਰਸਿਟੀ ਵਿੱਚ ਖੋਜ ਨੂੰ ਪ੍ਰਾਯੋਜਿਤ ਕਰਨਾ।
- ਕਰਮਚਾਰੀਆਂ ਦੀ ਸਿੱਖਿਆ ਵਿੱਚ ਮੱਦਦ ਕਰਨਾ ਜਿਸ ਦੇ ਸਿੱਟੇ ਵਜੋਂ ਉਮੀਦਵਾਰ ਤਕਨਾਲੋਜੀਆਂ ਦੀ ਸਮੀਖਿਆ ਕੀਤੀ ਜਾ ਸਕਦੀ ਹੈ।
- ਬਾਹਰੀ ਖੋਜ ਤੇ ਵਿਕਾਸ ਕੇਂਦਰ ਦਾ ਇਸਤੇਮਾਲ ਕਰਨਾ।
- ਬਾਜ਼ਾਰ ਵਿੱਚ ਮੌਜੂਦ ਤਕਨਾਲੋਜੀ ਤੱਕ ਪਹੁੰਚ ਕਰਨ ਲਈ ਮੱਦਦ ਵਾਸਤੇ ਸਲਾਹਕਾਰਾਂ ਨੂੰ ਨੌਕਰੀ ਉਤੇ ਰੱਖਣਾ।
- ਲਾਇਸੰਸ ਹਾਸਲ ਕਰਨਾ, ਜੋ ਤਕਨਾਲੋਜੀ ਹਾਸਲ ਕਰਨ ਦੇ ਸਭ ਤੋਂ ਜ਼ਿਆਦਾ ਵਰਤੇ ਜਾਣ ਵਾਲੇ ਢੰਗਾਂ ਵਿੱਚੋਂ ਇਕ ਹੈ।
- ਵਿਕਲਪਿਕ ਤਕਨਾਲੋਜੀ ਤੱਕ ਪਹੁੰਚ ਕਰਨ ਲਈ ਤਕਨੀਕੀ ਬੈਠਕਾਂ, ਤਕਨੀਕੀ ਰਸਾਲਿਆਂ ਅਤੇ ਵਪਾਰਕ ਮੇਲਿਆਂ ਦੀ ਵਰਤੋਂ ਕਰਨਾ।
- ਮੌਜੂਦਾ ਤਕਨਾਲੋਜੀ ਜਾਂ ਤਾਂ ਵਿਕਰੇਤਾ/ਪੂਰਤੀਕਾਰ ਰਾਹੀਂ ਜਾਂ ਕਿਸੇ ਵਪਾਰਕ ਚੈਨਲ ਦੇ ਮਾਧਿਅਮ ਤੋਂ ਖਰੀਦਣੀ।

ਤਕਨਾਲੋਜੀ ਤਬਾਦਲੇ ਦੇ ਵੱਖ-ਵੱਖ ਰੂਪਾਂ ਨੂੰ ਮੋਟੇ ਤੌਰ ਤੇ (1) ਲੰਬਕਾਰ ਤਕਨਾਲੋਜੀ ਤਬਾਦਲੇ ਅਤੇ (2) ਸਮਾਨਾਂਤਰ ਤਕਨਾਲੋਜੀ ਤਬਾਦਲੇ ਅਧੀਨ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਲੰਬਕਾਰ ਤਕਨਾਲੋਜੀ ਤਬਾਦਲਾ ਉਦੋਂ ਵਾਪਰਦਾ ਹੈ ਜਦੋਂ ਜਾਣਕਾਰੀ ਮੁਢਲੀ ਖੋਜ ਤੋਂ ਅਮਲਕਾਰੀ, ਖੋਜ ਤੱਕ ਅਮਲਕਾਰੀ ਖੋਜ ਤੋਂ ਵਿਕਾਸ ਅਤੇ ਵਿਕਾਸ ਤੋਂ ਉਤਪਾਦਨ ਤੱਕ ਭੇਜੀ ਜਾਂਦੀ ਹੈ। ਅਜਿਹੇ ਤਬਾਦਲੇ ਦੋਵਾਂ ਦਿਸ਼ਾਵਾਂ ਵਿੱਚ ਹੁੰਦੇ ਹਨ। ਇਸ ਆਯਾਮ ਨਾਲ ਚੱਲਦਿਆਂ ਜਾਣਕਾਰੀ ਦਾ ਪ੍ਰਕਾਰ ਬਦਲਦਾ ਜਾਂਦਾ ਹੈ। ਪਰ ਸਮਾਨਾਂਤਰ ਤਕਨਾਲੋਜੀ ਤਬਾਦਲਾ ਉਦੋਂ ਹੁੰਦਾ ਹੈ ਜਦੋਂ ਇਕ ਸਥਾਨ, ਸੰਗਠਨ ਜਾਂ ਸੰਦਰਭ ਵਿੱਚ ਵਰਤੀ ਜਾਂਦੀ ਤਕਨਾਲੋਜੀ ਤਬਦੀਲ ਕਰਕੇ ਕਿਸੇ ਦੂਜੇ ਸਥਾਨ, ਸੰਗਠਨ ਜਾਂ ਸੰਦਰਭ ਵਿੱਚ ਇਸਤੇਮਾਲ ਕੀਤੀ ਜਾਂਦੀ ਹੈ (ਇਨੋਸ 1989)। ਸਮਾਨਾਂਤਰ ਤਕਨਾਲੋਜੀ ਤਬਦਾਲਾ ਐੱਮ ਐੱਸ ਐੱਮ ਈਜ਼ ਵਿੱਚ ਆਮ ਵੇਖਿਆ ਜਾਂਦਾ ਹੈ। ਭਾਵੇਂ ਜ਼ਿਆਦਾਤਰ ਮਾਮਲਿਆਂ ਵਿੱਚ ਮਸ਼ੀਨਰੀ ਅਤੇ ਸਾਜ਼-ਸਮਾਨ ਦਾ ਤਬਾਦਲਾ

ਜ਼ਰੂਰੀ ਅਤੇ ਪਹਿਲਾ ਕਦਮ ਹੁੰਦਾ ਹੈ, ਇਸ ਤੋਂ ਵੀ ਵੱਧ ਮਹੱਤਵਪੂਰਨ ਪ੍ਰਾਪਤਕਰਤਾ ਇਕਾਈ ਦੇ ਕਰਮਚਾਰੀਆਂ ਨੂੰ ਜਾਣਕਾਰੀ ਅਤੇ ਹੁਨਰ ਤਬਦੀਲ ਕਰਨਾ ਹੈ, ਜੋ ਦੂਜਾ ਕਦਮ ਬਣਦਾ ਹੈ। ਦੂਜਾ ਕਦਮ ਜ਼ਿਆਦਾ ਅਹਿਮ ਹੈ ਕਿਉਂਕਿ ਜੇ ਤਕਨਾਲੋਜੀ ਪ੍ਰਾਪਤ ਕਰਨ ਵਾਲੀ ਇਕਾਈ ਨੇ ਤਬਦੀਲ ਕੀਤੀ ਤਕਨਾਲੋਜੀ ਦਾ ਪ੍ਰਭਾਵੀ ਇਸਤੇਮਾਲ ਕਰਨਾ ਹੈ ਤਾਂ ਨਵੀਂ ਤਕਨਾਲੋਜੀ ਨਾਲ ਸੰਬੰਧਿਤ ਜ਼ਰੂਰੀ ਜਾਣਕਾਰੀ ਅਤੇ ਹੁਨਰ ਹਾਸਲ ਕਰਨਾ ਜ਼ਰੂਰੀ ਅਤੇ ਮਹੱਤਵਪੂਰਨ ਹੈ। ਤਕਨਾਲੋਜੀ ਤਬਾਦਲੇ ਦੇ ਨਿੱਜੀ ਪੱਖ ਦੀ ਬਜਾਇ ਸਥਾਨ ਦੇ ਪੱਖ, ਤਕਨਾਲੋਜੀ ਮੁਖੀ ਹੁਨਰ ਅਤੇ ਜਾਣਕਾਰੀ ਸੰਚਾਲਕਾਂ ਦੇ ਹੇਠਲੇ ਪੱਧਰ ਤੋਂ ਵਿਸ਼ੇਸ਼ ਤਕਨੀਕੀ ਵਿਅਕਤੀਆਂ ਨੂੰ ਆਪਣੇ ਦਾਇਰੇ ਹੇਠ ਲਿਆਉਂਦਾ ਹੈ ਜਿਸ ਵਿੱਚ ਵਿਗਿਆਨਕ ਅਤੇ ਇੰਜੀਨੀਅਰ ਸ਼ਾਮਲ ਹਨ। ਪਰ, ਇਸ ਦੂਜੇ ਕਦਮ ਲਈ ਇਕ ਮਹੱਤਵਪੂਰਨ, ਪੂਰਵ-ਸ਼ਰਤ ਪ੍ਰਾਪਤਕਾਰੀ ਇਕਾਈ ਵਿੱਚ ਕਰਮਚਾਰੀਆਂ ਦੀ ਜਜ਼ਬੀਕਰਨ ਸਮਰੱਥਾ ਹੈ (ਬਿਸ਼ਹੌਫ, 2001)। ਇਸ ਵਾਸਤੇ ਬੇਹਤਰ ਜਜ਼ਬੀਕਰਨ ਸਮਰੱਥਾ ਵਾਲੇ ਐੱਮ ਐੱਸ ਐੱਮ ਈਜ਼ ਬਾਹਰੋਂ ਪ੍ਰਾਪਤ ਕੀਤੀ ਤਕਨਾਲੋਜੀ ਨੂੰ ਕੁਸ਼ਲਤਾ ਅਤੇ ਸਫਲਤਾ ਨਾਲ ਅਪਣਾਉਣ ਦੇ ਕਾਬਲ ਹੋਣਗੇ।

ਤਕਨਾਲੋਜੀ ਤਬਾਦਲੇ ਦੇ ਚੈਨਲ ਅਤੇ ਪ੍ਰਾਪਤੀਆਂ, ਇਕਾਈ ਦੁਆਰਾ ਚੁਣੇ ਗਏ ਤਕਨਾਲੋਜੀ ਦੇ ਸਰੋਤ ਉਤੇ ਨਿਰਭਰ ਕਰਨਗੇ। ਗ਼ੈਰ-ਵਪਾਰਕ ਖੇਤਰ ਤੋਂ ਨਿੱਜੀ ਖੇਤਰ ਵੱਲ ਤਕਨਾਲੋਜੀ ਤਬਾਦਲੇ ਨੂੰ ਤਕਨੀਕੀ ਸਟਾਰਟ ਅੱਪ, ਮੌਜੂਦਾ ਵਪਾਰ ਦੇ ਵਾਧੇ ਅਤੇ ਨਵੀਆਂ ਨੌਕਰੀਆਂ ਦੇ ਨਿਰਮਾਣ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਦੇ ਤੌਰ ਤੇ ਵੇਖਿਆ ਜਾ ਰਿਹਾ ਹੈ। ਪਾਰਕਰ ਅਤੇ ਜ਼ਿਲਬਰਮੈਨ, 1993; ਪ੍ਰੋਕਟਰ, 1993)। ਜ਼ਿਆਦਾਤਰ ਪ੍ਰਯੋਗਸ਼ਾਲਾ ਸਾਹਿਤ ਤਕਨਾਲੋਜੀ ਤਬਾਦਲਾ ਪ੍ਰਕਿਰਿਆ ਨੂੰ ਹੇਠ ਲਿਖੇ ਅਨੁਸਾਰ ਬਿਆਨ ਕਰਦਾ ਹੈ :

- ਯੂਨੀਵਰਸਿਟੀਆਂ ਤੋਂ ਨਿੱਜੀ ਉੱਦਮਾਂ ਨੂੰ ਤਬਾਦਲਾ (ਪਾਰਕਰ ਅਤੇ ਜ਼ਿਲਬਰਮੈਨ, 1993; ਪ੍ਰੋਕਟਰ, 1993)।
- ਸਰਕਾਰ ਵਲੋਂ ਪ੍ਰੋਤਸਾਹਿਤ ਪ੍ਰਯੋਗਸ਼ਾਲਾਵਾਂ/ ਸਹਾਇਕ ਏਜੰਸੀਆਂ ਤੋਂ ਨਿੱਜੀ ਉੱਦਮਾਂ ਵਲ ਤਬਾਦਲਾ (ਕੌਲ, 1992), ਅਤੇ
- ਨਿੱਜੀ ਉੱਦਮਾਂ ਦੇ ਅੰਦਰ ਅਤੇ ਦਰਮਿਆਨ ਤਬਾਦਲਾ (ਚੱਕਰਬਰਤੀ, 1993; ਪਾਲਨੀਸਵਾਮੀ ਅਤੇ ਬਿਸ਼ਪ, 1993)।

ਵਿਸ਼ਵ ਸੰਦਰਭ ਵਿੱਚ ਐੱਮ ਐੱਸ ਐੱਮ ਈਜ਼ ਲਈ ਤਕਨਾਲੋਜੀ ਤਬਾਦਲੇ ਦਾ ਇਕਰਾਰਨਾਮੇ ਵਾਲਾ ਤਰੀਕਾ ਪ੍ਰਸੰਗਿਕ ਅਤੇ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਤਰੀਕਾ ਹੈ (ਵੈਨਾਨਜ਼ੀ, 1996)। ਪਰ ਇਹ ਤਕਨਾਲੋਜੀ ਤਬਾਦਲਾ ਕਿੰਨਾ ਕੁ ਪ੍ਰਭਾਵੀ ਹੈ, ਇਹ ਵੱਖ-ਵੱਖ ਤੱਤਾਂ ਉਤੇ ਨਿਰਭਰ ਕਰੇਗਾ। ਉਨ੍ਹਾਂ ਵਿੱਚੋਂ ਸਭ ਤੋਂ ਵੱਧ ਅਹਿਮ ਭਾਈਵਾਲਾਂ ਦੀ ਸ਼ਮੂਲੀਅਤ ਹੈ। ਦੋ ਭਾਈਵਾਲਾਂ ਦੀ ਪ੍ਰੇਰਨਾਤਮਕ ਸ਼ਮੂਲੀਅਤ ਦੇ ਪੱਧਰ ਦਾ ਖੱਪਾ ਉਨ੍ਹਾਂ ਦੀ ਇਕਰਾਰਨਾਮੇ ਦੀ ਸ਼ਕਤੀ ਅਤੇ ਤਬਾਦਲੇ ਦੀ ਕਾਰਗੁਜ਼ਾਰੀ ਉਤੇ ਬਹੁਤ ਅਸਰ ਪਾਉਂਦਾ ਹੈ। ਤਬਾਦਲਾ ਕਰਨ ਵਾਲੀ ਇਕਾਈ ਦੀ ਪ੍ਰੇਰਨਾਤਮਕ ਸ਼ਮੂਲੀਅਤ ਨਾਲ ਜੁੜਿਆ ਇਕ ਹੋਰ ਪੱਖ, ਜਾਣਕਾਰੀ ਦੀ ਗੁਣਵੱਤਾ ਅਤੇ ਤਬਦੀਲ ਕੀਤੇ ਗਏ ਤਜ਼ਰਬਿਆਂ ਦੇ ਮਾਮਲੇ ਵਿੱਚ, ਮੁਕੰਮਲਤਾ ਦਾ ਪੱਧਰ ਹੈ।


ਤਕਨਾਲੋਜੀ ਤਬਾਦਲੇ ਦੇ ਚੈਨਲ ਐੱਮ ਐੱਸ ਐੱਮ ਈਜ਼ ਲਈ ਵਿਸ਼ੇਸ਼ ਮਹੱਤਵ ਰੱਖਦੇ ਹਨ ਜਿਨ੍ਹਾਂ ਕੋਲ ਅੰਦਰੂਨੀ ਸਰੋਤ ਅਤੇ ਤਜ਼ਰਬੇ ਦੀ ਘਾਟ ਹੁੰਦੀ ਹੈ ਜਿਸ ਨਾਲ ਉਹ ਨਵੀਆਂ ਤਕਨਾਲੋਜੀਆਂ ਦੀਆਂ ਸੰਭਾਵਨਾਵਾਂ ਤਲਾਸ਼ ਸਕਣ (ਬ੍ਰਿਚੈਨ, 2001) ਐੱਮ ਐੱਸ ਐੱਮ ਈਜ਼ ਕੋਲ ਆਮ ਤੌਰ ਤੇ ਤਕਨਾਲੋਜੀ ਤਬਾਦਲੇ, ਤਕਨਾਲੋਜੀ ਦੇ ਸਰੋਤ ਬਾਰੇ ਜਾਗਰੂਕਤਾ ਦੀ ਕਮੀ ਹੁੰਦੀ ਹੈ, ਉਹ ਸਹਾਇਕ ਸੇਵਾਵਾਂ ਪ੍ਰਤਿ ਸੰਕੋਚੀ ਹੁੰਦੇ ਹਨ, ਜਿਸ ਕਰਕੇ ਦੂਜਿਆਂ ਨਾਲ ਸਹਿਯੋਗ ਉਤੇ ਵੱਧ ਨਿਰਭਰ ਕਰਦੇ ਹਨ। ਐੱਮ ਐੱਸ ਐੱਮ ਈਜ਼ ਨੂੰ ਉਪਲਬਧ ਦੋ ਬੁਨਿਆਦੀ ਤੰਤਰਾਂ ਵਿੱਚ ਤਕਨਾਲੋਜੀ ਵਟਾਂਦਰਾ (ਇਕ ਐੱਮ ਐੱਸ ਐੱਮ ਈ ਤੋਂ ਦੂਜੇ ਨੂੰ ਤਕਨਾਲੋਜੀ ਦੇਣੀ) ਅਤੇ ਤਕਨਾਲੋਜੀ ਵਰਤੋਂ (ਕਿਸੇ ਬਾਹਰੀ ਸਰੋਤ ਤੋਂ ਇਕ ਐੱਮ ਐੱਸ ਐੱਮ ਈ ਨੂੰ ਤਕਨਾਲੋਜੀ ਦਾ ਤਬਾਦਲਾ) ਸ਼ਾਮਲ ਹਨ। ਤਕਨਾਲੋਜੀ ਤਬਾਦਲਾ ਨੈੱਟਵਰਕ ਵਿੱਚ ਸ਼ਾਮਲ ਐੱਮ ਐੱਸ ਐੱਮ ਈਜ਼ ਲਈ ਮੁੱਖ ਤੰਤਰਾਂ ਵਿੱਚ ਜਾਣਕਾਰੀ ਦਾ ਤਬਾਦਲਾ (ਨਿਊਜ਼ ਕੈਟਰ ਅਤੇ ਡੇਟਾ ਬੇਸ), ਤਕਨਾਲੋਜੀ ਤਬਾਦਲਾ (ਖੋਜ ਤੇ ਵਿਕਾਸ ਲੇਖਾ), ਹੁਨਰ ਤਬਾਦਲਾ (ਸਿਖਲਾਈ) ਅਤੇ ਮਾਹਰ ਦੀ ਸਹਾਇਤਾ (ਵਿੱਤੀ ਮਾਰਗਦਰਸ਼ਨ) ਸ਼ਾਮਲ ਹਨ।

ਐੱਮ ਐੱਸ ਐੱਮ ਈਜ਼ ਦੀ ਤਕਨਾਲੋਜੀ ਤਬਾਦਲਾ ਕਾਰਗੁਜ਼ਾਰੀ ਉਤੇ ਕਈ ਤਰ੍ਹਾਂ ਦੇ ਸੰਸਥਾਗਤ ਤੱਤਾਂ ਦਾ ਅਸਰ ਪਵੇਗਾ ਜਿਨ੍ਹਾਂ ਵਿੱਚ ਅੰਦਰੂਨੀ ਤਕਨੀਕੀ ਵਿਅਕਤੀ, ਜਾਣਕਾਰੀ ਦੇ ਬਾਹਰੀ ਸਰੋਤ ਤੱਕ ਪਹੁੰਚ (ਇਕਾਈਆਂ ਅਤੇ ਖੋਜ ਸੰਸਥਾਨ), ਰਾਜਨੀਤਕ, ਕਾਨੂੰਨੀ ਅਤੇ ਪ੍ਰਸ਼ਾਸਨਿਕ ਵਾਤਾਵਰਨ ਅਤੇ ਜਾਣਕਾਰੀ ਤਬਾਦਲੇ ਦਾ ਪ੍ਰਬੰਧਨ ਸ਼ਾਮਲ ਹਨ। ਪਰ, ਸੰਸਥਾਗਤ ਢਾਂਚੇ ਦੇ ਸਾਰੇ ਪੱਖ, ਜੋ ਤਕਨਾਲੋਜੀ ਤਬਾਦਲੇ ਦੇ ਖੇਤਰ ਵਿੱਚ ਵਪਾਰਕ ਇਕਾਈਆਂ ਦੇ ਅੰਗ-ਸੰਗ ਹੁੰਦੇ ਹਨ, ਉਨ੍ਹਾਂ ਦੀ ਕਾਰਗੁਜ਼ਾਰੀ ਲਈ ਬਰਾਬਰ ਦਾ ਮਹੱਤਵ ਨਹੀਂ ਰੱਖਦੇ। ਇਹ ਆਮ ਤੌਰ ਤੇ ਕਾਫੀ ਹੱਦ ਤੱਕ ਵੱਖ-ਵੱਖ ਦੇਸ਼ਾਂ ਅਤੇ ਉਦਯੋਗਾਂ ਲਈ ਵੱਡੇ ਪੱਧਰ ਉਤੇ ਵੱਖ-ਵੱਖ ਹੁੰਦੇ ਹਨ।

ਜਿਥੋਂ ਤੱਕ ਤਕਨਾਲੋਜੀ ਤਬਾਦਲੇ ਦੀਆਂ ਪ੍ਰਾਪਤੀਆਂ ਦਾ ਸੰਬੰਧ ਹੈ, (1) ਨਵੇਂ ਉਤਪਾਦਾਂ ਦੀ ਸੰਖਿਆ ਵਿੱਚ ਵਾਧਾ (2) ਉਤਪਾਦਾਂ ਨੂੰ ਬਣਾਉਣ ਦਾ ਘੱਟ ਸਮਾਂ (3) ਲਾਗਤ ਘੱਟ ਹੋਣ ਕਰਕੇ ਉਤਪਾਦਕਤਾ ਵਿੱਚ ਵਾਧਾ, ਅਤੇ (4) ਵਿਕਰੀ ਵਿੱਚ ਵਾਧਾ ਮੁੱਖ ਦੇਖੇ ਗਏ ਨਤੀਜੇ ਹਨ (ਡਾਇਮ ਅਤੇ ਕਾਕਾਓਗਲੂ, 2008)। ਅਨੁਭਵੀ ਅਧਿਐਨਾਂ ਨੇ ਬਾਹਰ ਤੋਂ ਤਕਨਾਲੋਜੀ ਪ੍ਰਾਪਤ ਕਰਨ ਅਤੇ ਇਕਾਈ ਦੀ ਕਾਰਗੁਜ਼ਾਰੀ ਵਿੱਚੋਂ ਇਕ ਮਹੱਤਵਪੂਰਨ ਹਾਂ-ਪੱਖੀ ਸੰਬੰਧ ਸਾਹਮਣੇ ਲਿਆਂਦਾ ਹੈ, ਜੋ ਅੰਦਰੂਨੀ ਖੋਜ ਤੇ ਵਿਕਾਸ ਯਤਨਾਂ ਦੀ ਗਿਣਤੀ ਉਤੇ ਨਿਰਭਰ ਹੈ (ਤਾਸੀ ਅਤੇ ਵਾਂਗ, 2008)। ਹਾਲ ਹੀ ਵਿੱਚ, ਬੰਗਲੌਰ ਸਥਿਤ ਇੰਜਨੀਅਰਿੰਗ ਉਦਯੋਗ ਦੇ ਐੱਮ ਐੱਸ ਐੱਮ ਈਜ਼ ਦੇ ਅੰਦਰ ਭਾਰਤੀ ਸੰਦਰਭ ਵਿੱਚ ਇਹ ਸਾਬਤ ਹੋ ਗਿਆ ਹੈ ਕਿ ਤਕਨਾਲੋਜੀ ਤਬਾਦਲੇ ਅਤੇ ਇਕਾਈ ਪੱਧਰ ਦੀ ਜ਼ਰੂਰੀ ਖੋਜ ਸਮਰੱਥਾ ਅਤੇ ਮੁਕਾਬਲੇਬਾਜ਼ੀ ਬਣਨ ਨਾਲ ਉਨ੍ਹਾਂ ਦੀ ਆਰਥਿਕ ਕਾਰਗੁਜ਼ਾਰੀ ਵਧਾਉਣ ਵਿੱਚ ਮੱਦਦ ਮਿਲੀ ਹੈ। ਇਸ ਲਈ, ਸਫਲ ਤਕਨਾਲੋਜੀ ਤਬਾਦਲਾ ਕਰਨ ਅਤੇ ਉੱਚ ਆਰਥਿਕ ਕਾਰਗੁਜ਼ਾਰੀ ਲਈ, ਐੱਮ ਐੱਸ ਐੱਮ ਈਜ਼ ਕੋਲ ਕੁੱਝ ਅੰਦਰੂਨੀ, 'ਤਕਨੀਕੀ-ਆਰਥਿਕ' ਮਜਬੂਤੀ ਹੋਣੀ ਜ਼ਰੂਰੀ ਹੈ, ਜੋ ਇਕ ਪੂਰਵ ਸ਼ਰਤ ਹੈ (ਬਾਲਾ ਸੁਬਰਾਮਨੀਆ, 2015)।

ਉਪਰੋਕਤ ਚਰਚਾ ਦੀ ਰੋਸ਼ਨੀ ਵਿੱਚ, ਐੱਮ ਐੱਸ ਐੱਮ ਈਜ਼ ਨੂੰ ਤਕਨਾਲੋਜੀ ਸੁਧਾਰ ਲਈ ਦਿੱਤੀ ਨੀਤੀਗਤ ਸਹਾਇਤਾ ਨੂੰ ਮੱਦੇਨਜ਼ਰ ਰੱਖਦਿਆਂ

ਚਿੱਤਰ-1




ਇਕ ਸੰਕਲਪਿਤ ਢਾਂਚੇ ਦੀ ਪ੍ਰਸਤਾਵਨਾ ਕੀਤੀ ਗਈ ਹੈ ਜਿਸ ਵਿੱਚ ਉਦੇਸ਼ਾਂ, ਸਰੋਤਾਂ, ਚੈਨਲਾਂ ਅਤੇ ਸੰਭਵ ਪ੍ਰਾਪਤੀਆਂ ਨੂੰ ਆਪਸ ਵਿੱਚ ਜੋੜ ਦਿੱਤਾ ਜਾਵੇਗਾ (ਜਿਵੇਂ ਕਿ ਚਿੱਤਰ-1 ਵਿੱਚ ਦਿਖਾਇਆ ਗਿਆ ਹੈ)।

## ਤਕਨਾਲੋਜੀ ਤਬਾਦਲਾ ਅਤੇ ਐੱਮ ਐੱਸ ਐੱਮ ਈਜ਼ : ਇਕ ਸੰਕਲਪਿਤ ਢਾਂਚਾ

ਤਕਨਾਲੋਜੀ ਤਬਾਦਲਾ ਭਾਰਤ ਦੇ ਐੱਮ ਐੱਸ ਐੱਮ ਈਜ਼ ਲਈ ਸਭ ਤੋਂ ਵੱਧ ਮਹੱਤਵਪੂਰਨ ਹੈ, ਜੇ ਉਨ੍ਹਾਂ ਨੇ ਘਰੇਲੂ ਬਾਜ਼ਾਰ ਦੇ ਮੁਕਾਬਲੇ ਵਿੱਚ ਬਣੇ ਰਹਿਣਾ ਹੈ ਅਤੇ ਵਿਸ਼ਵੀ ਬਾਜ਼ਾਰ ਵਿੱਚ ਨਿਰੰਤਰ ਜਗ੍ਹਾ ਬਣਾਉਣੀ ਹੈ। ਇਹ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਤਕਨਾਲੋਜੀ ਪਛੜੇਪਨ ਨੂੰ ਭਾਰਤ ਦੇ ਐੱਮ ਐੱਸ ਐੱਮ ਈਜ਼ ਖੇਤਰ ਦੀ ਸਮੇਂ-ਸਮੇਂ ਸਭ ਤੋਂ ਵੱਡੀ ਸਮੱਸਿਆ ਗਰਦਾਨਿਆ ਗਿਆ ਹੈ। ਇਸੇ ਕਰਕੇ ਹੀ ਤਕਨਾਲੋਜੀ ਦੇ ਵਿਕਾਸ ਨੂੰ, ਭਾਰਤੀ ਐੱਮ ਐੱਸ ਐੱਮ ਈਜ਼ ਖੇਤਰ ਦੀ ਵਿਸ਼ਵ ਮੁਕਾਬਲੇਬਾਜ਼ੀ ਵਿੱਚ ਇਜ਼ਾਫਾ ਕਰਨ ਲਈ ਸਭ ਤੋਂ ਵੱਡਾ ਪੱਖ ਸਵੀਕਾਰ ਕੀਤਾ ਗਿਆ ਹੈ (ਐੱਮ ਐੱਸ ਐੱਮ ਈ ਮੰਤਰਾਲਾ, 2011; ਟੀ ਆਈ ਐੱਫ ਏ ਸੀ, 2017)।

## ਤਕਨਾਲੋਜੀ ਤਬਾਦਲੇ ਦੇ ਉਦੇਸ਼

ਤਕਨਾਲੋਜੀ ਦਾ ਤਬਾਦਲਾ ਐੱਮ ਐੱਸ ਐੱਮ ਈਜ਼ ਨੂੰ ਵੱਖ-ਵੱਖ ਫਾਇਦਿਆਂ ਦੀ ਪੇਸ਼ਕਸ਼ ਕਰਦਾ ਹੈ। ਆਮ ਤੌਰ ਤੇ ਭਾਰਤ ਦੇ ਐੱਮ ਐੱਸ ਐੱਮ ਈਜ਼ ਕੋਲ ਤਕਨੀਕੀ ਮੁਹਾਰਤ ਦੀ ਕਮੀ ਹੈ ਜੋ ਦੇਸ਼ ਅੰਦਰ ਖੋਜ ਤੇ ਵਿਕਾਸ ਰਾਹੀਂ ਤਕਨਾਲੋਜੀ ਵਿਕਸਤ ਕਰਨ ਲਈ ਲੋੜੀਂਦੀ ਹੈ। ਉਨ੍ਹਾਂ ਕੋਲ ਖਰਚਾ ਕਰਨ ਅਤੇ ਤਕਨਾਲੋਜੀ ਵਿਕਾਸ ਲਈ ਖੋਜ ਤੇ ਵਿਕਾਸ ਦੇ ਜੋਖ਼ਮ ਅਤੇ ਗ਼ੈਰ ਯਕੀਨੀਆਂ ਬਰਦਾਸ਼ਤ ਕਰਨ ਲਈ ਵਿੱਤੀ ਮਜਬੂਤੀ ਦੀ ਘਾਟ ਹੈ, ਅਤੇ ਦੇਸ਼ ਅੰਦਰ ਤਕਨਾਲੋਜੀ ਵਿਕਾਸ ਪ੍ਰਕਿਰਿਆ ਨੂੰ ਲੰਮਾ ਸਮਾਂ ਲੱਗ ਸਕਦਾ ਹੈ, ਜਿਸ ਵਿੱਚ ਕਈ ਵਾਰ ਹੱਦੋਂ ਬਾਹਰੀ ਦੇਰੀ ਵੀ ਹੋ ਜਾਂਦੀ ਹੈ। ਇਸ ਲਈ, ਸਮਾਂ ਅਤੇ ਪੈਸਾ ਬਚਾਉਣ ਅਤੇ ਦੇਸ਼ ਵਿੱਚ ਤਕਨੀਕੀ ਮੁਹਾਰਤ ਦੀਆਂ ਕਮੀਆਂ ਦੇ ਨੁਕਸਾਂ ਉਤੇ ਕਾਬੂ ਪਾਉਣ ਲਈ ਐੱਮ ਐੱਸ ਐੱਮ ਈਜ਼ ਤਕਨਾਲੋਜੀ ਦੇ ਤਬਾਦਲੇ ਨੂੰ ਤਰਜੀਹ ਦਿੰਦੀਆਂ ਹਨ ਤਾਂ ਜੋ ਤਕਨਾਲੋਜੀ ਵਿੱਚ ਸੁਧਾਰ ਕੀਤਾ ਜਾ ਸਕੇ। ਕਈ ਮਾਮਲਿਆਂ ਵਿੱਚ ਜੋ ਐੱਮ ਐੱਸ ਐੱਮ ਈਜ਼ ਸਕੇਲ ਆਰਥਿਕਤਾ ਜਾਂ ਸੰਭਾਵਨਾ ਦੀ ਆਰਥਿਕਤਾ ਦਾ ਲਾਹਾ ਲੈਣ ਜਾਂ ਵਿਸ਼ਵੀ ਬਾਜ਼ਾਰ ਵਿੱਚ ਦਾਖਲ ਹੋਣਾ ਪਸੰਦ ਕਰਦੇ ਹਨ, ਉਹ ਵੀ ਤਕਨਾਲੋਜੀ ਤਬਾਦਲੇ ਦੇ ਰਾਹ ਪੈ ਸਕਦੇ ਹਨ।

## ਤਕਨਾਲੋਜੀ ਤਬਾਦਲੇ ਦੇ ਸਰੋਤ ਅਤੇ ਚੈਨਲ

ਐੱਮ ਐੱਸ ਐੱਮ ਈਜ਼ ਕੋਲ ਤਕਨਾਲੋਜੀ ਦੇ ਤਬਾਦਲੇ ਰਾਹੀਂ ਤਕਨਾਲੋਜੀ ਵਿੱਚ ਸੁਧਾਰ ਕਰਨ ਦੇ ਬਹੁਤ ਸਾਰੇ ਸਰੋਤ ਹਨ, ਜਿਵੇਂ ਕਿ :

- ਤਕਨਾਲੋਜੀ ਜਾਣਕਾਰੀ ਅਤੇ ਤਕਨਾਲੋਜੀ ਸਹਾਇਤਾ ਇਕ ਤਕਨਾਲੋਜੀ ਬੈਂਕ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਦਾ ਰੱਖ-ਰਖਾਅ, ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਬਾਰੇ ਵਿਕਾਸ ਕਮਿਸ਼ਨ, ਐੱਮ ਐੱਸ ਐੱਮ ਈਜ਼ ਮੰਤਰਾਲਾ, ਭਾਰਤ ਸਰਕਾਰ ਵਲੋਂ ਕੀਤਾ ਜਾਂਦਾ ਹੈ (ਡੀ ਸੀ ਐੱਮ ਐੱਸ ਐੱਮ ਈਜ਼, 2017)।

- ਇਕ ਯੂਨੀਵਰਸਿਟੀ ਜਾਂ ਇੰਜਨੀਅਰਿੰਗ ਸੰਸਥਾਨ (ਜਿਵੇਂ ਕਿ ਆਈ ਆਈ ਟੀ, ਐੱਨ ਆਈ ਟੀ, ਆਈ ਆਈ ਐੱਸ ਸੀ ਜਾਂ ਦੂਜੇ ਇੰਜਨੀਅਰਿੰਗ ਕਾਲਜ) ਪ੍ਰਯੋਗਸ਼ਾਲਾ ਵਿੱਚ ਵਿਕਸਤ ਤਕਨਾਲੋਜੀ, ਇਕਰਾਰਨਾਮਾ ਖੋਜ ਜਾਂ ਉਨ੍ਹਾਂ ਦੀ ਮੁਢਲੀ ਖੋਜ ਤੋਂ ਉਪਜੀ, ਰਾਹੀਂ ਐੱਮ ਐੱਸ ਐੱਮ ਈਜ਼ ਨੂੰ ਪ੍ਰਦਾਨ ਕਰ ਸਕਦੇ ਹਨ। ਟੀ ਆਈ ਐੱਫ ਏ ਸੀ - ਐੱਮ ਐੱਸ ਐੱਮ ਈ ਪ੍ਰੋਗਰਾਮ

ਅਜਿਹੇ ਮੇਲਜੋਲ ਕਰਵਾਉਂਦੇ ਹਨ। (ਟੀ ਆਈ ਐੱਫ ਏ ਸੀ, 2017)।

• ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਇਕ ਖੋਜ ਤੇ ਵਿਕਾਸ ਸੰਸਥਾਨ ਜਿਵੇਂ ਕਿ ਤਕਨਾਲੋਜੀ ਖੋਜ ਕੇਂਦਰ (ਟੀ ਆਰ ਸੀ) ਜੋ ਐੱਮ ਐੱਸ ਐੱਮ ਈਜ਼ ਦੀ ਸਥਾਨਕ ਪੱਧਰ ਤੋਂ ਜਾਂ ਵਿਦੇਸ਼ਾਂ ਤੋਂ ਤਕਨਾਲੋਜੀ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦਾ ਹੈ।

• ਰਾਸ਼ਟਰੀ ਖੋਜ ਵਿਕਾਸ ਨਿਗਮ (ਐੱਨ ਆਰ ਡੀ ਸੀ)ਜੋ ਕੌਂਸਲ ਫਾਰ ਸਾਇੰਟਿਫਿਕ ਐਂਡ ਇੰਡਸਟ੍ਰੀਅਲ ਰਿਸਰਚ (ਸੀ ਐੱਸ ਆਈ ਆਰ) ਦੀਆਂ ਦੇਸ਼ ਭਰ ਵਿੱਚ ਸਥਿਤ ਪ੍ਰਯੋਗਸ਼ਾਲਾਵਾਂ ਵਿੱਚ ਵਿਕਸਤ ਤਕਨਾਲੋਜੀ ਦਾ ਵਪਾਰੀਕਰਨ ਕਰਦਾ ਹੈ, ਇਹ ਮੁੱਖ ਤੌਰ ਤੇ ਐੱਮ ਐੱਸ ਐੱਮ ਈਜ਼ ਦੀ ਤਕਨਾਲੋਜੀ ਤਬਾਦਲੇ ਵਿੱਚ ਮਦਦ ਕਰਦਾ ਹੈ।

• ਨੈਸ਼ਨਲ ਮੈਨੂਫੈਕਚਰਿੰਗ ਕੰਪੈਟਿਟਵਨੈਸ ਪ੍ਰੋਗਰਾਮ (ਐੱਨ ਐੱਮ ਸੀ ਪੀ) ਦਾ ਸਮੂਹ ਵਿਕਾਸ ਪ੍ਰੋਗਰਾਮ (ਡੀ ਸੀ ਐੱਮ ਐੱਸ ਐੱਮ ਈਜ਼, 2014)

• ਇਕ ਵੱਡਾ ਉੱਦਮ (ਇਹ ਘਰੇਲੂ ਨਿੱਜੀ ਉੱਦਮ, ਜਨਤਕ ਖੇਤਰ ਦਾ ਉੱਦਮ ਜਾਂ ਬਹੁ-ਰਾਸ਼ਟਰੀ ਕਾਰਪੋਰੇਸ਼ਨ ਹੋ ਸਕਦਾ ਹੈ) ਜਿਸ ਨਾਲ ਐੱਮ ਐੱਸ ਐੱਮ ਈਜ਼ ਦਾ ਉਪ-ਇਕਰਾਰਨਾਮੇ ਦਾ ਸੰਬੰਧ ਹੋਵੇ। ਐੱਮ ਐੱਸ ਐੱਮ ਈਜ਼ ਦੀ ਉੱਚ ਗੁਣਵੱਤਾ ਵਾਲੇ ਪੁਰਜ਼ੇ ਅਤੇ ਹਿੱਸਿਆਂ ਦੇ ਉਤਪਾਦਨ ਵਿੱਚ ਮਦਦ ਕਰਨ ਲਈ ਪਹਿਲਾਂ ਉਨ੍ਹਾਂ ਨੂੰ ਤਕਨੀਕੀ ਜਾਣਕਾਰੀ, ਸਹਾਇਤਾ ਅਤੇ ਮੁੱਖ ਤਕਨਾਲੋਜੀ ਪ੍ਰਦਾਨ ਕਰੇਗਾ।

• ਇਕ ਪੇਸ਼ੇਵਰ ਤਕਨੀਕੀ ਸਲਾਹਕਾਰ (ਭਾਰਤ ਸਰਕਾਰ ਦੇ ਵਿਗਿਆਨਕ ਤੇ ਉਦਯੋਗਿਕ ਖੋਜ ਵਿਭਾਗ ਕੋਲ ਪੰਜੀਕ੍ਰਿਤ) ਦੇਸ਼ ਜਾਂ ਵਿਦੇਸ਼ ਤੋਂ ਢੁੱਕਵੀਂ ਤਕਨਾਲੋਜੀ ਹਾਸਲ ਕਰਨ ਵਿੱਚ ਮਦਦ ਕਰ ਸਕਦਾ ਹੈ।

• ਦੇਸ਼ ਅੰਦਰ ਤਕਨਾਲੋਜੀ ਮੁਹਾਰਤ ਵਿਕਸਤ ਕਰਨ ਲਈ ਉੱਚ ਸਿੱਖਿਆ ਸੰਸਥਾਨਾਂ ਅਤੇ ਖੋਜ ਸੰਸਥਾਨਾਂ ਵਿੱਚ ਵਿਅਕਤੀਆਂ ਦੀ ਤਕਨੀਕੀ ਸਿੱਖਿਆ ਅਤੇ ਸਿਖਲਾਈ ਨੂੰ ਪ੍ਰਯੋਜਿਤ ਕਰਨਾ ਜਿਸ ਨਾਲ ਬਾਹਰੀ ਤਕਨਾਲੋਜੀ ਤੱਕ ਢੁੱਕਵੀਂ ਪਹੁੰਚ ਅਤੇ ਸਮੀਖਿਆ ਸੰਭਵ ਹੋ ਸਕੇ।

• ਤਕਨਾਲੋਜੀ ਨੁਮਾਇਸ਼ਾਂ, ਕਾਨਫਰੰਸਾਂ ਵਿੱਚ ਭਾਗ ਲੈਣਾ ਅਤੇ ਤਕਨੀਕੀ ਰਸਾਲੇ ਪੜ੍ਹਨੇ, ਉਪਲਬਧ ਬਾਹਰੀ ਤਕਨਾਲੋਜੀ ਦੇ ਸਰੋਤ ਅਤੇ ਚੈਨਲਾਂ ਬਾਰੇ ਜਾਣਨ ਲਈ ਇੰਟਰਨੈੱਟ ਤੱਕ ਪਹੁੰਚ।

• ਤਕਨਾਲੋਜੀ ਲਾਇਸੰਸ : ਇਹ ਇਕ ਇਕਰਾਰਨਾਮਾ ਪ੍ਰਬੰਧ ਹੈ ਜਿਸ ਵਿੱਚ ਲਾਇਸੰਸ ਪ੍ਰਦਾਨ ਕਰਨ ਵਾਲੇ ਦੇ ਪੇਟੈਂਟ, ਟ੍ਰੇਡ ਮਾਰਕ ਸੇਵਾ ਮਾਰਗ, ਕਾਪੀਰਾਈਟ, ਵਪਾਰਕ ਭੇਦ ਜਾਂ ਦੂਸਰੀ ਬੌਧਿਕ ਜਾਇਦਾਦ ਲਾਇਸੰਸ ਧਾਰਕ ਨੂੰ, ਮੁਆਵਜ਼ੇ ਤਹਿਤ ਵੇਚੀ ਜਾਂ ਉਪਲਬਧ ਕਰਵਾਈ ਜਾ ਸਕਦੀ ਹੈ, ਜਿਸ ਦਾ ਲੈਣ-ਦੇਣ ਦੋਵਾਂ ਧਿਰਾਂ ਵਲੋਂ ਅਗਾਊਂ ਕਰ ਲਿਆ ਜਾਂਦਾ ਹੈ। ਇਹ ਮੁਆਵਜ਼ਾ ਜਾਂ ਰਾਇਲਟੀ ਇਕਮੁਸ਼ਤ ਰਾਇਲਟੀ ਜਾਂ ਰਨਿੰਗ ਰਾਇਲਟੀ ਹੋ ਸਕਦੀ ਹੈ (ਉਹ ਰਾਇਲਟੀ ਜੋ ਉਤਪਾਦਨ ਦੀ ਮਾਤਰਾ ਉਤੇ ਅਧਾਰਤ ਹੈ) ਜਾਂ ਇਹ ਦੋਵਾਂ ਦਾ ਸੁਮੇਲ ਹੋ ਸਕਦਾ ਹੈ। ਉਪਰੋਕਤ (1) ਤੋਂ (8) ਤਕਨਾਲੋਜੀ ਲਾਇਸੰਸ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੇ ਹਨ।

• ਕਿਸੇ ਵਿਕਰੇਤਾ/ਪੂਰਤੀਕਾਰ ਜਾਂ ਕਿਸੇ ਵਪਾਰਕ ਚੈਨਲ ਤੋਂ ਮੌਜੂਦਾ ਤਕਨਾਲੋਜੀ ਦੀ ਸਿੱਧੀ ਖਰੀਦ/ਏ ਪੀ ਸੀ ਟੀ ਟੀ (ਨਵੀਂ ਦਿੱਲੀ ਸਥਿਤ ਸੰਯੁਕਤ ਰਾਸ਼ਟਰ ਦਾ ਸੰਗਠਨ) ਏਸ਼ੀਆ-ਪੈਸਫਿਕ ਖੇਤਰ ਵਿੱਚ ਸਮੇਂ-ਸਮੇਂ ਆਯੋਜਨ, ਸਹਾਇਕ ਤੰਤਰਾਂ ਅਤੇ ਸਮਰੱਥਾ ਵਿਕਾਸ ਪ੍ਰੋਗਰਾਮ ਰਾਹੀਂ ਐੱਮ ਐੱਸ ਐੱਮ ਈਜ਼ ਦੀ ਤਕਨਾਲੋਜੀ ਤਬਾਦਲੇ ਵਿੱਚ ਮਦਦ ਕਰਦਾ ਹੈ।

• ਇੰਡੀਆ ਐੱਸ ਐੱਮ ਈ ਤਕਨਾਲੋਜੀ ਸਰਵਿਸਿਜ਼ ਲਿ: ਇਕ ਮੰਚ ਪ੍ਰਦਾਨ ਕਰਦਾ ਹੈ ਜਿਥੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਐੱਮ ਐੱਸ ਐੱਮ ਈਜ਼) ਨਵੀਆਂ ਉੱਭਰ ਰਹੀਆਂ ਤਕਨਾਲੋਜੀਆਂ ਜਾਂ ਵਪਾਰਕ ਭਾਈਵਾਲੀ ਸਥਾਪਤ ਕਰਨ ਲਈ ਵਿਸ਼ਵ ਪੱਧਰ ਉਤੇ ਮੌਕਿਆਂ ਦਾ ਲਾਹਾ ਲੈ ਸਕਦੇ ਹਨ (ਆਈ ਐੱਸ ਟੀ ਐੱਸ ਐੱਲ, 2017)।

## ਤਕਨਾਲੋਜੀ ਤਬਾਦਲੇ ਦੀਆਂ ਪ੍ਰਾਪਤੀਆਂ

ਐੱਮ ਐੱਸ ਐੱਮ ਈਜ਼ ਆਮ ਤੌਰ ਤੇ ਤਕਨਾਲੋਜੀ ਦੇ ਤਬਾਦਲੇ ਰਾਹੀਂ ਕਈ ਨਤੀਜੇ ਪ੍ਰਾਪਤ ਕਰਨ ਦੇ ਸਮਰੱਥ ਹੁੰਦੇ ਹਨ। ਉਨ੍ਹਾਂ ਵਿੱਚੋਂ ਕੁੱਝ ਹਨ :

• ਉਤਪਾਦਕਤਾ ਵਿੱਚ ਵਾਧਾ

• ਲਾਗਤ ਵਿੱਚ ਕਮੀ

• ਉਤਪਾਦਨ ਦੇ ਪੱਧਰ ਦਾ ਪਸਾਰ (ਸਕੇਲ ਆਰਥਿਕਤਾ)

• ਉਤਪਾਦਾਂ ਦੀ ਵਿਭਿੰਨਤਾ (ਸਕੋਪ ਆਰਥਿਕਤਾ)

• ਨਵੇਂ ਉਤਪਾਦ ਦਾ ਵਿਕਾਸ

• ਨਵੇਂ ਡਿਜ਼ਾਈਨ ਦੇ ਉਤਪਾਦ

• ਉਤਪਾਦਾਂ ਦੀ ਬੇਹਤਰ ਗੁਣਵੱਤਾ

• ਵਿਸ਼ਵੀ ਬਾਜ਼ਾਰਾਂ ਵਿੱਚ ਦਾਖਲਾ

• ਵਿਕਰੀ ਅਤੇ ਬਾਜ਼ਾਰ ਹਿੱਸੇਦਾਰੀ ਵਿੱਚ ਵਾਧਾ।

ਸੰਖੇਪ ਵਿੱਚ, ਤਕਨਾਲੋਜੀ ਸੁਧਾਰ (ਤਕਨਾਲੋਜੀ ਤਬਾਦਲੇ ਦੇ ਵਿਭਿੰਨ ਸਰੋਤਾਂ ਅਤੇ ਚੈਨਲਾਂ ਰਾਹੀਂ) ਦੀ ਇੱਛਾ ਐੱਮ ਐੱਸ ਐੱਮ ਈਜ਼ ਵਲੋਂ ਕੀਤੀ ਜਾਂਦੀ ਹੈ ਤਾਂ ਕਿ ਅਨੇਕ ਉਦੇਸ਼ ਹਾਸਲ ਕੀਤੇ ਜਾ ਸਕਣ, ਜਿਵੇਂ ਕਿ ਤਕਨੀਕੀ ਪਛੜੇਪਨ ਉਤੇ ਕਾਬੂ ਪਾਉਣਾ, ਸਕੇਲ/ਸਕੋਪ ਦਾ ਪਸਾਰ ਅਤੇ ਵਿਸ਼ਵੀ ਬਾਜ਼ਾਰ ਵਿੱਚ ਦਾਖਲਾ/ਤਕਨਾਲੋਜੀ ਸੁਧਾਰ ਹਾਸਲ ਕਰਨ ਲਈ ਐੱਮ ਐੱਸ ਐੱਮ ਈਜ਼ ਵੱਖ-ਵੱਖ ਸਰੋਤਾਂ ਤੋਂ ਤਕਨਾਲੋਜੀ ਦਾ ਤਬਾਦਲਾ ਕਰਦੇ ਹਨ। ਜਦੋਂ ਇਕ ਯਕੀਨੀ ਸਰੋਤ ਦੀ ਪਛਾਣ ਹੋ ਜਾਂਦੀ ਹੈ ਤਾਂ ਤਕਨਾਲੋਜੀ ਤਬਾਦਲੇ ਦਾ ਚੈਨਲ ਤੈਅ ਕਰ ਲਿਆ ਜਾਂਦਾ ਹੈ। ਤਕਨਾਲੋਜੀ ਦਾ ਤਬਾਦਲਾ ਐੱਮ ਐੱਸ ਐੱਮ ਈਜ਼ ਨੂੰ ਕੁੱਝ ਜਾਂ ਸਾਰੇ ਉਦੇਸ਼ ਪ੍ਰਾਪਤ ਕਰਨ ਦੇ ਕਾਬਲ ਬਣਾ ਦੇਵੇਗਾ ਜਿਸ ਨਾਲ ਆਰਥਿਕ ਕਾਰਗੁਜ਼ਾਰੀ ਅਤੇ ਮੁਕਾਬਲੇਬਾਜ਼ੀ ਵਿੱਚ ਸਮੁੱਚਾ ਵਾਧਾ ਹੋਵੇਗਾ। ਮੌਜੂਦਾ ਯੁਗ ਵਿੱਚ ਵੱਧ ਤੋਂ ਵੱਧ ਐੱਮ ਐੱਸ ਐੱਮ ਈਜ਼ ਨੂੰ ਤਕਨਾਲੋਜੀ ਤਬਾਦਲੇ ਰਾਹੀਂ ਤਕਨਾਲੋਜੀ ਸੁਧਾਰ ਦੇ ਯੋਗ ਬਣਾਉਣਾ ਬਹੁਤ ਜ਼ਰੂਰੀ ਹੈ ਤਾਂ ਕਿ ਇਸ ਖੇਤਰ ਅਤੇ ਭਾਰਤ ਦੀ ਆਰਥਿਕਤਾ ਨੂੰ ਇਸ ਦਾ ਲਾਭ ਪ੍ਰਾਪਤ ਹੋ ਸਕੇ।

*(ਲੇਖਕ ਬੈਂਗਲੋਰ ਸਥਿਤ ਭਾਰਤੀ ਵਿਗਿਆਨ ਸੰਸਥਾਨ ਵਿੱਚ ਪ੍ਰਬੰਧਕੀ ਖੋਜ ਬਾਰੇ ਵਿਭਾਗ ਵਿੱਚ ਅਰਥਸ਼ਾਸਤਰ ਦੇ ਪ੍ਰੋਫੈਸਰ ਹਨ)*

*e-mail :bala@iisc.ac.in*

# ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਵੰਗਾਰਾਂ ਅਤੇ ਮੌਕੇ

ਪੀ ਐੱਮ ਮੈਥੀਊ

ਭਾਰਤੀ ਗਣਰਾਜ ਦੇ ਬਾਨੀਆਂ ਨੇ ਦੇਸ਼ ਦੇ ਛੋਟੇ ਅਦਾਰਿਆਂ ਲਈ ਰਾਸ਼ਟਰ ਉਸਾਰੀ ਦੀ ਇਕ ਵਿਸਤ੍ਰਿਤ ਭੂਮਿਕਾ ਦੀ ਕਲਪਨਾ ਕੀਤੀ ਸੀ। ਸਮਾਂ ਲੰਘਣ ਦੇ ਨਾਲ ਹੀ ਇਹ ਖੇਤਰ ਦੇਸ਼ ਦੇ ਨਿਰਮਾਣ ਖੇਤਰ ਲਈ ਇਕ ਉੱਚ ਵਿਭਿੰਨਤਾ ਵਾਲਾ ਅਧਾਰ ਬਣ ਕੇ ਉੱਭਰਿਆ। ਜਦ ਕਿ ਵਿਸ਼ਵ ਆਰਥਿਕਤਾ ਤੇਜ਼ੀ ਨਾਲ ਤਬਦੀਲ ਹੋਈ, ਪਰ ਇਸ ਵਿੱਚ ਰੁਕਾਵਟ ਪਾਉਣ ਵਾਲੀਆਂ ਤਕਨਾਲੋਜੀਆਂ ਦੀ ਪ੍ਰਮੁੱਖ ਭੂਮਿਕਾ ਹੋਣ ਕਾਰਨ ਭਾਰਤ ਵਿੱਚ ਐੱਮ ਐੱਸ ਐੱਮ ਈ ਦੀ ਭੂਮਿਕਾ ਵਧੇਰੇ ਵਿਸਤ੍ਰਿਤ ਅਤੇ ਯਥਾਰਥਕ ਸਮਝਬੂਝ ਵਾਲੀ ਬਣਾਏ ਜਾਣ ਦੀ ਲੋੜ ਹੈ। ਅਜਿਹਾ ਇਸ ਲਈ ਕਿਉਂਕਿ ਐੱਮ ਐੱਸ ਐੱਮ ਈ ਉੱਦਮਤਾ ਦੀ ਮੁਢਲੀ ਕਿਸਮ ਵਾਲੇ ਹੁੰਦੇ ਹਨ। ਉੱਦਮਤਾ ਆਮ ਤੌਰ ਤੇ ਮੁਢਲੇ ਪੱਧਰ ਉੱਤੇ ਪੁੰਗਰਦੀ ਹੈ ਅਤੇ ਲੋਕਾਂ ਦੀਆਂ ਰੋਜ਼ਗਾਰ ਦੀਆਂ ਆਸਾਂ ਉਮੀਦਾਂ ਉੱਤੇ ਪੂਰੀ ਉੱਤਰਦੀ ਹੈ। ਅਜਿਹੀਆਂ ਖਾਹਿਸ਼ਾਂ ਨੂੰ ਵਿਗਿਆਨਕ ਤੌਰ ਤੇ ਸਮਝਣਾ ਅਤੇ ਅਜਿਹੀਆਂ ਜ਼ਮੀਨੀ ਪੱਧਰ ਦੀਆਂ ਖਾਹਿਸ਼ਾਂ ਦੀ ਪੂਰਤੀ ਕਰਨਾ ਅਹਿਮ ਹੈ। ਇਸ ਲਈ ਐੱਮ ਐੱਸ ਐੱਮ ਈਜ਼ ਦੀਆਂ ਲੋੜਾਂ ਬਾਰੇ ਇਕ ਵਿਚਾਰ ਵਟਾਂਦਰਾ ਆਰਥਿਕ ਵਿਕਾਸ ਦੇ ਏਜੰਡੇ ਅਤੇ ਖ਼ਾਸ ਤੌਰ ਤੇ ਰੋਜ਼ਗਾਰ ਦੇ ਪ੍ਰਚਾਰ ਦਾ ਇਕ ਜ਼ਰੂਰੀ ਹਿੱਸਾ ਹੈ।

## ਅੱਜ ਦਾ ਵਿਸ਼ਵ ਨਿਵੇਸ਼ ਤੇ ਉੱਦਮ ਦ੍ਰਿਸ਼

ਕਿਸੇ ਵੀ ਦੇਸ਼ ਵਿੱਚ ਜਨਤਕ ਨੀਤੀ, ਪ੍ਰੋਗਰਾਮਾਂ ਵਾਂਗ ਹੀ ਵਿਸ਼ਵ ਦੀਆਂ ਘਟਨਾਵਾਂ ਉੱਤੇ ਅਧਾਰਿਤ ਹੁੰਦੀ ਹੈ। ਇਹ ਉੱਭਰ ਰਿਹਾ ਦ੍ਰਿਸ਼ ਭਾਰਤ ਵਿੱਚ ਨੀਤੀ ਘੜਨ ਵਾਲਿਆਂ ਲਈ ਕਾਫੀ ਨਾਜ਼ੁਕ ਹੁੰਦਾ ਹੈ। ਇਹ ਮੁੜ ਸ਼ੇਅਰਿੰਗ, ਅੰਤਰ ਖੇਤਰੀ ਵਪਾਰ ਆਦਿ ਮਿਲ ਕੇ ਉੱਭਰ ਰਿਹਾ ਵਪਾਰਕ ਮਾਡਲ ਤਿਆਰ ਕਰਦੇ ਹਨ। ਵਿਸਤ੍ਰਿਤ ਗਿਆਨ ਵਾਲੀਆਂ ਕੰਪਨੀਆਂ ਜਿਵੇਂ ਕਿ ਗੂਗਲ, ਐੱਪਲ, ਫੇਸਬੁੱਕ ਅਤੇ ਅਮੇਜ਼ਨ ਨੇ ਇਕ ਤਕਨਾਲੋਜੀ ਲਹਿਰ ਅਤੇ ਮੁਕਾਬਲੇਬਾਜ਼ੀ ਵਾਲੀ ਸਥਿਤੀ ਪੈਦਾ ਕੀਤੀ ਹੈ ਜੋ ਕਿ ਸਨਅਤੀ ਕ੍ਰਾਂਤੀ ਦਾ ਅਗਲਾ ਪੈਂਤੜਾ ਹੈ।

2017 ਵਿੱਚ ਜੋ ਤਜਰਬਾ ਸਾਨੂੰ ਹੋਇਆ ਹੈ ਉਹ ਅਜਿਹਾ ਹੈ ਜਿਥੇ ਹਰ ਵਪਾਰ ਵਿੱਚ ਹੱਬ ਉੱਤੇ ਆਪਰੇਸ਼ਨ ਅਧਾਰਤ ਰੁਝਾਨ ਹੈ, ਜਿਸ ਵਿੱਚ ਕਿ ਹਬਾਨੋਮਿਕਸ ਦੀ ਤਾਜ਼ਾ ਧਾਰਨਾ ਪੈਦਾ ਹੁੰਦੀ ਹੈ।

ਭਾਰਤ ਦਾ ਸਨਅਤੀਕਰਨ ਸੰਦਰਭ ਆਜ਼ਾਦੀ ਤੋਂ ਬਾਅਦ ਤੋਂ ਦੋ ਪੜਾਵੀ ਪਹੁੰਚ ਉੱਤੇ ਕੇਂਦਰਿਤ ਹੈ। (1) ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ (2) ਅਜਿਹੇ ਮੌਕਿਆਂ ਨੂੰ ਜਿਥੋਂ ਤੱਕ ਸੰਭਵ ਹੋਵੇ ਇਕ ਖੇਤਰੀ ਵਿਕਾਸ ਯੰਤਰ ਵਜੋਂ ਪਿੰਡਾਂ ਤੱਕ ਲਿਜਾਉਣਾ। ਇਸ ਕਿਸਮ ਦੀ ਪਹੁੰਚ ਨੇ ਵੱਡੀ ਗਿਣਤੀ ਵਿੱਚ ਨੀਮ ਸ਼ਹਿਰੀ ਕੇਂਦਰਾਂ ਦੇ ਵਿਕਾਸ ਵਿੱਚ ਹਿੱਸਾ ਪਾਇਅ ਹੈ। ਇਹ ਕੇਂਦਰ ਐੱਮ ਐੱਸ ਐੱਮ ਈਜ਼ ਨੂੰ ਦੇਸ਼ ਵਿੱਚ ਅਹਿਮ ਜਗ੍ਹਾ ਪ੍ਰਦਾਨ ਕਰਦੇ ਹਨ। ਸ਼ਹਿਰੀ ਥਾਂ ਉੱਤੇ ਗਰੀਬ ਅਤੇ ਅਮੀਰ ਦੋਵੇਂ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਆਮਦਨ ਮੌਕਿਆਂ ਦੇ ਮਾਮਲੇ ਵਿੱਚ ਵਿਸ਼ੇਸ਼ ਪਹੁੰਚਾਂ ਅਤੇ ਸੰਦਰਭ ਹਨ। ਸਵੈ-ਰੋਜ਼ਗਾਰੀ ਲੋਕ ਸਥਾਨਕ ਆਰਥਿਕਤਾ ਵਿੱਚ ਲਗਾਤਾਰ ਆਪਣਾ ਹਿੱਸਾ ਵਧਾਉਣ ਵਿੱਚ ਸਮਰੱਥ ਹੁੰਦੇ ਹਨ। ਜਨਤਕ ਨੀਤੀ ਅਜਿਹੀ ਹੋਣੀ ਚਾਹੀਦੀ ਹੈ ਜੋ ਕਿ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿੱਚ ਸੰਪਰਕ ਯਕੀਨੀ ਬਣਾਉਣ ਦੇ ਯੋਗ ਹੋ ਸਕੇ।



**'ਮੇਕ ਇਨ ਇੰਡੀਆ' ਇਕ ਬਹੁਤ ਹੀ ਉੱਚ ਪੱਧਰ ਉਤੇ ਨਜ਼ਰ ਆਉਣ ਵਾਲੀ ਰਾਸ਼ਟਰੀ ਮੁਹਿੰਮ ਅਤੇ ਪਹਿਲਕਦਮੀ ਹੈ ਜਿਸ ਨੂੰ ਕਿ ਦੋ ਪੱਧਰਾਂ ਉੱਤੇ ਕਾਰਵਾਈ ਵਿੱਚ ਤਬਦੀਲ ਕੀਤੇ ਜਾਣ ਦੀ ਲੋੜ ਹੈ। ਪਹਿਲਾ, ਇਸ ਵਿੱਚ ਵੱਡਾ ਵਿਦੇਸ਼ੀ ਅਤੇ ਘਰੇਲੂ ਨਿਵੇਸ਼ ਆਕਰਸ਼ਿਤ ਕਰਨ ਦੀ ਲੋੜ ਹੈ ਅਤੇ ਦੂਸਰਾ, ਇਨ੍ਹਾਂ ਵੱਡੇ ਅਦਾਰਿਆਂ ਨੂੰ ਐੱਮ ਐੱਸ ਐੱਮ ਈਜ਼ ਦੀ ਲੋੜ ਆਪਣੇ ਸੰਪਰਕਾਂ ਅਤੇ ਸੇਵਾ ਡਲਿਵਰੀ ਨੂੰ ਹੋਰਨਾਂ ਦੇ ਹੱਥਾਂ ਵਿੱਚ ਸੌਂਪਣ ਲਈ ਹੁੰਦੀ ਹੈ। ਇਹ ਅਹਿਮ ਹੈ ਕਿ ਐੱਮ ਐੱਸ ਐੱਮ ਈਜ਼ ਦੀ ਪੇਸ਼ਗੀ ਜਾਣਕਾਰੀ ਮੁਹੱਈਆ ਹੋਵੇ। ਇਸ ਤੋਂ ਇਲਾਵਾ ਸੰਪਰਕ ਕਾਇਮ ਕਰਨ ਲਈ ਉਨ੍ਹਾਂ ਦੀਆਂ ਸਮਰੱਥਾਵਾਂ ਦਾ ਗਿਆਨ ਵੀ ਜ਼ਰੂਰੀ ਹੈ।**


## ਚੁਨੌਤੀਆਂ ਅਤੇ ਮੌਕੇ

ਆਜ਼ਾਦੀ ਤੋਂ ਬਾਅਦ ਤੋਂ ਯੋਜਨਾਬੰਦੀ ਦੇ ਕਈ ਤਜਰਬੇ ਸ਼ੁਰੂ ਕੀਤੇ ਗਏ ਤਾਂ ਕਿ ਇਕ ਅਜਿਹੀ ਨੀਤੀ ਘੜੀ ਜਾਵੇ ਜਿਸ ਦਾ ਕਿ ਸੰਕੇਤ ਉੱਪਰ ਦਿੱਤਾ ਗਿਆ ਹੈ। ਪਰ ਯੋਜਨਾਬੰਦੀ ਅਧੀਨ ਇਹ ਜ਼ਰੂਰੀ ਸੀ ਕਿ ਕੇਂਦਰੀਕ੍ਰਿਤ ਸੰਸਥਾ ਢਾਂਚਾ ਅਤੇ ਨੀਤੀ ਯੰਤਰ ਉਨ੍ਹਾਂ ਇਲਾਕਿਆਂ ਵਿੱਚ ਵੀ ਹੋਣ ਜਿਥੇ ਕਿ ਸਥਾਨਕ ਆਰਥਿਕਤਾ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲੇ ਲਏ ਜਾਣੇ ਹਨ। ਇਹ ਦਲੀਲਪੂਰਨ ਹੀ ਹੈ ਜੋ ਕਿ ਵਿਭਾਗਾਂ ਦੀ ਸਹਿਹੋਂਦ ਨੂੰ ਤਿਆਰ ਕਰਦਾ ਹੈ, ਜੋ ਕਿ ਆਧੁਨਿਕ ਛੋਟੀਆਂ ਸੱਨਅਤਾਂ ਲਈ ਇਕ ਪਾਸੇ ਜ਼ਰੂਰੀ ਹੁੰਦਾ ਹੈ ਅਤੇ ਦੂਜੇ ਪਾਸੇ ਦਿਹਾਤੀ ਅਦਾਰਿਆਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। (ਉਦਾਹਰਣ ਵਜੋਂ ਐੱਮ ਐੱਸ ਐੱਮ ਈ ਅਤੇ ਕੱਪੜਾ ਮੰਤਰਾਲਾ ਅਧੀਨ ਆਉਂਦੇ ਵੱਖ-ਵੱਖ ਵਿਭਾਗਾਂ ਬਾਰੇ ਵਿਚਾਰੀਏ) ਇਨ੍ਹਾਂ ਦੋਹਾਂ ਦੀ ਸਾਂਝੀ ਸਹਿਹੋਂਦ ਯਕੀਨੀ ਬਣਾਉਣ ਲਈ ਕਈ ਯਤਨ ਹੋਏ ਪਰ ਇਹ ਯਤਨ ਲੋੜੀਂਦੇ ਨਤੀਜੇ ਨਹੀਂ ਦੇ ਸਕੇ। ਇਹ ਮੰਗ ਵੱਖ-ਵੱਖ ਜਨਤਕ ਪ੍ਰੋਗਰਾਮਾਂ ਦੀ ਸੰਬੰਧਿਤਾ ਉੱਤੇ ਨਜ਼ਰ ਮਾਰਨ ਦੀ ਲੋੜ ਉੱਤੇ ਜ਼ੋਰ ਦਿੰਦੀ ਹੈ ਜਿਸ ਨਾਲ ਕਿ ਸਥਾਨਕ ਲੋਕਾਂ ਅਤੇ ਉਨ੍ਹਾਂ ਦੀ ਰੋਜ਼ੀ ਰੋਟੀ ਅਤੇ ਉਸ ਉੱਤੇ ਪੈਣ ਵਾਲੇ ਪ੍ਰਭਾਵ ਸੰਬੰਧਤ ਹਨ।

ਇਸ ਵਿੱਚ ਕਈ ਲੰਬੀਆਂ ਚੌੜੀਆਂ ਸਮੱਸਿਆਵਾਂ ਹਨ। ਇਕ ਪਾਸੇ ਸਥਾਨਕ ਲੋਕਾਂ ਦੀਆਂ ਆਸਾਂ ਸਥਾਨਕ ਪੱਧਰ ਉਤੇ ਟਿਕੀਆਂ ਹਨ ਜੋ ਕਿ ਸਹਿਕਾਰਤਾ ਅਤੇ ਝਗੜੇ ਦਾ ਮਿਸ਼ਰਨ ਹਨ।ਜਦ ਕਿ ਕੁੱਝ ਆਸਾਂ ਉਮੀਦਾਂ, ਜਿਵੇਂ ਕਿ ਸਥਾਨਕ ਢਾਂਚਾ ਹੈ, ਉਹ ਝਗੜਿਆਂ ਨੂੰ ਘੱਟ ਕਰਦਾ ਹੈ, ਜਿਵੇਂ ਕਿ ਵਸਤਾਂ ਅਤੇ ਸੇਵਾਵਾਂ ਪੈਦਾ ਕਰਨ ਦੇ ਵਧੇਰੇ ਮਾਮਲਿਆਂ ਵਿੱਚ ਹਿੱਤਾਂ ਦਾ ਟਕਰਾਅ ਹੁੰਦਾ ਹੈ। ਇਸ ਲਈ ਸਥਾਨਕ ਸੰਦਰਭ ਵਿੱਚ 'ਵਿਕਾਸ' ਸ਼ਬਦ 'ਸਭ ਲਈ ਇਕੋ ਜਿਹਾ' ਨਹੀਂ ਹੋ ਸਕਦਾ। ਇਸ ਦੇ ਲਈ 'ਵਿਕਾਸ' ਦੀ ਪਰਿਭਾਸ਼ਾ ਦੇਣ ਅਤੇ ਉਸ ਉੱਤੇ ਅਮਲ ਕਰਨ ਲਈ ਇਕ ਨਵੀਂ ਪਹੁੰਚ ਦੀ ਲੋੜ ਹੈ। 'ਵਿਕਾਸ' ਦਾ ਉਦੇਸ਼ ਵੱਧ ਤੋਂ ਵੱਧ ਮਨੁੱਖਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ। ਇਥੋਂ ਤੱਕ ਕਿ 'ਭਲਾਈ' ਦੀ ਧਾਰਨਾ ਇਕ ਸਰਵਪੱਖੀ ਕਾਰਵਾਈ ਨਹੀਂ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਹੇਠ ਲਿਖੀ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਜਾਣ। (1) ਮਨੁੱਖ ਨੂੰ 'ਵਿਕਾਸ' ਦੇ ਕੇਂਦਰ ਵਿੱਚ ਰੱਖਿਆ ਜਾਵੇ ਅਤੇ (2) 'ਭਲਾਈ' ਦੀ ਪਰਿਭਾਸ਼ਾ ਕੁਝ ਹੇਠਲੇ ਪੱਧਰ ਦੇ ਸੰਦਰਭ ਵਿੱਚ ਦਿੱਤੀ ਜਾਵੇ।

## ਸਮਾਜਿਕ ਅਦਾਰੇ

ਮਨੁੱਖੀ ਭਲਾਈ ਦੇ ਤਿੰਨ ਤੱਤ ਹਨ (ੳ) ਆਰਥਿਕ, (ਅ) ਸਮਾਜਿਕ, (ੲ) ਵਾਤਾਵਰਨ ਸੰਬੰਧੀ। ਇਕ ਸਥਾਨਕ ਆਰਥਿਕ ਵਿਕਾਸ ਨੀਤੀ ਤਿੰਨ ਆਰਥਿਕ ਸਰਗਰਮੀਆਂ ਵਿੱਚ ਤਬਦੀਲ ਹੋਣੀ ਚਾਹੀਦੀ ਹੈ। ਇਹ ਅਹਿਮ ਹੈ ਕਿ ਅਜਿਹੀ ਕੋਈ ਵੀ ਆਰਥਿਕ ਨੀਤੀ ਜੋ ਕਿ ਲਾਗੂ ਕੀਤੀ ਜਾਵੇ, ਅਹਿਮ ਹੋਣੀ ਚਾਹੀਦੀ ਹੈ ਜੋ ਕਿ ਵੱਡੀ ਸਥਾਨਕ ਅਬਾਦੀ ਦੀ ਤਸੱਲੀ ਕਰਵਾਏ। ਇਹ ਯਕੀਨੀ ਬਣਾਉਣਾ ਵੀ ਅਹਿਮ ਹੈ ਕਿ ਇਹ ਚੀਜ਼ ਕੁਝ ਪ੍ਰਵਾਨਤ ਸਮਾਜਿਕ ਪੈਮਾਨਿਆਂ ਨਾਲ ਝਗੜੇ ਵਿੱਚ ਟਕਰਾਵੇ। ਇਸ ਤੋਂ ਇਲਾਵਾ ਵਾਤਾਵਰਨ ਉਤੇ ਵੀ ਧਿਆਨ ਕੇਂਦਰਿਤ ਇਸ ਢੰਗ ਨਾਲ ਹੋਣਾ ਚਾਹੀਦਾ ਹੈ ਕਿ ਸਥਾਨਕ ਆਰਥਿਕ ਵਿਕਾਸ ਨਿਰੰਤਰ ਜਾਰੀ ਰਹਿ ਸਕੇ ਅਤੇ





ਭਵਿੱਖ ਦੀ ਪੀੜ੍ਹੀ ਨੂੰ ਪ੍ਰਵਾਨ ਹੋਵੇ। ਪਰ ਵਿਕਾਸ ਨੀਤੀਆਂ ਘੜਨ ਵਾਲੇ ਅਤੇ ਸਰਕਾਰਾਂ ਆਮ ਤੌਰ ਤੇ ਮਨੁੱਖੀ ਈਕੋ ਪ੍ਰਨਾਲੀ ਨੂੰ ਇਕ ਤਰਫਾ ਤੌਰ ਤੇ ਵੰਡਣ ਦਾ ਸੌਖਾ ਰਾਹ ਅਪਨਾ ਲੈਂਦੀਆਂ ਹਨ ਜਿਵੇਂ ਕਿ ਦਿਹਾਤੀ-ਸ਼ਹਿਰੀ, ਮਹਿਲਾ-ਪੁਰਸ਼, ਨੌਜਵਾਨ-ਬਜ਼ੁਰਗ। ਜਦ ਕਿ ਰਾਸ਼ਟਰੀ ਹਿੱਤ ਅਤੇ ਟੀਚੇ ਜਿਵੇਂ ਕਿ ਉਪਰ ਵਰਣਿਤ ਹਨ,ਵਿਸ਼ਵਵਿਆਪੀ ਤੌਰ ਤੇ ਪੂੰਜੀ ਦੇ ਚੋਟੀ ਦੇ ਹਿੱਤ ਹਨ। ਇਸ ਲਈ ਖੇਤਰੀ ਪੱਧਰ ਉਤੇ ਵਿਕਾਸ ਏਜੰਡੇ ਨੂੰ ਤਿਆਰ ਕਰਨਾ ਕਾਫੀ ਮੁਸ਼ਕਿਲ ਚੋਣ ਹੈ। ਢੁੱਕਵੇਂ ਸਬੂਤਾਂ ਦੇ ਆਧਾਰ ਤੋਂ ਬਿਨਾਂ ਭਾਰਤ ਐੱਮ ਐੱਸ ਐੱਮ ਈ ਵਿਕਾਸ ਦੇ ਪ੍ਰੋਗਰਾਮਾਂ ਨੂੰ ਅੱਗੇ ਨਹੀਂ ਵਧਾ ਸਕਦਾ।

## ਇਕ ਸੰਗਠਿਤ ਵਿਕਾਸ ਪਹੁੰਚ ਦੀ ਲੋੜ

ਆਰਥਿਕਤਾ ਦੀਆਂ ਉੱਭਰ ਰਹੀਆਂ ਗੁੰਝਲਾਂ ਨੂੰ ਵੇਖਦੇ ਹੋਏ ਇਸ ਗੱਲ ਦੀ ਲੋੜ ਹੈ ਕਿ ਐੱਮ ਐੱਸ ਐੱਮ ਈਜ਼ ਬਾਰੇ ਇਕ ਸੰਗਠਿਤ ਪਹੁੰਚ ਅਪਣਾਉਣ ਦੀ ਲੋੜ ਹੈ। ਵੱਖ-ਵੱਖ ਮੌਕੇ ਅਤੇ ਨਾਜ਼ੁਕ ਰੁਕਾਵਟਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਨਵੀਂ ਖੋਜ ਅਤੇ ਸਬੂਤਾਂ ਨੂੰ ਮੌਜੂਦਾ ਨੀਤੀਆਂ ਦੇ ਜਾਇਜ਼ੇ ਵੱਲ ਵਧਣਾ ਚਾਹੀਦਾ ਹੈ ਜਿਸ ਵਿੱਚ ਹੇਠ ਲਿਖੇ ਉੱਤੇ ਜ਼ੋਰ ਹੋਣਾ ਚਾਹੀਦਾ ਹੈ।

## ਸਿਆਸੀ ਅਤੇ ਪ੍ਰਸ਼ਾਸਕੀ ਸ਼ਕਤੀਆਂ

ਸੰਵਿਧਾਨ ਦੀ 56ਵੀਂ ਸੋਧ ਅਧੀਨ ਦਿਹਾਤੀ ਅਤੇ ਛੋਟੀਆਂ ਸੱਨਅਤਾਂ ਸਰਕਾਰ ਦਾ ਵਿਸ਼ਾ ਹਨ। ਭਾਰਤ ਵਿੱਚ ਭਾਰੀ ਸੱਨਅਤਾਂ ਦਾ ਢਾਂਚਾ, ਬਹੁਤ ਸਾਰੇ ਛੋਟੇ ਅਤੇ ਸੂਖਮ ਅਦਾਰੇ ਜੋ ਕਿ ਆਮ ਤੌਰ ਤੇ ਛੋਟੇ ਕਸਬਿਆਂ ਅਤੇ ਪਿੰਡਾਂ ਵਿੱਚ ਸਥਿਤ ਹੁੰਦੇ ਹਨ, ਉਹ ਦੇਸ਼ ਦੇ ਉਤਪਾਦਨ ਵਿੱਚ ਹਿੱਸਾ ਪਾਉਂਦੇ ਹਨ। ਇਹ ਇਸ ਗੱਲ ਉਤੇ ਵੀ ਲਾਗੂ ਹੁੰਦਾ ਹੈ ਕਿ ਦਅਦਾਰਿਆਂ ਦਾ ਉੱਭਰਨਾ ਅਤੇ ਅਦਾਰਿਆਂ ਦੇ ਸੋਮਿਆਂ ਦਾ ਰੂਪ ਲੈਣਾ ਦੇਸ਼ ਵਿੱਚ ਇਕ ਸਥਾਨਕ ਕਿਰਿਆ ਹੈ, ਪਰ ਸਥਾਨਕ ਸਰਕਾਰਾਂ ਜਾਂ ਤਾਂ ਅਣਜਾਣ ਹਨ ਜਾਂ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਤੋਂ ਝਿਜਕਦੀਆਂ ਹਨ ਜਾਂ ਇਹ ਸ਼ਕਤੀਆਂ ਸਰਕਾਰ ਦੇ ਉੱਚ ਵਰਗਾਂ ਵਲੋਂ ਵਰਤੀਆਂ ਜਾਂਦੀਆਂ ਹਨ। ਕੁਝ ਸੂਬਿਆਂ, ਜਿਥੇ ਕਿ ਵਿਸ਼ੇਸ਼ ਪੰਚਾਇਤਾਂ ਆਪਣੀ ਸਫਲਤਾ ਦੀਆਂ ਕਹਾਣੀਆਂ ਦਾ ਪ੍ਰਦਰਸ਼ਨ ਕਰਦੀਆਂ ਹਨ ਇਨ੍ਹਾਂ ਸਫਲਤਾ ਦੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ। 'ਸਫਲਤਾ' ਆਮ ਤੌਰ ਤੇ ਸਿਆਸੀ ਤੌਰ ਤੇ ਹਰਮਨਪਿਆਰੇ ਨਾਜ਼ੁਕ ਰਾਸ਼ਟਰੀ ਅਤੇ ਸੂਬਾਈ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਜੋਂ ਦਰਸਾਈ ਜਾਂਦੀ ਹੈ, ਜਿਵੇਂ ਕਿ ਸਫਾਈ, ਪਾਣੀ ਸਪਲਾਈ, ਮੁੱਢਲੀਆਂ ਸਿਹਤ ਸੇਵਾਵਾਂ, ਪ੍ਰਾਇਮਰੀ ਸਿੱਖਿਆ, ਆਦਿ। ਪ੍ਰੋਗਰਾਮ ਤਿਆਰ ਕਰਨ ਵਿੱਚ ਲੋਕਾਂ ਦੀ ਸ਼ਮੂਲੀਅਤ ਆਮ ਤੌਰ ਤੇ ਨਾਂਹ ਦੇ ਬਰਾਬਰ ਹੁੰਦੀ ਹੈ।

## ਸਮਰੱਥਾਵਾਂ

ਇਹ ਸਮਝਣਾ ਅਹਿਮ ਹੈ ਕਿ ਕੀ ਸਰਕਾਰ ਦੇ ਹੇਠਲੇ ਵਰਗ ਦੇ ਪ੍ਰੋਗਰਾਮ ਅਤੇ ਉਸ ਦੀ ਪ੍ਰਸ਼ਾਸਕੀ ਮਸ਼ੀਨਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਦੇ ਕਾਬਲ ਹੈ। ਸਥਾਨਕ ਆਰਥਿਕ ਵਿਕਾਸ ਦੇ ਪ੍ਰੋਗਰਾਮਾਂ ਅਤੇ ਵਿਸ਼ੇਸ਼ ਤੌਰ ਤੇ ਉੱਦਮੀ ਵਿਕਾਸ ਪ੍ਰੋਗਰਾਮਾਂ ਵਿੱਚ ਇਨ੍ਹਾਂ ਸਮਰੱਥਾਵਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣਾ ਜ਼ਰੂਰੀ ਹੈ। ਆਮ ਤੌਰ ਤੇ ਜੋ ਤੱਤ ਸਲਾਹਕਾਰੀ ਸੇਵਾਵਾਂ ਵਿੱਚੋਂ ਗਾਇਬ ਹਨ ਉਹ ਹਨ ਯੋਜਨਾਬੰਦੀ ਅਤੇ ਇਸ ਨੂੰ ਲਾਗੂ ਕਰਨ ਦੀ ਉੱਦਮਤਾ ਕਾਰਵਾਈ (ਜੋ ਕਿ ਅੱਜ ਸਥਾਨਕ ਅਤੇ ਸੂਬਾਈ ਪੱਧਰ ਉਤੇ ਗਾਇਬ ਹਨ)। 'ਸਮਰੱਥਾ' ਸ਼ਬਦ ਅਨੁਸਾਰ ਅਜਿਹੀਆਂ ਸੇਵਾਵਾਂ ਨੂੰ ਪਹਿਲ ਮਿਲਣੀ ਚਾਹੀਦੀ ਹੈ ਬਜਾਏ ਇਸ ਦੇ ਕਿ ਪ੍ਰਸ਼ਾਸਕੀ ਪੜਾਵਾਂ ਨੂੰ ਜ਼ਿਲ੍ਹਾ ਪੱਧਰ ਤੋਂ ਪੰਚਾਇਤ ਪੱਧਰ ਤੱਕ ਪਹਿਲ ਮਿਲੇ। ਅਸਲ ਵਿੱਚ ਇਹ ਜ਼ਰੂਰੀ ਹੈ ਕਿ ਸਥਾਨਕ ਸਰਕਾਰਾਂ ਦੇ ਪੱਧਰ ਉੱਤੇ ਇਕ ਤਾਲਮੇਲ ਕਾਇਮ ਹੋਵੇ। ਪਰ ਆਪੇ ਕਹਾਏ ਜਾਣ ਵਾਲੇ 'ਪ੍ਰਸ਼ਾਸਨ' ਤੋਂ ਅੱਗੇ ਵੱਧ ਕੇ ਮੁੱਖ ਧਿਆਨ ਹੇਠ ਲਿਖੇ ਵਿਸ਼ੇਸ਼ ਕੰਮਕਾਜੀ ਖੇਤਰਾਂ ਉੱਤੇ ਵਧੇਰੇ ਜਾਣਾ ਚਾਹੀਦਾ ਹੈ। (ੳ) ਪ੍ਰਾਜੈਕਟਾਂ ਦੇ ਵਿਚਾਰਾਂ ਅਤੇ ਵਪਾਰਕ ਮੌਕਿਆਂ ਦੀ ਪਛਾਣ। (ਅ) ਆਮ



ਸੂਚਨਾ ਅਤੇ ਅਗਵਾਈ ਲੀਹਾਂ ਦਾ ਪ੍ਰਬੰਧ, (ੲ) ਭਵਿੱਖ ਦੀਆਂ ਸਹਾਇਕ ਸੇਵਾਵਾਂ ਅਤੇ (ਸ) ਦਸਤਾਵੇਜ਼ ਤਿਆਰ ਕਰਨੇ, ਨੈੱਟ ਵਰਕਿੰਗ ਵਗੈਰਾ। ਇਹ ਕਾਰਵਾਈਆਂ ਯੋਗ ਬੀ ਡੀ ਐੱਸ ਪ੍ਰਦਾਨ ਕਰਨ ਵਾਲਿਆਂ ਵਲੋਂ ਵਧੀਆ ਢੰਗ ਨਾਲ ਕੀਤੀ ਜਾ ਸਕਦੀ ਹੈ।

ਸਰਕਾਰ ਨੂੰ ਐੱਸ ਐੱਮ ਈਜ਼ ਦੀ ਨਵੀਂ ਆਰਥਿਕਤਾ ਦੇ ਉੱਭਰ ਰਹੇ ਲਾਭਾਂ ਦਾ ਪਤਾ ਲਗਾਉਣ ਲਈ ਵੱਧ ਚੜ੍ਹ ਕੇ ਭੂਮਿਕਾ ਨਿਭਾਉਣੀ ਪਵੇਗੀ। ਵਪਾਰ ਵਿਕਾਸ ਸਰਗਰਮੀਆਂ ਨੂੰ ਮਜ਼ਬੂਤ ਕਰਨ ਅਤੇ ਇਕ ਸਮਾਜਿਕ ਪੂੰਜੀ ਆਧਾਰ ਕਾਇਮ ਕੀਤੇ ਜਾਣ ਨਾਲ ਸਥਿਤੀ ਵਿੱਚ ਸੁਧਾਰ ਆ ਸਕਦਾ ਹੈ। ਖ਼ਤਰਿਆਂ ਦੇ ਮਾਮਲਿਆਂ ਵਿੱਚ ਐੱਸ ਐੱਮ ਈਜ਼ ਵਲੋਂ ਜਾਣਕਾਰੀ ਤੱਕ ਪਹੁੰਚ ਬਹੁਤ ਹੀ ਮੁਸ਼ਕਿਲ ਹੁੰਦੀ ਹੈ। ਤਕਨਾਲੋਜੀਆਂ ਲਗਾਤਾਰ ਅਸ਼ਾਂਤੀ ਪੈਦਾ ਕਰਨ ਵਾਲੀਆਂ ਹੁੰਦੀਆਂ ਜਾ ਰਹੀਆਂ ਹਨ ਕਿਉਂਕਿ ਜਦੋਂ ਤੱਕ ਨਵੀਂ ਤਕਨਾਲੋਜੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਜਲਦੀ ਹੀ ਇਹ ਪੁਰਾਣੀ ਪੈ ਜਾਂਦੀ ਹੈ।

## ਸੋਮੇ

ਸੂਬਾ ਸਰਕਾਰਾਂ ਅਤੇ ਸਥਾਨਕ ਸਰਕਾਰਾਂ ਦਰਮਿਆਨ ਸੋਮਿਆਂ ਦੀ ਵੰਡ ਦੇ ਮੌਜੂਦਾ ਫਾਰਮੂਲੇ ਅਧੀਨ ਤਾਲਮੇਲ ਦੇ ਲੋੜੀਂਦੇ ਸੋਮੇਂ ਕਈ ਆਧਾਰ ਪੱਧਰ ਦੀਆਂ ਅਗਾਂਹਵਧੂ ਸਰਗਰਮੀਆਂ ਉੱਦਮ ਦੇ ਵਿਕਾਸ ਨਾਲ ਸੰਬੰਧਿਤ ਹੁੰਦੇ ਹਨ ਅਤੇ ਸਥਾਨਕ ਸਰਕਾਰ ਕੋਲ ਮੁਹੱਈਆ ਹੁੰਦੇ ਹਨ। ਕੁਝ ਪ੍ਰਚਾਰ ਦੀਆਂ ਸਰਗਰਮੀਆਂ, ਜੋ ਕਿ ਜ਼ਿਲ੍ਹਾ ਸਨਅਤੀ ਕੇਂਦਰਾਂ ਵਲੋਂ ਇਸ ਵੇਲੇ ਅਦਾ ਕੀਤੀਆਂ ਜਾਂਦੀਆਂ ਹਨ ਉਹ ਸਥਾਨਕ ਸਰਕਾਰਾਂ ਦੇ ਹਵਾਲੇ ਕੀਤੀਆਂ ਜਾ ਸਕਦੀਆਂ ਹਨ ਅਤੇ ਸੰਬੰਧਿਤ ਫੰਡ ਵੀ ਉਨ੍ਹਾਂ ਦੇ ਹਵਾਲੇ ਹੋਣੇ ਚਾਹੀਦੇ ਹਨ। ਇਸ ਨਾਲ ਸਥਾਨਕ ਸਰਕਾਰਾਂ ਨੂੰ ਲੋੜੀਂਦੇ ਮਾਲੀ ਸੋਮਿਆਂ ਨਾਲ ਭਰਪੂਰ ਕੀਤਾ ਜਾ ਸਕੇਗਾ।

## ਤਾਲਮੇਲ ਦਾ ਵਿਕਾਸ

ਅਦਾਰੇ ਦਾ ਵਿਕਾਸ ਇਕ ਵਿਸ਼ਾ ਹੈ ਜਿਥੇ ਤਾਲਮੇਲ ਅਤੇ ਨੈੱਟਵਰਕਿੰਗ ਬਹੁਤ ਨਾਜ਼ੁਕ ਹੁੰਦੀਆਂ ਹਨ। ਅੱਜ ਇਹ ਤਾਲਮੇਲ ਇਹ ਯਕੀਨੀ ਬਣਾਉਣ ਲਈ ਹੁੰਦੇ ਹਨ ਕਿ ਕੇਂਦਰ ਅਤੇ ਸੂਬਿਆਂ ਦਰਮਿਆਨ ਇਕ ਪਾਸੇ ਅਤੇ ਸੂਬਿਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਰਮਿਆਨ ਦੂਜੇ ਪਾਸੇ ਤਾਲਮੇਲ ਬਣਿਆ ਰਹੇ। ਅਸਲ ਵਿੱਚ ਇਹ ਜ਼ਿਲ੍ਹਾ ਕੁਲੈਕਟਰ ਦਾ ਦਫ਼ਤਰ ਹੀ ਹੁੰਦਾ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਅਜਿਹਾ ਤਾਲਮੇਲ ਵੱਖ-ਵੱਖ ਕਮੇਟੀਆਂ ਰਾਹੀਂ ਵਿਭਾਗ ਦੇ ਪ੍ਰੋਗਰਾਮ ਅਨੁਸਾਰ ਚੱਲ ਸਕੇ। ਇਸ ਵਿੱਚ ਵਿਵਸਾਈਕਰਨ ਦੀ ਹੱਦ ਲਾਗੂ ਹੁੰਦੀ ਹੈ।



ਅਦਾਰਿਆਂ ਦੇ ਵਿਕਾਸ ਲਈ ਤਾਲਮੇਲ ਬਣਾਉਣਾ, ਜਿਸ ਵਿੱਚ ਹਲਕੇ ਦੇ ਸਿੱਧੇ ਅਤੇ ਤਿਰਛੇ ਵਿਕਾਸ ਦੀ ਲੋੜ ਹੁੰਦੀ ਹੈ, ਅਹਿਮ ਹੈ। ਸਿੱਧੇ ਤੌਰ ਤੇ ਵੱਖ-ਵੱਖ ਵਿਭਾਗਾਂ ਵਿੱਚ ਇਕ ਵਿਸ਼ੇਸ਼ ਵਿਸ਼ੇ ਵਜੋਂ ਉੱਦਮ ਦੀ ਸਮਝ ਦੀ ਲੋੜ ਹੁੰਦੀ ਹੈ। ਇਸ ਲਈ ਉੱਦਮ ਸੋਮਾ ਨੀਤੀ ਦੀ ਲੋੜ ਪੈਦਾ ਹੁੰਦੀ ਹੈ। ਹਲਕੇ ਦੀ ਮਜ਼ਬੂਤੀ ਅਤੇ ਸਪੱਸ਼ਟਤਾ ਤੋਂ ਇਹ ਗੱਲ ਪਤਾ ਲੱਗਦੀ ਹੈ ਕਿ ਸਰਕਾਰ ਦਾ ਹਰ ਪੜਾਅ, ਕੇਂਦਰ ਤੋਂ ਹੇਠਾਂ ਸਥਾਨਕ ਸਰਕਾਰ ਤੱਕ ਆਪਣੀ ਸੰਬੰਧਿਤ ਭੂਮਿਕਾ ਅਤੇ ਕਾਰਜਾਂ ਉੱਤੇ ਜ਼ਿੰਮੇਵਾਰੀ ਨਾਲ ਕੰਮ ਕਰਦੇ ਹਨ। ਅਜਿਹੇ ਸੰਦਰਭ ਦੀ ਅਣਹੋਂਦ ਵਿੱਚ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਦਾ ਹਰ ਪੜਾਅ ਕੁਝ ਪ੍ਰੋਗਰਾਮਾਂ ਅਤੇ ਸਕੀਮਾਂ ਦੀ ਪਛਾਣ ਕਰੇਗਾ ਅਤੇ ਉਨ੍ਹਾਂ ਨੂੰ ਸਰਕਾਰ ਦੇ ਹੇਠਲੇ ਹਿੱਸੇ ਉੱਤੇ ਠੋਸਣ ਦੀ ਕੋਸ਼ਿਸ਼ ਕਰੇਗਾ। ਇਸ ਨਾਲ ਸਕੀਮਾਂ ਅਤੇ ਲੋਕਾਂ ਦੀਆਂ ਲੋੜਾਂ ਅਤੇ ਖਾਹਿਸ਼ਾਂ ਵਿੱਚ ਪਾੜਾ ਵਧੇਗਾ।

## ਕੇਂਦਰ ਸਰਕਾਰ ਦੀਆਂ ਤਾਜ਼ਾ ਪਹਿਲ-ਕਦਮੀਆਂ

ਕੇਂਦਰ ਸਰਕਾਰ ਨੇ 2014 ਤੋਂ ਮੁਹਾਰਤ, ਉੱਦਮਤਾ ਵਿਕਾਸ ਅਤੇ ਨਿਰਮਾਣ ਨੂੰ ਉਤਸ਼ਾਹ ਦੇਣ ਦੇ ਵੱਖ-ਵੱਖ ਕਦਮਾਂ ਨਾਲ ਨਜਿੱਠਣ ਲਈ ਕਈ ਕਦਮ ਚੁੱਕੇ ਹਨ। ਇਹ ਸੰਗਠਿਤ ਪਹੁੰਚ ਦੋ ਮੁੱਖ ਤਰ੍ਹਾਂ ਨਾਲ ਨਜ਼ਰ ਆਉਂਦੀ ਹੈ। (1) ਨੀਤੀ ਢਾਂਚੇ ਦਾ ਵਿਕਾਸ, (2) ਵਿਸ਼ੇਸ਼ ਤੌਰ ਤੇ ਗਠਿਤ ਪ੍ਰੋਗਰਾਮਾਂ ਦੀ ਸ਼ੁਰੂਆਤ, ਜੋ ਕਿ ਇਨ੍ਹਾਂ ਸੰਬੰਧਿਤ ਪਹਿਲੂਆਂ ਨਾਲ ਨਜਿੱਠਦੇ ਹੋਣ। ਭਾਰਤ ਨੂੰ ਇਕ ਨਿਰਮਾਣ ਹੱਬ ਵਜੋਂ ਤਬਦੀਲ ਕਰਨ ਲਈ 'ਮੇਕ ਇਨ ਇੰਡੀਆ' ਨੂੰ ਇਕ ਪ੍ਰਮੁੱਖ ਪ੍ਰੋਗਰਾਮ ਵਜੋਂ ਪੇਸ਼ ਕੀਤਾ ਗਿਆ। ਇਸ ਵੱਡੇ ਪ੍ਰੋਗਰਾਮ ਦੇ ਇਕ ਹਿੱਸੇ ਵਜੋਂ ਕਈ ਹੋਰ ਪ੍ਰੋਗਰਾਮਾਂ ਦਾ ਐਲਾਨ ਕੀਤਾ ਗਿਆ। ਮੁਹਾਰਤ ਪਾੜੇ ਨੂੰ ਪੂਰਨ ਲਈ ਸਕਿੱਲ ਇੰਡੀਆ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਮੁਹਾਰਤ ਦਾ ਸਵਾਲ ਫਿਰ ਤਕਨੀਕੀ ਅਤੇ ਪ੍ਰਬੰਧਕੀ ਯੋਗਤਾਵਾਂ ਦੇ ਸੰਦਰਭ ਵਿੱਚ ਪੇਸ਼ ਕੀਤਾ ਗਿਆ। ਇਹ ਵਿਚਾਰ ਕੀਤਾ ਗਿਆ ਕਿ ਮੁਹਾਰਤ ਲਈ ਅਜਿਹੀ ਸੰਗਠਤ ਪਹੁੰਚ ਇਕ ਪਾਸੇ ਕਾਰਪੋਰੇਟ ਖੇਤਰ ਦੀਆਂ ਲੋੜਾਂ ਨੂੰ ਪੂਰਾ ਕਰੇਗੀ ਅਤੇ ਦੂਜੇ ਪਾਸੇ ਪੇਂਡੂ ਸ਼ਹਿਰੀ ਪ੍ਰਵਾਸ ਨੂੰ ਰੋਕੇਗੀ। ਇਸ ਤਰ੍ਹਾਂ ਮੁਹਾਰਤ ਦੀ ਪਛਾਣ ਉੱਦਮਤਾ ਵਿਕਾਸ ਦੇ ਇਕ ਪੂਰਕ ਵਜੋਂ ਕੀਤੀ ਗਈ।

**ਮੁਹਾਰਤ ਏਜੰਡੇ ਦੇ ਉੱਦਮਤਾ ਉਤਸ਼ਾਹ ਨਾਲ ਸਹੀ ਤਾਲਮੇਲ ਲਈ ਇਕ ਵੱਖਰਾ ਪ੍ਰੋਗਰਾਮ 'ਸਟਾਰਟ ਅੱਪ ਇੰਡੀਆ' ਸ਼ੁਰੂ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਇਸ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਭਾਰਤ ਦੇ 'ਨਵੀਂ ਆਰਥਿਕਤਾ' ਨਾਲ ਸੰਬੰਧਿਤ ਮੌਕਿਆਂ ਦਾ ਪੂਰਾ ਫਾਇਦਾ ਉਠਾਇਆ ਜਾ ਸਕੇ।**

ਇਹ ਕੁਦਰਤੀ ਹੈ ਕਿ ਵੱਡੇ ਪ੍ਰੋਗਰਾਮਾਂ ਵੱਲ ਵਧੇਰੇ ਧਿਆਨ ਹੋਣ ਦੇ ਨਾਲ-ਨਾਲ ਲਾਭ ਕੁਝ ਲਾਭਪਾਤਰੀਆਂ ਤੱਕ ਹੀ ਸੀਮਤ ਹੋ ਜਾਣਗੇ। ਸਮਾਜਿਕ ਸ਼ਮੂਲੀਅਤ ਦੀ ਸਮੱਸਿਆ ਨਾਲ ਨਜਿੱਠਣ ਲਈ ਅਤੇ ਨਿਵੇਸ਼ ਮੋਰਚੇ ਉੱਤੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਦੇ ਟਾਕਰੇ ਲਈ ਇਕ ਵਿਸ਼ੇਸ਼ ਪ੍ਰੋਗਰਾਮ 'ਸਟੈਂਡ ਅੱਪ ਇੰਡੀਆ' ਦਾ ਐਲਾਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਇਕ ਦੋਹਰੀ ਪਹੁੰਚ ਹੈ ਜੋ ਕਿ ਸ਼ਮੂਲੀਅਤ ਨੂੰ ਘਟਾਉਣ ਅਤੇ ਬੈਂਕਿੰਗ ਖੇਤਰ ਦੇ ਸੋਮਿਆਂ ਦੀ ਬਰਾਬਰ ਢੰਗ ਨਾਲ ਵੰਡ ਯਕੀਨੀ ਬਣਾਉਣ ਬਾਰੇ ਹੈ।

ਮੁਦਰਾ ਪ੍ਰੋਗਰਾਮ ਦਾ ਐਲਾਨ ਸੂਖਮ ਅਦਾਰਿਆਂ ਲਈ ਇਕ ਵਿਸ਼ੇਸ਼ ਖਿੜਕੀ ਵਜੋਂ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਵਿੱਤ ਦਾ ਆਧਾਰ ਵਿਸਤ੍ਰਿਤ ਕਰਨ ਲਈ ਵੱਡਾ ਦਖਲ ਦੇਣ ਦੇ ਬਰਾਬਰ ਮੰਨਿਆ ਜਾਂਦਾ ਹੈ। ਮੁਦਰਾ ਕਰਜ਼ਿਆਂ ਨੂੰ ਵਿਸਤ੍ਰਿਤ ਆਧਾਰ ਵਾਲੇ ਵਿੱਤੀ ਢਾਂਚੇ ਦੇ ਰੂਪ ਵਿੱਚ ਗਿਣਿਆ ਜਾਂਦਾ ਹੈ ਜੋ ਕਿ ਇਕ ਤ੍ਰਿਸ਼ੰਕੂ ਵਾਂਗ ਮਜ਼ਬੂਤ ਹੁੰਦੇ ਹਨ।

ਸਹਾਇਕ ਸੱਨਅਤਾਂ ਨੂੰ ਉਤਸ਼ਾਹਿਤ ਕਰਨਾ ਇਕ ਪ੍ਰਮੁੱਖ ਪ੍ਰਾਪਤੀ ਹੈ। ਇਹ ਰੱਖਿਆ ਸਾਜ਼ੋ-ਸਮਾਨ ਖੇਤਰ ਤੋਂ ਸਪੱਸ਼ਟ ਹੁੰਦਾ ਹੈ ਪਰ ਉੱਪ ਖੇਤਰੀ ਪੱਧਰ ਉੱਤੇ ਹੋਰ ਕਾਫੀ ਕੁਝ ਕੀਤਾ ਜਾਣਾ ਬਾਕੀ ਹੈ ਤਾਂ ਕਿ ਐੱਮ ਐੱਸ ਐੱਮ ਈ ਨੂੰ ਦੇਸ਼ ਵਿੱਚ ਨਿਰਮਾਣ ਦੇ ਇਕ ਸ਼ਕਤੀਸ਼ਾਲੀ ਸਾਧਨ ਵਜੋਂ ਲਿਆ ਜਾ ਸਕੇ।

## ਤਾਜ਼ਾ ਨੀਤੀ ਪਹਿਲਕਦਮੀਆਂ ਦੇ ਪ੍ਰਭਾਵ

ਉੱਪਰ ਹੋਏ ਵਿਚਾਰ ਵਟਾਂਦਰੇ ਦੇ ਸੰਦਰਭ ਵਿੱਚ ਕੇਂਦਰ ਸਰਕਾਰ ਦੀਆਂ ਤਾਜ਼ਾ ਨੀਤੀ ਪਹਿਲਕਦਮੀਆਂ ਦਾ ਗੰਭੀਰ ਜਾਇਜ਼ਾ ਲਿਆ ਜਾਣਾ ਜ਼ਰੂਰੀ ਹੈ। ਅਜਿਹਾ ਐੱਮ ਐੱਸ ਐੱਮ ਈਜ਼ ਦੇ ਪ੍ਰਭਾਵ ਦੇ ਸੰਦਰਭ ਵਿੱਚ ਹੋਣਾ ਚਾਹੀਦਾ ਹੈ। ਭਾਰਤ ਸਰਕਾਰ ਨੇ ਆਪਣੇ ਉਪਰੋਕਤ ਪ੍ਰੋਗਰਾਮਾਂ ਰਾਹੀਂ ਐੱਮ ਐੱਸ ਐੱਮ ਈ ਖੇਤਰ ਨੂੰ ਇਕ ਦਿਸ਼ਾ ਅਤੇ ਅੱਗੋਂ ਦਾ ਰਾਹ ਪ੍ਰਦਾਨ ਕੀਤਾ ਹੈ। ਦੇਸ਼ ਵਿੱਚ ਐੱਮ ਐੱਸ ਐੱਮ ਈ ਖੇਤਰ ਲਈ ਗ਼ੈਰ ਰਸਮੀ ਹੋਣਾ ਇਕ ਪ੍ਰਮੁੱਖ ਵਿਸ਼ੇਸ਼ਤਾ ਹੈ। ਇਸ ਸੰਦਰਭ ਵਿੱਚ ਇਕ ਗੰਭੀਰ ਨੀਤੀ ਸੰਬੰਧੀ ਸਵਾਲ ਭਵਿੱਖ ਦੀ ਕਾਰਵਾਈ ਬਾਰੇ ਉੱਠਦਾ ਹੈ। ਕੀ ਦੇਸ਼ ਦਾ ਐੱਮ ਐੱਸ ਐੱਮ ਈ ਖੇਤਰ ਪਹਿਲਾਂ ਵਾਂਗ ਹੀ ਮੁੱਖ ਤੌਰ ਤੇ ਗ਼ੈਰ ਰਸਮੀ ਰਹੇ ਜਾਂ ਫਿਰ ਅਸੀਂ ਇਸ ਨੂੰ ਰਸਮੀ ਬਣਾਉਣ ਲਈ ਧਿਆਨ ਨਾਲ ਨੀਤੀਆਂ ਘੜੀਏ। ਰਸਮੀਕਰਨ ਦੀ ਪਰਿਭਾਸ਼ਾ ਵਿੱਚ ਵੱਖ-ਵੱਖ ਕਦਮ ਆਉਂਦੇ ਹਨ ਜਿਨ੍ਹਾਂ ਵਿੱਚ ਵਧੀਆ ਤਕਨਾਲੋਜੀ ਲਾਗੂ ਕਰਨਾ, ਵਧੀਆ ਸੰਗਠਨ ਤਿਆਰ ਕਰਨਾ, ਵਧੀਆ ਪ੍ਰਬੰਧਕੀ ਢੰਗਾਂ ਨੂੰ ਅਪਣਾਉਣਾ ਅਤੇ ਪ੍ਰੋਗਰਾਮਾਂ ਨੂੰ ਵਧੇਰੇ ਆਧੁਨਿਕ ਬਣਾਉਣਾ ਸ਼ਾਮਲ ਹਨ। ਭਾਰਤ ਸਰਕਾਰ ਨੇ ਐੱਮ ਐੱਸ ਐੱਮ ਈ ਖੇਤਰ ਵਿੱਚ ਖੋਜ ਨੂੰ ਅਗਾਂਹ ਵਧਾਉਣ ਦਾ ਰਾਹ ਚੁਣਿਆ ਹੈ।

**ਖੋਜ ਦਾ ਨਵਾਂ ਰਾਹ ਚੁਣਨ ਤੋਂ ਬਾਅਦ ਇਹ ਜ਼ਰੂਰੀ ਹੈ ਕਿ ਅਜਿਹੀ ਤਬਦੀਲੀ ਦੇ ਥੁੜਵਕਤੀ ਅਤੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਵਿਚਾਰ ਕੀਤਾ ਜਾਵੇ। ਐੱਮ ਐੱਸ ਐੱਮ ਈ ਦਾ ਦੋਹਰਾ ਚਰਿੱਤਰ ਹੈ ਜਿਸ ਵਿੱਚ ਕਿ ਇਕ ਪਾਸੇ ਨਾਜ਼ੁਕਤਾ ਨਜ਼ਰ ਆਉਂਦੀ ਹੈ ਅਤੇ ਦੂਜੇ ਪਾਸੇ ਕਾਫੀ ਅੰਦਰੂਨੀ ਤਾਕਤ ਦਾ ਮੁਜ਼ਾਹਰਾ ਹੁੰਦਾ ਹੈ ਜੋ ਕਿ ਹਾਂ-ਪੱਖੀ ਤਬਦੀਲੀ ਦੀਆਂ ਤਕਲੀਫ਼ਾਂ ਨੂੰ ਘਟਾਉਂਦਾ ਹੈ। ਪਮੁੱਖ ਨੀਤੀ ਪਹਿਲਕਦਮੀਆਂ ਦੇ ਇਕ ਗਰੁੱਪ ਦੇ ਨਤੀਜੇ ਵਜੋਂ, ਜਿਸ ਵਿੱਚ ਕਿ ਜੀ ਐੱਸ ਟੀ ਅਤੇ ਨੋਟਬੰਦੀ ਆਦਿ ਸ਼ਾਮਲ ਹਨ, ਬਾਰੇ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਬਹਿਸ ਹੋ ਚੁੱਕੀ ਹੈ ਅਤੇ ਅਜਿਹੇ ਨੀਤੀ ਸੰਬੰਧੀ ਫੈਸਲੇ ਆਰਥਿਕਤਾ ਨੂੰ ਛੋਟੀ ਮਿਆਦ ਦੇ ਝਟਕੇ ਵੀ ਦਿੰਦੇ ਹਨ ਜਦ ਕਿ ਅਸੀਂ ਲੰਬੀ ਮਿਆਦ ਦੇ ਲਾਭ ਚਾਹੁੰਦੇ ਹਾਂ ਜਿਨ੍ਹਾਂ ਨਾਲ ਕਿ ਥੋੜੀ ਮਿਆਦ ਦੇ ਝਟਕਿਆਂ ਨਾਲ ਨਜਿੱਠਿਆ ਜਾ ਸਕੇ, ਇਸ ਲਈ ਜਨਤਕ ਨੀਤੀ ਗ਼ੈਰ ਸਰਗਰਮ ਨਹੀਂ ਰਹਿ ਸਕਦੀ। ਐੱਮ ਐੱਸ ਐੱਮ ਈ ਖੇਤਰ ਲਈ ਇਕ ਵਿਸ਼ੇਸ਼ ਪੈਕੇਜ ਦੀ ਲੋੜ ਹੈ ਤਾਂ ਕਿ ਰਸਮੀਕਰਨ ਦੇ ਚੱਲ ਰਹੇ ਯਤਨਾਂ ਵਿੱਚ ਸਹਾਇਤਾ ਦਿੱਤੀ ਜਾ ਸਕੇ।**

ਸਰਕਾਰ ਵਲੋਂ ਚੁੱਕੇ ਗਏ ਕਦਮਾਂ ਦੇ ਕੁੱਲ ਪ੍ਰਭਾਵ ਦਾ ਉਦੇਸ਼ ਉੱਦਮੀ ਢਾਂਚੇ ਦੇ ਰਸਮੀਕਰਨ ਵਿੱਚ ਤੇਜ਼ੀ ਲਿਆਉਣਾ ਹੈ ਅਤੇ ਇਸ ਲਈ ਅਗਲਾ ਕਦਮ ਇਕ ਪੰਜ ਪੜਾਵੀ ਨੀਤੀ ਅਪਣਾਏ ਜਾਣ ਦੀ ਲੋੜ ਹੈ। ਇਕ ਪੰਜ ਪੜਾਵੀ ਪਹੁੰਚ ਅਪਣਾਏ ਜਾਣ ਦੀ ਲੋੜ ਹੈ – (1) ਐੱਮ ਐੱਸ ਐੱਮ ਈ ਦੀ ਪ੍ਰਭਾਵ ਵਾਲੇ ਉੱਪ ਖੇਤਰਾਂ ਵਿੱਚ ਵਿਸਤ੍ਰਿਤ ਉੱਪ ਖੇਤਰੀ ਸਮਝਬੂਝ। (2) ਆਰਥਿਕਤਾ ਦੀ ਕਾਰਜ ਪ੍ਰਣਾਲੀ ਦੀ ਮੁੜ ਤੋਂ ਵਿਆਖਿਆ ਕਰਨਾ ਅਤੇ ਉਹ ਵਿਆਖਿਆ ਸਪੱਸ਼ਟ ਕੰਮਕਾਜੀ ਢੰਗ ਦੇ ਆਧਾਰ ਉਤੇ ਹੋਣੀ ਚਾਹੀਦੀ ਹੈ ਨਾ ਕਿ ਪੁਰਾਣੇ ਢੰਗ ਉੱਤੇ ਜਿਵੇਂ ਕਿ ਦਿਹਾਤੀ-ਸ਼ਹਿਰੀ, ਮਰਦ-ਔਰਤ। (3) ਵਿਵਸਥਾਵਾਂ ਦੀ ਭੂਮਿਕਾ ਦਾ ਵਿਸਤ੍ਰਿਤ ਅਧਿਐਨ ਦੇ ਆਧਾਰ ਉਤੇ ਤਾਰਕਿਕਰਨ। (4) ਵਿੱਤ ਦੀ ਭੂਮਿਕਾ ਨੂੰ ਮੁੜ ਪਰਿਭਾਸ਼ਿਤ ਕਰਨਾ ਅਤੇ ਵਿੱਤ ਅਤੇ ਰੀਅਲ ਸੈਕਟਰ ਦੇ ਸੰਬੰਧਾਂ ਨੂੰ ਨਵਿਆਉਣਾ। (5) ਉੱਦਮਤਾ ਦੀ ਇਕ ਨਾਜ਼ੁਕ ਸੋਮੇ ਵਜੋਂ ਯੋਜਨਾਬੰਦੀ।

## ਸਿੱਟਾ

ਐੱਸ ਐੱਮ ਈਜ਼ ਦੀ ਸਥਾਨਕ ਆਰਥਿਕ ਵਿਕਾਸ ਵਿੱਚ ਅਹਿਮੀਅਤ ਅਤੇ ਸਥਾਨਕ ਆਰਥਿਕ ਵਿਕਾਸ ਦੀ ਲੋੜ ਵਜੋਂ ਇਸ ਦੀ ਅਹਿਮੀਅਤ ਉੱਤੇ ਅੱਜਕੱਲ੍ਹ ਕੋਈ ਵਿਵਾਦ ਨਹੀਂ ਹੈ ਪਰ ਨੀਤੀ ਧਾਰਨਾ ਅਤੇ ਨਾਜ਼ੁਕ ਪਹੁੰਚ ਦੇ ਵੇਰਵਿਆਂ ਲਈ ਵਧੇਰੇ ਸਪੱਸ਼ਟਤਾ ਦੀ ਲੋੜ ਹੈ ਪਰ ਇਸ ਖੇਤਰ ਵਿੱਚ ਨਵੀਂ ਪਹੁੰਚ ਨੂੰ ਤਿਆਰ ਕਰਨ ਦੇ ਨਾਲ-ਨਾਲ ਇਹ ਕਿਸੇ ਤਰ੍ਹਾਂ ਵੀ ਅਧੂਰੀ ਪਹੁੰਚ ਨਹੀਂ ਹੋ ਸਕਦੀ। ਇਹ ਅਹਿਮ ਹੈ ਕਿ ਆਮ ਤੌਰ ਤੇ ਮੈਕਰੋ ਇਕਨਾਮਿਕ ਨੀਤੀ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ ਅਤੇ ਨਾਲ ਹੀ ਉਸ ਸੰਦਰਭ ਬਾਰੇ ਸਮਝਿਆ ਜਾਵੇ ਜਿਸ ਵਿੱਚ ਦੇਸ਼ ਦੀ ਖੇਤਰੀ ਵਿਭਿੰਨਤਾ ਉੱਦਮਤਾ ਦੇ ਵਿਕਾਸ ਲਈ ਜ਼ਰੂਰੀ ਹੈ।

*(ਲੇਖਕ ਕੋਚੀਨ ਸਥਿਤ ਛੋਟੀਆਂ ਸਨਅਤਾਂ ਅਤੇ ਵਿਕਾਸ ਬਾਰੇ ਸੰਸਥਾ ਦੇ ਡਾਇਰੈਕਟਰ ਹਨ)*

*e-mail :director@isedonline.org*

# ਪੂੰਜੀ ਜੁਟਾਉਣਾ : ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਵੰਗਾਰਾਂ

ਅਨਿਲ ਭਾਰਦਵਾਜ



ਸੂਖਮ, ਛੋਟੀਆਂ ਅਤੇ ਦਰਮਿਆਨੀਆਂ ਸਨਅਤਾਂ (ਐੱਮ ਐੱਸ ਐੱਮ ਈਜ਼) ਨੂੰ ਵਿਸ਼ਵ ਵਿੱਚ ਵਧੇਰੇ ਆਰਥਿਕਤਾਵਾਂ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਹਰ ਕੋਈ ਉਨ੍ਹਾਂ ਦੀ ਵੱਡੀ ਦੇਣ ਨੂੰ ਪ੍ਰਵਾਨ ਕਰਦਾ ਹੈ। ਇਹ ਦੇਣ ਸਮਾਜ ਵਿੱਚ ਸਮਾਜਿਕ-ਆਰਥਿਕ, ਸਿਆਸੀ ਅਤੇ ਤਕਨਾਲੋਜੀਕਲ ਦਿਸਹੱਦਿਆਂ ਨੂੰ ਪਾਰ ਕਰ ਕੇ ਦਿੱਤੀ ਹੁੰਦੀ ਹੈ। ਇਸ ਦੇ ਨਾਲ ਹੀ, ਇਕ ਸਹਿਮਤੀ ਜ਼ਰੂਰੀ ਹੈ ਕਿ ਐੱਮ ਐੱਸ ਐੱਮ ਈਜ਼ ਨੂੰ ਵਿੱਤ ਤੱਕ ਪਹੁੰਚ ਲਈ ਕਈ ਮੁਸ਼ਕਿਲਾਂ ਵਿੱਚੋਂ ਲੰਘਣਾ ਪੈਂਦਾ ਹੈ। ਭਾਵੇਂ ਕਿ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਦਰਜਾ ਵਿਕਸਤ ਦੇਸ਼ਾਂ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਵੱਖ-ਵੱਖ ਹੋ ਸਕਦਾ ਹੈ, ਪਰ ਸਾਰੇ ਐੱਮ ਐੱਸ ਐੱਮ ਈਜ਼ ਨੂੰ ਫੰਡਾਂ ਦੀ ਕਮੀ ਸਹਿਣੀ ਹੀ ਪੈਂਦੀ ਹੈ। ਆਈ ਐੱਫ ਸੀ/ਮੈਕਿਨਸੀ ਨੇ ਅਨੁਮਾਨ ਲਗਾਇਆ ਹੈ ਕਿ ਰਸਮੀ ਅਤੇ ਗ਼ੈਰ ਰਸਮੀ ਐੱਮ ਐੱਸ ਐੱਮ ਈਜ਼ ਦਾ ਵਿਸ਼ਵ ਭਰ ਵਿੱਚ ਕਰਜ਼ੇ ਦਾ ਪਾੜਾ 3.9 ਟ੍ਰਿਲੀਅਨ ਡਾਲਰ ਦਾ ਹੈ ਜਿਸ ਵਿੱਚੋਂ 2.1 ਤੋਂ 2.6 ਟ੍ਰਿਲੀਅਨ ਡਾਲਰ ਉੱਭਰ ਰਹੀਆਂ ਮਾਰਕੀਟਾਂ ਵਿੱਚ ਹੈ।

## ਭਾਰਤ ਵਿੱਚ ਐੱਮ ਐੱਸ ਐੱਮ ਈਜ਼ ਦੀ ਸਥਿਤੀ ਦਾ ਜਾਇਜ਼ਾ

ਭਾਰਤ ਵੱਲ ਮੁੜਦੇ ਹੋਏ, ਇਥੇ ਐੱਮ ਐੱਸ ਐੱਮ ਈਜ਼ ਦੀ ਪਰਿਭਾਸ਼ਾ ਪਲਾਂਟ ਵਿੱਚ ਲੱਗੀ ਪੂੰਜੀ ਅਤੇ ਪਲਾਂਟ (ਇਸ ਵਿੱਚ ਜ਼ਮੀਨ ਅਤੇ ਇਮਾਰਤ ਸ਼ਾਮਿਲ ਨਹੀਂ ਹੈ) ਉਤੇ ਅਧਾਰਿਤ ਹੁੰਦੀ ਹੈ ਜਦ ਕਿ ਦੂਜੇ ਵਧੇਰੇ ਦੇਸ਼ਾਂ ਵਿੱਚ ਇਹ ਵਿਕਰੀ ਅਤੇ ਰੋਜ਼ਗਾਰ ਉੱਤੇ ਅਧਾਰਿਤ ਹੁੰਦੀ ਹੈ।

ਚੌਥੀ ਐੱਮ ਐੱਸ ਐੱਮ ਈ ਦੀ ਜਨਗਣਨਾ (2006-07) ਅਤੇ ਛੇਵੇਂ ਆਰਥਿਕ ਸਰਵੇਖਣ (2013) ਅਤੇ ਸਾਲਾਨਾ ਰਿਪੋਰਟ (2016-17) ਦੇ ਅਧਾਰ ਉੱਤੇ ਐੱਮ ਐੱਸ ਐੱਮ ਈਜ਼ ਬਾਰੇ ਮੰਤਰਾਲੇ ਨੇ ਅਨੁਮਾਨ ਲਗਾਇਆ ਹੈ ਕਿ ਦੇਸ਼ ਵਿੱਚ ਐੱਮ ਐੱਸ ਐੱਮ ਈਜ਼ ਦੀ ਗਿਣਤੀ ਲਗਭਗ 5.3 ਕਰੋੜ ਹੈ ਜਿਨ੍ਹਾਂ ਵਿੱਚ 11.1 ਕਰੋੜ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ।

ਇਸ ਤੋਂ ਇਲਾਵਾ ਚੌਥੇ ਐੱਮ ਐੱਸ ਐੱਮ ਈ ਦੀ ਜਨਗਣਨਾ ਤੋਂ ਸਾਹਮਣੇ ਆਉਂਦਾ ਹੈ ਕਿ ਲਗਭਗ 90 ਪ੍ਰਤਿਸ਼ਤ ਐੱਮ ਐੱਸ ਐੱਮ ਈ ਫੰਡਿੰਗ ਦੇ ਗ਼ੈਰ ਰਸਮੀ ਸੋਮੇ ਉਤੇ ਨਿਰਭਰ ਹਨ।

ਅੰਕੜਿਆਂ ਦਾ ਸੈੱਟ ਭਾਵੇਂ ਕੋਈ ਵੀ ਹੋਵੇ, ਇਹ ਸਪੱਸ਼ਟ ਹੈ ਕਿ ਐੱਮ ਐੱਸ ਐੱਮ ਈਜ਼ ਵਿੱਚ ਕਰਜ਼ੇ ਦੀ ਨਾ ਪੂਰੀ ਹੋਣ ਵਾਲੀ ਮੰਗ ਹੈ।

| ਐੱਮ ਐੱਸ ਐੱਮ ਈਜ਼ ਦੀ ਪਰਿਭਾਸ਼ਾ | | |
|---|---|---|
| ਵਰਗ | ਨਿਰਮਾਣ (ਰੁਪਏ ਵਿੱਚ)<br>ਪਲਾਂਟ ਅਤੇ ਮਸ਼ੀਨਰੀ ਵਿੱਚ ਨਿਵੇਸ਼ | ਸੇਵਾਵਾਂ (ਰੁਪਏ ਵਿੱਚ)<br>(ਸਾਜ਼ੋ ਸਮਾਨ ਵਿੱਚ ਨਿਵੇਸ਼) |
| ਮਾਈਕਰੋ | 25 ਲੱਖ ਤੋਂ ਵੱਧ ਨਹੀਂ | 10 ਲੱਖ ਤੋਂ ਵੱਧ ਨਹੀਂ |
| ਛੋਟੀਆਂ | 25 ਲੱਖ ਤੋਂ ਵੱਧ ਪਰ 5 ਕਰੋੜ ਤੋਂ ਵੱਧ ਨਹੀਂ | 10 ਲੱਖ ਤੋਂ ਵੱਧ ਪਰ 2 ਕਰੋੜ ਤੋਂ ਵੱਧ ਨਹੀਂ |
| ਦਰਮਿਆਨੀਆਂ | 5 ਕਰੋੜ ਤੋਂ ਵੱਧ ਪਰ 10 ਕਰੋੜ ਤੋਂ ਵੱਧ ਨਹੀਂ | 2 ਕਰੋੜ ਤੋਂ ਵੱਧ ਪਰ 5 ਕਰੋੜ ਤੋਂ ਵੱਧ ਨਹੀਂ |

| ਚਾਲੂ ਕੀਮਤਾਂ ਉੱਤੇ ਨਿਰਮਾਣ ਉਤਪਾਦਨ | | | ਐੱਮ ਐੱਸ ਐੱਮ ਈ ਜੀ ਵੀ ਏ ਦਾ ਹਿੱਸਾ ਜੀ ਵੀ ਏ/ ਜੀ ਡੀ ਪੀ ਆਧਾਰ ਸਾਲ 2011-12 ਦੀ ਨਿਰੰਤਰ ਕੀਮਤ ਉੱਤੇ (ਪ੍ਰਤਿਸ਼ਤ) | | | | | |
|---|---|---|---|---|---|---|---|---|
| ਸਾਲ | ਐੱਮ ਐੱਸ ਐੱਮ ਈ ਦਾ ਨਿਰਮਾਣ ਉਤਪਾਦਨ (ਕਰੋੜ ਰੁਪਏ ਵਿੱਚ) | ਨਿਰਮਾਣ ਉਤਪਾਦਨ ਦਾ ਕੁੱਲ ਨਿਰਮਾਣ ਉਤਪਾਦਨ ਵਿੱਚ ਹਿੱਸਾ (ਪ੍ਰਤਿਸ਼ਤ) | ਐੱਮ ਐੱਸ ਐੱਮ ਈ ਨਿਰਮਾਣ ਖੇਤਰ | | ਐੱਮ ਐੱਸ ਐੱਮ ਈ ਸੇਵਾ ਖੇਤਰ | | ਕੁੱਲ | |
| | | | ਜੀ ਵੀ ਏ ਵਿੱਚ | ਜੀ ਡੀ ਪੀ ਵਿੱਚ | ਜੀ ਵੀ ਏ ਵਿੱਚ | ਜੀ ਡੀ ਪੀ ਵਿੱਚ | ਜੀ ਵੀ ਏ ਵਿੱਚ | ਜੀ ਡੀ ਪੀ ਵਿੱਚ |
| 2011-12 | 2167110 | 33.12 | 6.64 | 6.16 | 25.66 | 23.81 | 32.29 | 29.97 |
| 2012-13 | 2385248 | 33.22 | 6.77 | 6.27 | 26.05 | 24.13 | 32.89 | 30.40 |
| 2013-14 | 2653329 | 33.27 | 6.79 | 6.27 | 26.40 | 24.37 | 33.19 | 30.64 |
| 2014-15 | 2783433 | 33.40 | 6.63 | 6.11 | 26.72 | 24.63 | 33.34 | 30.74 |

ਐੱਮ ਐੱਸ ਐੱਮ ਈਜ਼ ਖੇਤਰ ਵਿੱਚ 32.5 ਲੱਖ ਕਰੋੜ ਰੁਪਏ (650 ਬਿਲੀਅਨ ਡਾਲਰ) ਦੀ ਕੁੱਲ ਮਾਲੀ ਲੋੜ ਹੈ। ਇਸ ਵਿੱਚੋਂ ਕਰਜ਼ੇ ਦੀ ਮੰਗ 26 ਲੱਖ ਕਰੋੜ ਰੁਪਏ (520 ਬਿਲੀਅਨ ਡਾਲਰ) ਦੀ ਕੁੱਲ ਮਾਲੀ ਲੋੜ ਹੈ। ਇਸ ਵਿੱਚੋਂ ਕਰਜ਼ੇ ਦੀ ਮੰਗ 26 ਲੱਖ ਕਰੋੜ ਰੁਪਏ (520 ਬਿਲੀਅਨ ਡਲਾਰ) ਦੀ ਹੈ ਅਤੇ ਇਕਵਿਟੀ ਮੰਗ 6.5 ਲੱਖ ਕਰੋੜ ਰੁਪਏ (130 ਬਿਲੀਅਨ ਡਾਲਰ) ਦੀ ਹੈ।

ਐੱਮ ਐੱਸ ਐੱਮ ਈਜ਼ ਲਈ ਕੁੱਲ ਬਕਾਇਆ ਕਰਜ਼ਾ 2 ਕਰੋੜ ਖਾਤਿਆਂ ਵਿੱਚ ਅਨੁਮਾਨਤ 10.34 ਲੱਖ ਕਰੋੜ (ਟੇਬਲ), ਦਾ ਹੈ ਜੋ ਕਿ ਵਧ ਕੇ 11 ਲੱਖ ਕਰੋੜ ਰੁਪਏ (ਮਾਰਚ 2016) ਤੱਕ ਪਹੁੰਚਣ ਦੀ ਆਸ ਸੀ। ਇਸ ਦੇ ਉਲਟ 26 ਲੱਖ ਕਰੋੜ ਰੁਪਏ ਦੀ ਮੰਗ 5 ਕਰੋੜ ਐੱਮ ਐੱਸ ਐੱਮ ਈਜ਼ ਦੀ ਹੈ।

ਇਹ ਸਪੱਸ਼ਟ ਹੈ ਕਿ ਮੌਜੂਦਾ ਵਿੱਤੀ ਸਥਿਤੀ ਅਨੁਸਾਰ, ਬਹੁਤ ਸਾਰੇ ਐੱਮ ਐੱਸ ਐੱਮ ਈਜ਼ ਤੱਕ ਪਹੁੰਚ ਨਹੀਂ ਹੋ ਸਕੀ। ਉਹ ਰੁਕਾਵਟਾਂ ਕਿਹੜੀਆਂ ਹਨ ਜਿਨ੍ਹਾਂ ਕਾਰਨ ਬਹੁਤ ਸਾਰੇ ਐੱਮ ਐੱਸ ਐੱਮ ਈਜ਼ ਸੰਸਥਾਗਤ ਵਿੱਤੀ ਢਾਂਚੇ ਤੋਂ ਬਾਹਰ ਹਨ? ਮੇਰੇ ਵਿਚਾਰ ਵਿੱਚ ਇਹ ਮੰਗ ਵਾਲੇ ਪਾਸੇ ਅਤੇ ਸਪਲਾਈ ਵਾਲੇ ਪਾਸੇ, ਦੋਹਾਂ ਤੋਂ ਹਨ।

## ਸਪਲਾਈ ਵਾਲੇ ਪਾਸੇ ਦੀਆਂ ਮੁਸ਼ਕਿਲਾਂ

ਭਾਰਤੀ ਬੈਂਕਿੰਗ ਢਾਂਚੇ ਵਿੱਚ 27 ਜਨਤਕ ਖੇਤਰ ਦੇ, 26 ਨਿੱਜੀ ਖੇਤਰ ਦੇ, 46 ਵਿਦੇਸ਼ੀ, 56 ਖੇਤਰੀ, 1574 ਸ਼ਹਿਰੀ ਸਹਿਕਾਰੀ ਬੈਂਕ, 93913 ਦਿਹਾਤੀ ਸਹਿਕਾਰੀ ਬੈਂਕਾਂ ਤੋਂ ਇਲਾਵਾ ਬਹੁਤ ਸਾਰੀਆਂ ਸਹਿਕਾਰੀ ਕਰਜ਼ਾ ਸੰਸਥਾਵਾਂ ਹਨ। ਜਨਤਕ ਖੇਤਰ ਦੇ ਬੈਂਕਾਂ ਦਾ 70 ਪ੍ਰਤਿਸ਼ਤ ਤੋਂ ਵੱਧ ਵਿੱਤੀ ਢਾਂਚੇ ਉੱਤੇ ਕਬਜ਼ਾ ਹੈ ਅਤੇ ਇਹ ਸਿੱਧੇ ਸਰਕਾਰ ਦੇ ਨਿਯੰਤ੍ਰਣ ਹੇਠ ਹਨ। ਭਾਰਤ ਵਿੱਚ ਸਰਕਾਰ ਉੱਤੇ ਲੰਬੇ ਸਮੇਂ ਤੋਂ ਦੋਸ਼ ਲੱਗਦਾ ਰਿਹਾ ਹੈ ਕਿ ਉਹ ਬੈਂਕਾਂ ਵਿੱਚ ਡਿਪਾਜ਼ਿਟਾਂ ਨੂੰ ਲਾਂਭੇ ਕਰੀ ਰੱਖਦੀ ਹੈ (ਸਰਕਾਰੀ ਬਾਂਡਾਂ ਅਤੇ ਸਕਿਓਰਟੀਜ਼ ਰਾਹੀਂ) ਤਾਂ ਕਿ ਬਜਟ ਘਾਟਾ ਪੂਰਾ ਹੋ ਸਕੇ, ਸਿਆਸੀ ਸਕੀਮਾਂ ਨੂੰ ਫਾਈਨੈਂਸ ਕੀਤਾ ਜਾ ਸਕੇ ਅਤੇ ਆਪਣੀ ਪਸੰਦ ਦੇ ਪ੍ਰਾਜੈਕਟਾਂ ਅਤੇ ਪ੍ਰੋਮੋਟਰਾਂ ਲਈ ਫੰਡ ਦਾ ਪ੍ਰਬੰਧ ਬਣਿਆ ਰਹਿ ਸਕੇ।

ਪਹਿਲਾ, ਪੀ ਐੱਸ ਯੂ ਬੈਂਕਾਂ ਉੱਤੇ ਸਰਕਾਰ ਦਾ ਸਖਤ ਨਿਯੰਤ੍ਰਣ ਰਹਿੰਦਾ ਹੈ, ਇਹ ਹੀ ਬੈਂਕਿੰਗ ਪ੍ਰਨਾਲੀ ਵਿੱਚ ਸਭ ਤੋਂ ਤਾਕਤਵਰ ਭੂਮਿਕਾ ਨਿਭਾਉਣ ਵਾਲੇ ਹੁੰਦੇ ਹਨ। ਇਸ ਦੇ ਨਤੀਜੇ ਵਜੋਂ ਮੁਕਾਬਲੇਬਾਜ਼ੀ ਕਾਬੂ ਹੇਠ ਰਹਿੰਦੀ ਹੈ ਅਤੇ ਬੈਂਕਾਂ ਦੇ ਮਾਲਕਾਂ ਅਤੇ ਗਾਹਕਾਂ ਲਈ ਸਹੀ ਨਤੀਜੇ ਨਿਕਲਦੇ ਹਨ।

ਦੂਜਾ, ਬੈਂਕ, ਦੋਵੇਂ (ਘਰੇਲੂ ਵਪਾਰਕ ਬੈਂਕ ਅਤੇ ਵਿਦੇਸ਼ੀ ਬੈਂਕ ਜਿਨ੍ਹਾਂ ਦੀਆਂ 20 ਤੋਂ ਵੱਧ ਬਰਾਂਚਾਂ ਹਨ) ਉਨ੍ਹਾਂ ਨੂੰ ਆਪਣੇ 40 ਪ੍ਰਤਿਸ਼ਤ ਕਰਜ਼ੇ 'ਪਹਿਲਾਂ ਵਾਲੇ ਖੇਤਰਾਂ' ਨੂੰ ਦੇਣੇ ਪੈਂਦੇ ਹਨ। ਪਹਿਲਾਂ ਵਾਲੇ ਖੇਤਰਾਂ ਵਿੱਚ ਖੇਤੀ ਦਾ ਹਿੱਸਾ 18 ਪ੍ਰਤਿਸ਼ਤ ਹੁੰਦਾ ਹੈ ਅਤੇ ਬਾਕੀ ਖੇਤਰਾਂ ਜਿਵੇਂ ਕਿ ਐੱਮ ਐੱਸ ਐੱਮ ਈਜ਼, ਵਿਗਿਆਨ, ਮਕਾਨ ਉਸਾਰੀ, ਬਰਾਮਦ ਅਤੇ ਹੋਰ ਖੇਤਰਾਂ ਲਈ ਬਾਕੀ ਦੀ ਰਕਮ ਹੁੰਦੀ ਹੈ।

ਇਹ ਗੱਲ ਸਪੱਸ਼ਟ ਹੈ ਕਿ ਪਹਿਲਾਂ ਵਾਲੇ ਖੇਤਰਾਂ ਵਿੱਚ ਐੱਮ ਐੱਸ ਐੱਮ ਈਜ਼ ਲਈ ਕਰਜ਼ੇ ਦਾ ਕੋਈ ਪੱਕਾ ਹਿੱਸਾ ਨਹੀਂ ਮਿੱਥਿਆ ਗਿਆ। ਐੱਮ ਐੱਸ ਐੱਮ ਈਜ਼ ਨੂੰ ਉਨ੍ਹਾਂ ਖੇਤਰਾਂ ਵਿੱਚ ਰੱਖਿਆ ਗਿਆ ਹੈ ਜੋ ਬੈਂਕਰਾਂ ਲਈ ਵਧੇਰੇ ਖਿੱਚ ਪਾਊ ਹੁੰਦੇ ਹਨ ਅਤੇ ਇਨ੍ਹਾਂ ਲਈ ਕਰਜ਼ਾ ਦੇਣਾ ਵਿੱਦਿਆ ਅਤੇ ਮਕਾਨ ਉਸਾਰੀ ਖੇਤਰਾਂ ਵਾਂਗ ਹੀ ਸੁਖਾਲਾ ਹੁੰਦਾ ਹੈ।

ਤੀਸਰਾ, ਸੱਨਅਤੀ ਫਾਈਨੈਂਸਿੰਗ ਵਿੱਚ ਦੋ ਵਿਸ਼ੇਸ਼ ਲੋੜਾਂ ਦਾ ਧਿਆਨ ਰੱਖਿਆ ਜਾਂਦਾ ਹੈ – ਲੰਬੇ ਸਮੇਂ ਲਈ ਕਰਜ਼ਾ ਦੇਣ ਦੀ ਯੋਗਤਾ – ਜਿਵੇਂ ਕਿ ਪ੍ਰਾਜੈਕਟਾਂ ਦੇ ਪੂਰਾ ਹੋਣ ਦੀ ਮਿਆਦ ਜ਼ਿਆਦਾ ਹੁੰਦੀ ਹੈ ਅਤੇ ਸੈਕਟਰਾਂ ਦੀ ਵਪਾਰਕ ਚੱਕਰਾਂ ਅਤੇ ਤਕਨਾਲੋਜੀ ਨੂੰ ਸਮਝਣ ਦੀ ਤਕਨੀਕੀ ਯੋਗਤਾ ਚਾਹੀਦੀ ਹੁੰਦੀ ਹੈ। ਕਈ ਮੁਹਾਰਤ ਪ੍ਰਾਪਤ ਸੰਸਥਾਵਾਂ 1950 ਦੇ ਅਤੇ 1960 ਦੇ ਦਹਾਕਿਆਂ ਵਿੱਚ ਕਾਇਮ ਕੀਤੀਆਂ ਗਈਆਂ ਜਿਵੇਂ ਕਿ ਆਈ ਡੀ ਬੀ ਆਈ, ਆਈ ਸੀ ਆਈ ਸੀ ਆਈ ਤਾਂ ਕਿ ਸਨਅਤਕਾਰਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ। 1991 ਤੋਂ ਪਹਿਲਾਂ ਸੱਨਅਤੀ ਵਿਕਾਸ ਵਿੱਤੀ ਸੰਸਥਾਵਾਂ ਵਲੋਂ ਪ੍ਰਾਜੈਕਟਾਂ ਨੂੰ (ਲੰਬੇ ਸਮੇਂ ਲਈ) ਫਾਈਨੈਂਸ ਕੀਤਾ ਜਾਂਦਾ ਸੀ ਅਤੇ ਬੈਂਕ ਕੰਮਕਾਜੀ ਪੂੰਜੀ (ਥੋੜ੍ਹੇ ਸਮੇਂ ਲਈ) ਮੁਹੱਈਆ ਕਰਵਾਉਂਦੇ ਸਨ। ਇਸੇ ਤਰ੍ਹਾਂ ਦੀਆਂ ਸੰਸਥਾਵਾਂ ਸੂਬਿਆਂ ਵਿੱਚ ਵੀ ਮੌਜੂਦ ਸਨ। ਜਿਥੇ ਕਿ ਸੂਬਾਈ ਵਿੱਤ ਸੰਸਥਾਵਾਂ (ਐੱਸ ਐੱਫ ਸੀਜ਼) ਐੱਮ ਐੱਸ ਐੱਮ ਈਜ਼ ਨੂੰ ਪ੍ਰਾਜੈਕਟਾਂ ਲਈ ਵਿੱਤ ਪ੍ਰਦਾਨ ਕਰਦੀਆਂ ਸਨ। ਕਰਜ਼ੇ ਦੇਣ ਦੀ ਨੀਤੀ ਵਿੱਚ ਨਰਮੀ ਆਉਣ ਤੋਂ ਬਾਅਦ ਵਿਕਾਸ ਲਈ ਵਿੱਤੀ ਸੰਸਥਾਵਾਂ ਨੇ ਵਪਾਰਕ ਬੈਂਕਾਂ ਲਈ ਜਗ੍ਹਾ

ਬਣਾਈ, ਜਾਂ ਤਾਂ ਉਹ ਵਪਾਰਕ ਬੈਂਕਾਂ ਵਿੱਚ ਹੀ ਸ਼ਾਮਿਲ ਹੋ ਗਈਆਂ ਜਾਂ ਫਿਰ ਉਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ।

ਪਰ ਬੈਂਕਾਂ ਦੀਆਂ ਕਈ ਸਮੱਸਿਆਵਾਂ ਸਨ, ਉਹ ਮੁਕਾਬਲਤਨ ਥੋੜ੍ਹੀ ਮਿਆਦ ਦੇ ਡਿਪਾਜ਼ਿਟ ਲੈਂਦੇ ਸਨ ਇਸ ਲਈ ਲੰਬੀ ਮਿਆਦ ਦੇ ਕਰਜ਼ੇ ਦੇਣ ਤੋਂ ਝਿਜਕਦੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਦੀ ਅਸਾਸਿਆਂ ਦੀ ਦੇਣਦਾਰੀ ਦੀ ਸਥਿਤੀ ਗੰਭੀਰ ਹੋ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਕੋਲ ਖੇਤਰਾਂ ਦੀਆਂ ਗੁੰਝਲਾਂ ਨੂੰ ਸਮਝਣ ਵਾਲੀ ਤਕਨੀਕੀ ਮੁਹਾਰਤ ਦੀ ਕਮੀ ਹੈ। ਇਸ ਲਈ ਬੈਂਕਾਂ ਵਾਲੇ ਸੱਨਅਤੀ ਪ੍ਰਾਜੈਕਟਾਂ ਨੂੰ ਤੱਦ ਤੱਕ ਜੋਖਿਮ ਭਰਿਆ ਮੰਨਦੇ ਹਨ ਜਦ ਤੱਕ ਕਿ ਉਨ੍ਹਾਂ ਦੇ ਪਿੱਛੇ ਸਥਾਪਤ ਪ੍ਰੋਮੋਟਰ ਨਾ ਹੋਣ ਅਤੇ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦੇਣ ਦੇ ਫੈਸਲੇ ਇਸ ਢੰਗ ਨਾਲ ਲਏ ਜਾਣ ਜਿਸ ਵਿੱਚ ਕਿ ਬੈਂਕ ਅਧਿਕਾਰੀਆਂ ਨੂੰ ਅਸਫਲਤਾ ਹੋਣ ਉੱਤੇ ਜ਼ਿੰਮੇਵਾਰ ਠਹਿਰਾ ਕੇ ਨਿੱਜੀ ਤੌਰ ਤੇ ਕਮੇਟੀਆਂ ਵਲੋਂ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ। ਕੁਦਰਤੀ ਤੌਰ ਤੇ ਪ੍ਰਸਿੱਧ ਵਪਾਰਕ ਘਰਾਣੇ ਅਤੇ ਵੱਡੇ ਕਾਰਪੋਰੇਟ ਐੱਮ ਐੱਸ ਐੱਮ ਈਜ਼ ਦੀ ਪਰਖ ਵਿੱਚੋਂ ਲੰਘਦੇ ਹਨ। ਐੱਮ ਐੱਸ ਐੱਮ ਈਜ਼, ਲਈ ਜਿਥੇ ਪ੍ਰੋਮੋਟਰ ਅਣਪਛਾਤੇ ਹੋਣ ਜਾਂ ਪਹਿਲੀ ਪੀੜ੍ਹੀ ਦੇ ਉੱਦਮੀ ਹੋਣ, ਬੈਂਕਰ ਆਪਣੇ ਰਿਸਕ ਨੂੰ ਘੱਟ ਤੋਂ ਘੱਟ ਰੱਖਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਰਜ਼ਾ ਦੇਣ ਵੇਲੇ ਅਸਾਸਾ ਅਧਾਰਿਤ ਸਹਿਭਾਗੀ ਸਕਿਓਰਿਟੀ ਉੱਤੇ ਜ਼ੋਰ ਦਿੰਦੇ ਹਨ।

ਇਸ ਤੋਂ ਇਲਾਵਾ ਭਾਰਤ ਵਲੋਂ ਬੇਸਿਲ-2 ਸ਼ਰਤਾਂ ਅਪਣਾਏ ਜਾਣ ਨਾਲ ਐੱਮ ਐੱਸ ਐੱਮ ਈ ਨੂੰ ਕਰਜ਼ਾ ਮਿਲਣਾ ਹੋਰ ਮੁਸ਼ਕਿਲ ਹੋ ਗਿਆ ਹੈ। ਬੇਸਿਲ-2 ਇਕ ਅੰਤਰਰਾਸ਼ਟਰੀ ਬੈਂਕਿੰਗ ਮਿਆਰ ਹੈ। ਇਸ ਮਿਆਰ ਨੂੰ ਅਪਨਾਏ ਜਾਣ ਨਾਲ ਆਰ ਬੀ ਆਈ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਵਿੱਤੀ ਸੰਸਥਾਵਾਂ 'ਕਾਫੀ' ਨਕਦੀ ਭੰਡਾਰ ਰੱਖਣ ਤਾਂ ਕਿ ਉਨ੍ਹਾਂ ਦੇ ਕੰਮਕਾਜ ਵਿੱਚ ਜੋ ਰਿਸਕ ਆਉਂਦੇ ਹਨ ਉਨ੍ਹਾਂ ਨਾਲ ਨਜਿੱਠਿਆ ਜਾ ਸਕੇ। ਵੱਡੇ ਕਾਰਪੋਰੇਟ ਖੇਤਰ ਨੂੰ ਕਰਜ਼ਾ ਕਿਉਂਕਿ ਅਸਾਸੇ ਅਧਾਰਿਤ ਨਹੀਂ ਹੈ ਇਸ ਦੇ ਨਤੀਜੇ ਵਜੋਂ ਐੱਮ ਐੱਸ ਐੱਮ ਈਜ਼ ਨੂੰ ਕਰਜ਼ਾ ਦੇਣਾ ਅਸਾਸੇ ਅਧਾਰਿਤ ਬਣਾਉਣ ਲਈ ਵਧੇਰੇ ਪ੍ਰੀਮੀਅਮ ਭਰਨਾ ਪਵੇਗਾ। ਇਸ ਨੇ ਬੈਂਕਾਂ ਨੂੰ ਕਿਹਾ ਹੈ ਕਿ ਉਹ ਆਪਣੀ 5 ਕਰੋੜ ਰੁਪਏ ਤੋਂ ਉਪਰ ਦੀ ਰਕਮ ਨੂੰ ਕ੍ਰੈਡਿਟ ਰੇਟਿੰਗ ਏਜੰਸੀਆਂ ਰਾਹੀਂ ਪਾਸ ਕਰਵਾਉਣ। ਏਨਾ ਹੀ ਨਹੀਂ, ਆਰ ਬੀ ਆਈ ਨੇ ਬੈਂਕਾਂ ਨੂੰ ਕਿਹਾ ਹੈ ਕਿ ਉਹ ਅਗਾਊਂ ਚੇਤਾਵਨੀ ਸਿਸਟਮ-ਸਪੈਸ਼ਲ ਮੈਨਸ਼ਨ ਅਕਾਊਂਟ (ਐੱਸ ਐੱਮ ਏ) ਨੂੰ ਅਪਣਾਉਣ, ਜਿਸ ਵਿੱਚ ਕਿ ਵਿਆਜ ਜਾਂ ਮੂਲ ਦੇ ਭੁਗਤਾਨ ਵਿੱਚ ਸਿਰਫ 30 ਦਿਨ ਦੀ ਵੀ ਦੇਰੀ ਹੋਵੇ ਤਾਂ ਉਸ



| ਐੱਮ ਐੱਸ ਐੱਮ ਈਜ਼ ਨੂੰ ਜਾਰੀ ਸਮੁੱਚਾ ਬੈਂਕ ਕਰਜ਼ਾ (ਬਕਾਇਆ ਕਰਜ਼ਾ ਕਰੋੜ ਰੁਪਏ ਵਿੱਚ) | | | | |
|---|---|---|---|---|
| ਸਾਲ (ਆਖਰੀ ਰਿਪੋਰਟਿੰਗ ਸ਼ੁਕਰਵਾਰ) | ਜਨਤਕ ਖੇਤਰ ਦੇ ਬੈਂਕ | ਨਿੱਜੀ ਖੇਤਰ ਦੇ ਬੈਂਕ | ਵਿਦੇਸ਼ੀ ਬੈਂਕ | ਸਾਰੇ ਵਪਾਰਕ ਬੈਂਕ |
| ਮਾਰਚ 2012 | 5,33,279.29 | 1,24,725.66 | 23,300.71 | 6,81,305.66 |
| ਮਾਰਚ 2013 | 6,43,525.02 (20.7 ਪ੍ਰਤਿਸ਼ਤ) | 1,82,247.82 (46.1 ਪ੍ਰਤਿਸ਼ਤ) | 43,251.30 (85.6 ਪ੍ਰਤਿਸ਼ਤ) | 8,69,024.14 (27.6 ਪ੍ਰਤਿਸ਼ਤ) |
| ਮਾਰਚ 2014 (ਆਰਜ਼ੀ) | 7,54,391.07 (17.2 ਪ੍ਰਤਿਸ਼ਤ) | 2,46,025.76 (35.0 ਪ੍ਰਤਿਸ਼ਤ) | 34,359.17 (–20.6 ਪ੍ਰਤਿਸ਼ਤ) | 10,34,775.99 (19.1 ਪ੍ਰਤਿਸ਼ਤ) |

*ਸਰੋਤ : ਆਰ ਬੀ ਆਈ*

*ਨੋਟ : ਬ੍ਰੈਕਟ ਵਿੱਚ ਦਿੱਤੇ ਅੰਕੜੇ ਉਸ ਸਾਲ, ਪ੍ਰਤਿਸ਼ਤ, ਵਾਧੇ/ਗਿਰਾਵਟ ਵੱਲ ਇਸ਼ਾਰਾ ਕਰਦੇ ਹਨ।*

| ਐੱਮ ਐੱਸ ਐੱਮ ਈਜ਼ ਲਈ ਕੁੱਲ ਗ਼ੈਰ ਕੰਮਕਾਜੀ ਅਸਾਸੇ (ਐੱਨ ਪੀ ਏਜ਼) (ਬਕਾਇਆ ਕੁੱਲ ਐੱਨ ਪੀ ਏ ਰਕਮ ਕਰੋੜ ਰੁਪਏ ਵਿੱਚ ਅਤੇ ਐੱਨ ਪੀ ਏ ਪ੍ਰਤਿਸ਼ਤ ਵਿੱਚ) | | | | |
|---|---|---|---|---|
| ਸਾਲ (ਆਖਰੀ ਰਿਪੋਰਟਿੰਗ ਸ਼ੁਕਰਵਾਰ) | ਜਨਤਕ ਖੇਤਰ ਦੇ ਬੈਂਕ | ਨਿੱਜੀ ਖੇਤਰ ਦੇ ਬੈਂਕ | ਵਿਦੇਸ਼ੀ ਬੈਂਕ | ਸਾਰੇ ਵਪਾਰਕ ਬੈਂਕ |
| ਮਾਰਚ 2012 | 24,272.44 (6.1 ਪ੍ਰਤਿਸ਼ਤ) | 1,880.73 (1.7 ਪ੍ਰਤਿਸ਼ਤ) | 159.83 (0.7 ਪ੍ਰਤਿਸ਼ਤ) | 26,312.99 (5.0 ਪ੍ਰਤਿਸ਼ਤ) |
| ਮਾਰਚ 2013 | 28,575.29 (5.7 ਪ੍ਰਤਿਸ਼ਤ) | 2,506.44 (1.6 ਪ੍ਰਤਿਸ਼ਤ) | 396.23 (1.3 ਪ੍ਰਤਿਸ਼ਤ) | 31,477.96 (4.6 ਪ੍ਰਤਿਸ਼ਤ) |
| ਮਾਰਚ 2014 (ਆਰਜ਼ੀ) | 38,949.80 (6.3 ਪ੍ਰਤਿਸ਼ਤ) | 3,021.63 (1.5 ਪ੍ਰਤਿਸ਼ਤ) | 457.36 (1.5 ਪ੍ਰਤਿਸ਼ਤ) | 42,428.79 (5.0 ਪ੍ਰਤਿਸ਼ਤ) |

*ਸਰੋਤ : ਆਰ ਬੀ ਆਈ*

*ਨੋਟ : ਬ੍ਰੈਕਟ ਵਿੱਚ ਦਰਸਾਏ ਗਏ ਅੰਕੜੇ ਉਸ ਐੱਨ ਪੀ ਏ ਦਾ ਪ੍ਰਤਿਸ਼ਤ ਦਰਸਾਉਂਦੇ ਹਨ*

ਨੂੰ ਵੀ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ। ਇਹ ਐੱਮ ਐੱਸ ਐੱਮ ਈ ਹੀ ਹੈ ਜਿਸ ਨੂੰ ਕਿ ਇਨ੍ਹਾਂ ਨਿਯਮਾਂ ਦੀ ਮਾਰ ਝੱਲਣੀ ਪੈ ਰਹੀ ਹੈ।

ਅੰਤ ਵਿੱਚ ਹੁਣ ਤੱਕ ਇਕ ਫਾਈਨੈਂਸ ਕੀਤੇ ਹੋਏ ਵਪਾਰ ਦੇ ਫੇਲ ਹੋਣ ਦੀ ਸਥਿਤੀ ਵਿੱਚ, ਬੈਂਕਰਜ਼ ਲਈ ਇਹ ਮੁਸ਼ਕਿਲ ਹੁੰਦਾ ਹੈ ਕਿ ਉਹ ਪ੍ਰਭਾਵਿਤ ਜਾਇਦਾਦ ਨੂੰ ਆਪਣੇ ਕਬਜ਼ੇ ਹੇਠ ਲੈ ਸਕਣ (ਜਿਵੇਂ ਕਿ ਕਾਰ ਜਾਂ ਮਕਾਨ ਨੂੰ ਲਿਆ ਜਾ ਸਕਦਾ ਹੈ), ਭਾਵੇਂ ਕਿ ਕਾਗਜ਼ਾਂ ਵਿੱਚ ਕਈ ਵਿਧਾਨਕ ਉਪਾਵਾਂ ਦਾ ਜ਼ਿਕਰ ਹੈ। ਕਾਨੂੰਨੀ ਢੰਗ ਕਾਫੀ ਲੰਬਾ, ਥਕਾਊ ਅਤੇ ਖਰਚੀਲਾ ਹੁੰਦਾ ਹੈ ਜਿਸ ਕਾਰਨ ਬੈਂਕ ਰਿਸਕ ਲੈਣ ਤੋਂ ਭੱਜਦੇ ਹਨ।

## ਲੈਣ ਵਾਲੀ ਧਿਰ ਦੀਆਂ ਮੁਸ਼ਕਿਲਾਂ

ਐੱਮ ਐੱਸ ਐੱਮ ਈ ਇਕ ਵਿਭਿੰਨ ਤਰ੍ਹਾਂ ਦਾ ਖੇਤਰ ਹੈ ਜਿਸ ਵਿੱਚ ਸੂਖਮ, ਛੋਟੀਆਂ ਅਤੇ ਦਰਮਿਆਨੀਆਂ ਇਕਾਈਆਂ ਮੌਜੂਦ ਹੁੰਦੀਆਂ ਹਨ ਜੋ ਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੁੰਦੀਆਂ ਹਨ ਅਤੇ ਜਿਨ੍ਹਾਂ ਲਈ ਵੱਖੋਂ ਵੱਖਰੀਆਂ ਚੁਣੌਤੀਆਂ ਹੁੰਦੀਆਂ ਹਨ। ਸੂਖਮ ਅਦਾਰੇ ਆਮ ਤੌਰ ਤੇ 'ਗ਼ੈਰ ਰਸਮੀ' ਅਤੇ 'ਗ਼ੈਰ ਸੰਗਠਿਤ' ਹੁੰਦੇ ਹਨ। ਉਹ ਆਮ ਤੌਰ ਤੇ ਮਾਲਕੀ ਵਾਲੇ/ਭਾਈਵਾਲੀ ਵਾਲੇ ਅਦਾਰੇ ਹੁੰਦੇ ਹਨ ਅਤੇ ਕੰਪਨੀਆਂ ਨਹੀਂ ਹੁੰਦੇ ਜਿਸ ਕਾਰਨ ਉਨ੍ਹਾਂ ਨੂੰ ਅਸੀਮਤ ਜ਼ਿੰਮੇਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਵਿੱਚੋਂ ਵਧੇਰੇ ਅਦਾਰੇ ਗ਼ੈਰ ਅਧਿਕਾਰਿਤ/ਗ਼ੈਰ ਪ੍ਰਵਾਨਿਤ ਥਾਵਾਂ ਉੱਤੇ ਸਥਿਤ ਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਪ੍ਰਵਾਨਿਤ ਥਾਵਾਂ ਨਹੀਂ ਮਿਲਦੀਆਂ ਜਾਂ ਉਹ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਹਨ ਜਿਸ ਕਰਕੇ ਉਨ੍ਹਾਂ ਨੂੰ ਵਿੱਤੀ ਸ਼ਮੂਲੀਅਤ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬੈਂਕਾਂ ਨੂੰ ਲੋੜੀਂਦੀ ਜਾਣਕਾਰੀ ਅਤੇ ਦਸਤਾਵੇਜ਼ ਉਨ੍ਹਾਂ ਕੋਲ ਨਹੀਂ ਹੁੰਦੇ।

ਛੋਟੀਆਂ ਸੱਨਅਤਾਂ ਦਾ ਖੇਤਰ ਮੁਕਾਬਲਤਨ ਵਧੀਆ ਢੰਗ ਨਾਲ ਸੰਗਠਿਤ ਹੁੰਦਾ ਹੈ ਅਤੇ ਬੀ ਟੂ ਬੀ ਖੇਤਰ ਵਿੱਚ ਕੰਮ ਕਰਦਾ ਹੈ। ਉਨ੍ਹਾਂ ਦੀਆਂ ਮੁੱਖ ਸਮੱਸਿਆਵਾਂ ਵਿੱਚ ਨਵਾਂ ਵਪਾਰ ਸ਼ੁਰੂ ਕਰਨ ਲਈ ਜੋਖਿਮ ਪੂੰਜੀ ਜੁਟਾਉਣ ਦੀ ਮੁਸ਼ਕਿਲ, ਲੋੜੀਂਦੇ ਸਹਿਭਾਗੀ ਦੀ ਅਣਹੋਂਦ ਅਤੇ ਭਾਰੀ ਕੰਮਕਾਜੀ ਪੂੰਜੀਆਂ ਦੀ ਕਮੀ ਆਦਿ ਹਨ ਕਿਉਂਕਿ ਉਨ੍ਹਾਂ ਦੇ ਭੁਗਤਾਨ ਆਮ ਤੌਰ ਤੇ ਦੇਰ ਨਾਲ ਹੀ ਹੁੰਦੇ ਹਨ।

ਵਿਸ਼ਵ ਪੱਧਰ ਉੱਤੇ ਇਹ ਦਰਮਿਆਨੀਆਂ ਸਨਅਤਾਂ ਦਾ ਖੇਤਰ ਐੱਮ ਐੱਸ ਐੱਮ ਈਜ਼ ਖੇਤਰ ਅਧੀਨ ਹੈ ਜਿਸ ਨੂੰ ਮਿਟਲਸਟੈਂਡ ਕਿਹਾ ਜਾਂਦਾ ਹੈ। ਇਹ ਖੇਤਰ ਬਹੁਤ ਹੀ ਵਧੀਆ ਅਤੇ ਅਗਾਂਹਵਧੂ ਹੁੰਦਾ ਹੈ ਕਿਉਂਕਿ ਇਹ ਸਹੀ ਪੱਧਰ ਉੱਤੇ ਕੰਮਕਾਜ ਕਰਦਾ ਹੈ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਮੁਕਾਬਲੇਬਾਜ਼ੀ ਕਰ ਸਕਦਾ ਹੈ। ਬਦਕਿਸਮਤੀ ਨਾਲ ਇਹ ਭਾਰਤ ਦਾ ਸਭ ਤੋਂ ਛੋਟਾ ਖੇਤਰ ਹੈ ਕਿਉਂਕਿ ਛੋਟੇ ਅਦਾਰੇ ਇਸ ਦੇ ਪੱਧਰ ਤੱਕ ਨਹੀਂ ਪਹੁੰਚ ਸਕਦੇ। 5 ਕਰੋੜ ਐੱਮ ਐੱਸ ਐੱਮ ਈਜ਼ ਵਾਲੀ ਇਸ ਦੁਨੀਆਂ ਵਿੱਚ ਤਕਰੀਬਨ 25,000 ਕੰਪਨੀਆਂ ਹੀ ਅਜਿਹੀਆਂ ਹਨ ਜੋ ਕਿ ਮਿਟਲਸਟੈਂਡ ਕਲੱਬ ਦੀ ਯੋਗਤਾ ਰੱਖਦੀਆਂ ਹਨ। ਆਮ ਤੌਰ ਤੇ ਭਾਰਤ ਵਿੱਚ ਇਸ ਚੀਜ਼ ਨੂੰ 'ਅਲੋਪ ਦਰਮਿਆਨਾ ਵਰਗ' ਕਿਹਾ ਜਾਂਦਾ ਹੈ। ਇਸ ਵਿੱਚ ਬੈਂਕ ਸਹਾਇਤਾ ਦੀ ਅਣਹੋਂਦ ਕਾਰਨ ਇਸ ਨੂੰ ਕਈ ਪ੍ਰਮੁੱਖ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਡੀ ਰੋਕ ਬੈਂਕ ਹਨ ਜਿਨ੍ਹਾਂ ਨੂੰ ਕਿ ਹੋਰ ਕਈ ਮੁਸ਼ਕਿਲਾਂ ਨੇ ਘੇਰਿਆ ਹੁੰਦਾ ਹੈ। ਇਨ੍ਹਾਂ ਵਿੱਚ ਵਾਧੂ ਸਹਿਭਾਗੀ ਸਕਿਊਰਿਟੀਜ਼ ਦੀ ਅਣਹੋਂਦ ਹੈ, ਇਕਵਿਟੀ ਮੇਜ਼ਾਨਾਈਨ ਪੂੰਜੀ ਤੱਕ ਪਹੁੰਚ, ਵਿਦੇਸ਼ੀ ਕਰੰਸੀ ਦੇ ਕਰਜ਼ੇ, ਜਿਨ੍ਹਾਂ ਵਿੱਚ ਵਿਦੇਸ਼ੀ ਵਪਾਰਕ ਕਰਜ਼ੇ (ਈ ਸੀ ਬੀਜ਼) ਅਤੇ ਗ਼ੈਰ ਫੰਡ ਆਧਾਰਿਤ ਬੈਂਕ ਸਹੂਲਤਾਂ ਵਿੱਚ ਮੁਕਾਬਲੇਬਾਜ਼ੀ (ਜਿਵੇਂ ਕਿ ਬੈਂਕ ਗਾਰੰਟੀ, ਕਾਰਗੁਜ਼ਾਰੀ ਦੀ ਗਾਰੰਟੀ) ਆਦਿ ਸ਼ਾਮਿਲ ਹਨ।

## ਨੀਤੀ ਸੰਬੰਧੀ ਹੁੰਗਾਰਾ

ਨੀਤੀ ਘੜਨ ਵਾਲੇ ਇਨ੍ਹਾਂ ਵਿੱਚੋਂ ਵਧੇਰੇ ਚੁਨੌਤੀਆਂ ਤੋਂ ਭਲੀਭਾਂਤ ਜਾਣੂ ਹਨ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਹੱਲ ਕਰਨ ਲਈ ਯਤਨ ਵੀ ਕੀਤੇ ਹਨ। ਪਿਛਲੇ ਕੁਝ ਸਾਲਾਂ ਵਿੱਚ ਇਕ ਵਿਸ਼ਾਲ ਵਿੱਤੀ ਸ਼ਮੂਲੀਅਤ ਪ੍ਰੋਗਰਾਮ ਸਾਹਮਣੇ ਆਇਆ ਹੈ ਜਿਵੇਂ ਕਿ ਪ੍ਰਧਾਨ ਮੰਤਰੀ ਜਨ ਧਨ ਯੋਜਨਾ (ਪੀ ਐੱਮ ਜੇ ਡੀ ਵਾਈ)। ਉੱਪਰੋਂ ਜੋ ਹੇਠਾਂ ਵੱਲ ਦਬਾਅ ਹੈ ਉਸ ਨੇ ਬੈਂਕਿੰਗ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਬੈਂਕ ਹੁਣ ਗ਼ੈਰ ਰਸਮੀ ਖੇਤਰ ਤੱਕ ਵੀ ਪਹੁੰਚ ਗਏ ਹਨ।

ਬੈਂਕਰਾਂ ਨੂੰ ਵਾਧੂ ਸਹੂਲਤਾਂ ਦੇਣ ਲਈ ਐੱਮ ਐੱਸ ਈਜ਼ ਨੇ ਕਰੈਡਿਟ ਬੈਂਕ ਗਰੰਟੀ ਟਰਸਟ (ਸੀ ਜੇ ਟੀ ਐੱਮ ਐੱਸ ਈ) ਕਾਇਮ ਕੀਤਾ ਗਿਆ ਹੈ ਤਾਂ ਕਿ ਉਥੇ ਐੱਮ ਐੱਸ ਈਜ਼ ਸਹਿਭਾਗੀ ਸਕਿਉਰਿਟੀਜ਼ ਤੋਂ ਬਿਨਾਂ ਕਰਜ਼ਾ ਹਾਸਿਲ ਕਰਨ ਲਈ ਪਹੁੰਚ ਕਰ ਸਕਣ। ਇਹ ਫੰਡ ਕਰਜ਼ੇ ਦਾ ਭੁਗਤਾਨ ਨਾ ਕਰਨ ਦੀ ਸਥਿਤੀ ਵਿੱਚ ਇੰਸ਼ੋਰੈਂਸ ਦਾ ਪ੍ਰਬੰਧ ਕਰਦਾ ਹੈ ਜਿਸ ਵਿੱਚ 75 ਪ੍ਰਤਿਸ਼ਤ ਰਕਮ ਬੈਂਕਾਂ ਨੂੰ ਵਾਪਿਸ ਮਿਲ ਜਾਂਦੀ ਹੈ। ਸੀ ਜੀ ਟੀ ਐੱਮ ਐੱਸ ਈ ਨੇ 2015-16 ਦੇ ਮਾਲੀ ਸਾਲ ਵਿੱਚ 2323673 ਕਰਜ਼ਾ ਗਾਰੰਟੀਆਂ ਦਿੱਤੀਆਂ ਹਨ ਜੋ ਕਿ 1,08,991 ਕਰੋੜ ਦੀਆਂ ਹਨ।

ਚਾਰ ਕਰਜ਼ਾ ਸੂਚਨਾ ਬਿਊਰੋ ਸੀ ਆਈ ਬੀ ਆਈ ਐੱਲ, ਈਕਵੀਫੈਕਸ, ਐਕਸਪੀਰੀਅਲ, ਹਾਈਮਾਰਕ ਕਾਇਮ ਕੀਤੇ ਗਏ ਹਨ ਤਾਂ ਕਿ ਭਾਰਤ ਵਿੱਚ ਐੱਮ ਐੱਸ ਐੱਮ ਈ ਖੇਤਰ ਵਿੱਚ ਕਰਜ਼ੇ ਸੰਬੰਧੀ ਮਸਲਿਆਂ ਨਾਲ ਨਜਿੱਠਣ ਬਾਰੇ ਜਾਣਕਾਰੀ ਹਾਸਿਲ ਹੋ ਸਕੇ।

ਐੱਮ ਐੱਸ ਐੱਮ ਈਜ਼ ਦੀ ਚੱਲ ਜਾਇਦਾਦ ਦੇ ਮੁਦਰੀਕਰਨ ਵਿੱਚ ਮਦਦ ਲਈ ਸੈਂਟਰਲ ਰਜਿਸਟਰੀ ਆਫ ਸਕਰੂਟਿਨਾਈਜੇਸ਼ਨ ਐਂਡ ਸਕਿਊਰਿਟੀ ਇੰਟਰਸਟ (ਸੀ ਈ ਆਰ ਐੱਸ ਏ ਆਈ) ਨੇ ਇਕ ਚੱਲ ਜਾਇਦਾਦ ਰਜਿਸਟਰੀ ਕਾਇਮ ਕੀਤੀ ਹੈ ਜੋ ਕਿ ਚੱਲ ਜਾਇਦਾਦ ਨੂੰ ਬੈਂਕ ਕਰਜ਼ਾ ਲੈਣ ਲਈ ਗਹਿਣੇ ਰੱਖਣ ਦੀ ਇਜਾਜ਼ਤ ਦਿੰਦੀ ਹੈ।

ਐੱਮ ਐੱਸ ਐੱਮ ਈਜ਼ ਨੂੰ ਗ੍ਰੀਨਫੀਲਡ ਦੀ ਇਕਵਿਟੀ ਤੱਕ ਪਹੁੰਚ ਲਈ ਜਾਂ ਮੌਜੂਦਾ ਦਾ ਪੱਧਰ ਉੱਚਾ ਕਰਨ ਲਈ ਬੀ ਐੱਸ ਈ ਅਤੇ ਐੱਨ ਐੱਸ ਈ ਨੂੰ ਸਮਰਪਿਤ ਐੱਸ ਐੱਮ ਈ ਐਕਸਚੇਂਜ ਕਾਇਮ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਐੱਮ ਐੱਸ ਐੱਮ ਈਜ਼ ਨੂੰ ਦੇਰੀ ਨਾਲ ਹੋ ਰਹੇ ਭੇਗਤਾਨ ਦੀ ਸਮੱਸਿਆ ਦੇ ਹੱਲ ਲਈ ਆਰ ਬੀ ਆਈ ਨੇ ਤਿੰਨ ਅਦਾਰਿਆਂ ਨੂੰ ਟਰੇਡ ਰਿਸੀਵੇਬਲ ਡਿਸਕਾਊਂਟਿੰਗ ਸਿਸਟਮ (ਟੀ ਆਰ ਈ ਡੀ ਐੱਸ) ਚਲਾਉਣ ਦੇ ਲਾਇਸੰਸ ਦੇ ਦਿੱਤੇ ਹਨ। ਇਹ ਪਲੇਟਫਾਰਮ ਇਲੈਕਟ੍ਰਾਨਿਕ ਬਿੱਲ ਫੈਕਟਰਿੰਗ ਐਕਸਚੇਂਜਾਂ ਵਜੋਂ ਕੰਮ ਕਰਦੇ ਹਨ ਜਿਥੇ ਕਿ ਐੱਮ ਐੱਸ ਐੱਮ ਈਜ਼ ਦੇ ਬਿੱਲਾਂ, ਇਨਵਾਇਸਾਂ ਨੂੰ ਇਲੈਕਟ੍ਰਾਨਿਕ ਢੰਗ

ਨਾਲ ਭੇਜਿਆ ਜਾਂਦਾ ਹੈ।

ਅੰਤ ਵਿੱਚ ਸਭ ਤੋਂ ਅਹਿਮ ਨਾਜ਼ੁਕ ਸੰਸਥਾਗਤ ਸੁਧਾਰ ਬੈਂਕਰਪਸੀ ਐਂਡ ਇਨਸਾਲਵੈਂਸੀ ਕੋਡ 2016 ਦਾ ਪਾਸ ਕੀਤਾ ਜਾਣਾ ਹੈ। ਇਸ ਕੋਡ ਅਧੀਨ ਬੋਰਡ ਨੇ ਕੰਮ ਕਰਨਾ ਸ਼ੁਰੂ ਵੀ ਕਰ ਦਿੱਤਾ ਹੈ। ਕਾਰਪੋਰੇਟ ਅਦਾਰਿਆਂ ਲਈ ਨਿਯਮ ਅਤੇ ਕਾਨੂੰਨ (ਜੋ ਕਿ ਕੰਪਨੀ ਐਕਟ ਅਧੀਨ ਚਲਾਏ ਜਾਂਦੇ ਹਨ) ਨੂੰ ਨੋਟੀਫਾਈ ਕਰ ਦਿੱਤਾ ਗਿਆ ਹੈ ਅਤੇ ਨਿੱਜੀ ਵਿਅਕਤੀਆਂ ਵਲੋਂ ਚਲਾਏ ਜਾਂਦੇ ਵਪਾਰ (ਵਿਸ਼ੇਸ਼ ਤੌਰ ਤੇ ਐੱਮ ਐੱਸ ਐੱਮ ਈਜ਼ ਲਈ) ਲਈ ਨਿਯਮਾਂ ਨੂੰ ਅੰਤਿਮ ਰੂਪ ਦੇ ਦਿੱਤਾ ਜਾ ਰਿਹਾ ਹੈ। ਆਈ ਬੀ ਆਈ ਸੀ ਅਦਾਰਿਆਂ ਦੀ ਬੀਮਾਰੀ ਨੂੰ ਦੂਰ ਕਰਨ ਦੇ ਮਤੇ ਨੂੰ ਪਾਸ ਕਰਨ ਲਈ ਤਿਅਰ-ਬਰ-ਤਿਆਰ ਹੈ। ਦਬਾਅ ਵਾਲੇ ਅਦਾਰੇ ਜਲਦੀ ਹੀ ਮੁੜ ਹਾਸਿਲ ਕੀਤੇ ਜਾ ਸਕਣਗੇ ਅਤੇ ਫਾਇਨਾਂਸਰਾਂ ਵਲੋਂ ਮੁੜ ਉਨ੍ਹਾਂ ਨੂੰ ਚਾਲੂ ਕੀਤਾ ਜਾ ਸਕੇਗਾ। ਇਸ ਤਰ੍ਹਾਂ ਇਕ ਵਿੱਤੀ ਅਨੁਸ਼ਾਸਨ ਵਿੱਤੀ ਸਿਸਟਮ ਵਿੱਚ ਕਾਇਮ ਹੋਵੇਗਾ। ਇਸ ਦਾ ਐੱਨ ਪੀ ਏ ਦੇ ਮਤਿਆਂ ਉੱਤੇ ਚੰਗਾ ਪ੍ਰਭਾਵ ਪਵੇਗਾ।

### ਅੱਗੋਂ ਦਾ ਰਾਹ

ਇਨ੍ਹਾਂ ਸੰਸਥਾਵਾਂ ਦੀ ਸਥਾਪਨਾ ਇਕ ਆਧੁਨਿਕ ਵਿੱਤੀ ਪ੍ਰਣਾਲੀ ਦੀਆਂ ਅਹਿਮ ਲੋੜਾਂ ਨੂੰ ਪੂਰਾ ਕਰੇਗੀ, ਇਹ ਜ਼ਰੂਰੀ ਹਨ ਪਰ ਇਹ ਕਾਫੀ ਕਦਮ ਨਹੀਂ ਹਨ ਜਿਵੇਂ ਕਿ ਇਕ ਕੈਂਸਰ ਦੇ ਮਰੀਜ਼ ਲਈ ਵਿਟਾਮਿਨ, ਸਿਹਤਮੰਦ ਖਾਣਾ ਅਤੇ ਕਸਰਤ ਜ਼ਰੂਰੀ ਹੋ ਸਕਦੇ ਹਨ ਪਰ ਉਸ ਨੂੰ ਤਦ ਤੱਕ ਨਹੀਂ ਬਚਾਇਆ ਜਾ ਸਕਦਾ ਜਦ ਤੱਕ ਕਿ ਉਸ ਦੇ ਕੈਂਸਰ ਸੈੱਲਾਂ ਉੱਤੇ ਵਾਰ ਕਰਕੇ ਉਨ੍ਹਾਂ ਨੂੰ ਤਬਾਹ ਨਹੀਂ ਕੀਤਾ ਜਾਂਦਾ।

ਹਰ ਸਾਲ 1 ਕਰੋੜ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਚੁਨੌਤੀ ਦਾ ਸਾਹਮਣਾ ਕਰਦੇ ਹੋਏ ਭਾਰਤ ਵਿੱਚ ਇਸ ਗੱਲ ਦੀ ਲੋੜ ਹੈ ਕਿ ਬੈਂਕਿੰਗ ਅਤੇ ਵਿੱਤੀ ਪ੍ਰਣਾਲੀ ਵਿੱਚ ਸੁਧਾਰਾਂ ਨੂੰ ਹੋਰ ਡੂੰਘਾ ਅਤੇ ਵਿਕਸਿਤ ਕੀਤਾ ਜਾਵੇ। ਇਸ ਗੱਲ ਦੀ ਲੋੜ ਹੈ ਕਿ ਇਕ ਕ੍ਰਾਂਤੀ ਪੈਦਾ ਕੀਤੀ ਜਾਵੇ ਜੋ ਕਿ ਟੈਲੀਕਾਮ ਕ੍ਰਾਂਤੀ ਦੇ ਬਰਾਬਰ ਹੋਵੇ ਅਤੇ ਅਜਿਹੇ ਹਾਲਾਤ ਬਣਾਏ ਜਾਣ ਜਿਨ੍ਹਾਂ ਵਿੱਚ ਕਿ ਸੇਵਾ ਪ੍ਰਦਾਨ ਕਰਨ ਵਾਲੇ ਗਾਹਕਾਂ ਦੇ ਮਗਰ ਭੱਜਣ। ਸਰਕਾਰ ਨੂੰ ਬੈਂਕਿੰਗ ਅਤੇ ਸੰਬੰਧਿਤ ਖੇਤਰਾਂ ਦੀ ਜਗ੍ਹਾ ਨਿੱਜੀ ਖੇਤਰ ਲਈ ਛੱਡਣੀ ਪਵੇਗੀ ਤਾਂ ਕਿ ਇਕ ਵੱਡੀ ਮੁਕਾਬਲੇਬਾਜ਼ੀ ਹੋ ਸਕੇ। ਦੂਸਰਾ ਬੈਂਕਾਂ ਵਲੋਂ ਵਚੋਲਗੀ ਦੀ ਜੋ ਰਵਾਇਤੀ ਭੂਮਿਕਾ ਹੈ ਉਸ ਨੂੰ ਨਵੀਆਂ ਸੰਸਥਾਵਾਂ ਜਿਵੇਂ ਕਿ ਟੈਲੀਕਾਮ ਕੰਪਨੀਆਂ ਅਤੇ ਡਿਜੀਟਲ ਵਿੱਤੀ ਪ੍ਰੋਗਰਾਮ ਅਤੇ ਫਿਨਿਟੈੱਕ ਕੰਪਨੀਆਂ ਵਲੋਂ ਚੁਨੌਤੀ ਦਿੱਤੀ ਜਾ ਰਹੀ ਹੈ। ਸਾਨੂੰ ਆਪਣੇ ਪਾਲਿਸੀ ਹੁੰਗਾਰਿਆਂ ਦੀ ਗਤੀ ਇਨ੍ਹਾਂ ਉੱਭਰ ਰਹੀਆਂ ਤਕਨਾਲੋਜੀਆਂ ਦੇ ਹੁੰਗਾਰੇ ਵਿੱਚ ਵਧਾਉਣੀ ਪਵੇਗੀ। ਅਸੀਂ 5 ਸਾਲਾਂ ਤੋਂ ਪੀ ਟੂ ਪੀ ਪਲੇਟਫਾਰਮਾਂ ਲਈ ਬਹਿਸ ਕਰ ਰਹੇ ਹਾਂ ਪਰ ਕਿਸੇ ਸਿੱਟੇ ਉਤੇ ਨਹੀਂ ਪਹੁੰਚੇ। ਅੰਤ ਵਿੱਚ ਡਿਜੀਟੀਕਰਨ ਉੱਤੇ ਆਧਾਰਿਤ ਮੁਦਰੀਕਰਨ ਅਤੇ ਜੀ ਐੱਸ ਟੀ ਨੂੰ ਲਾਗੂ ਕੀਤੇ ਜਾਣ ਦਾ ਜੋ ਕਦਮ ਚੁੱਕਿਆ ਗਿਆ ਹੈ, ਉਸ ਨਾਲ ਵਪਾਰ ਦਾ ਮੁਢਲਾ ਢਾਂਚਾ ਤਬਦੀਲ ਹੋ ਜਾਵੇਗਾ ਕਿਉਂਕਿ ਵਪਾਰਕ ਲੈਣ-ਦੇਣ ਵਿੱਚ ਚਮਕ ਆਵੇਗੀ। ਇਹ ਏਡੀ ਵੱਡੀ ਜਾਣਕਾਰੀ ਜੋ ਕਿ ਜੀ ਐੱਸ ਟੀ ਐੱਨ ਰਾਹੀਂ ਹਾਸਿਲ ਕੀਤੀ ਜਾਣੀ ਹੈ, ਉਹ ਸੂਚਨਾ ਆਧਾਰਿਤ ਸਹਿਭਾਗੀਆਂ ਨੂੰ ਅਸਾਸੇ ਆਧਾਰਿਤ ਅਦਾਰਿਆਂ ਨਾਲੋਂ ਵਧੇਰੇ ਦਿਲਖਿੱਚਵਾਂ ਬਣਾਵੇਗੀ ਅਤੇ ਰਵਾਇਤੀ ਬੈਂਕਿੰਗ ਨੂੰ ਆਪਣੇ ਸਿਰ ਤੋਂ ਅੱਗੇ ਵਧਾਏਗੀ।

*(ਲੇਖਕ ਨਵੀਂ ਦਿੱਲੀ ਵਿਖੇ ਭਾਰਤੀ ਸੂਖਮ, ਛੋਟੀਆਂ ਅਤੇ ਦਰਮਿਆਨੀਆਂ ਸਨਅਤਾਂ ਬਾਰੇ ਫੈਡਰੇਸ਼ਨ ਦੇ ਸਕੱਤਰ ਜਨਰਲ ਹਨ)*

*e-mail :sg@fisme.org.in*

**ਯੋਜਨਾ (ਪੰਜਾਬੀ)**

***ਦਾ ਅਗਲਾ ਅੰਕ***

- **ਅਕਤੂਬਰ 2017 – ਇਹ ਅੰਕ *ਖਪਤਕਾਰ ਜਾਗਰੂਕਤਾ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**
**(Advertisement & Circulation )**

**Publications Division, Ministry of Information and Broadcasting**
**Room No. 48-53, Soochna Bhawan, C.G.O. Complex,**
**Lodhi Road,New Delhi-110003. (Tel.011-24367260)**

***email-pdjucir@gmail.com***

# ਗੁਣਵੱਤਾ ਪ੍ਰਮਾਣੀਕਰਨ - ਮੁਕਾਬਲੇਬਾਜ਼ੀ ਦਾ ਅਹਿਮ ਪੱਖ

ਜਤਿੰਦਰ ਸਿੰਘ

ਵਿਸ਼ਵ ਮੁਕਾਬਲੇਬਾਜ਼ੀ ਕਿਸੇ ਵੀ ਉੱਦਮ ਲਈ ਕਾਰਕ ਸ਼ਕਤੀ ਹੈ। ਬਦਲ ਰਹੇ ਬਾਜ਼ਾਰ ਦੇ ਹਾਲਤਾਂ ਅਤੇ ਮੁਕਾਬਲੇਬਾਜ਼ੀ ਦੇ ਮੱਦੇਨਜ਼ਰ ਐੱਮ ਐੱਸ ਐੱਮ ਈਜ਼ ਕੋਲ ਵਿਸ਼ਵ ਚੁਨੌਤੀਆਂ ਦੇ ਹਾਣ ਦਾ ਹੋਣ ਲਈ ਸੰਭਾਵਨਾਵਾਂ ਮੌਜੂਦ ਹਨ। ਐੱਮ ਐੱਸ ਐੱਮ ਈਜ਼ ਭਾਰਤ ਦੀ ਆਰਥਿਕਤਾ ਲਈ ਵਿਕਾਸ ਦੇ ਇੰਜਣ ਵਾਂਗ ਹਨ ਕਿਉਂਕਿ ਇਹ ਖੇਤਰ ਸਾਡੇ ਦੇਸ਼ ਦੇ ਸਾਰੇ ਭਾਗਾਂ ਵਿੱਚ ਉੱਦਮਤਾ ਸਭਿਆਚਾਰ ਦਾ ਪਸਾਰਾ ਕਰ ਰਿਹਾ ਹੈ। ਕੁੱਲ ਘਰੇਲੂ ਉਤਪਾਦ ਵਿੱਚ ਐੱਮ ਐੱਸ ਐੱਮ ਈ ਖੇਤਰ ਦਾ ਯੋਗਦਾਨ 8 ਪ੍ਰਤਿਸ਼ਤ ਦੇਸ਼ ਦੇ ਨਿਰਮਾਣ ਉਤਪਾਦਨ ਅਤੇ ਨਿਰਯਾਤ ਵਿੱਚ ਕ੍ਰਮਵਾਰ 45 ਪ੍ਰਤਿਸ਼ਤ ਅਤੇ 40 ਪ੍ਰਤਿਸ਼ਤ ਹੈ। ਇਸ ਖੇਤਰ ਵਿੱਚ ਸਮਾਵੇਸ਼ ਲਈ ਭਾਰਤ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਕਿਉਂਕਿ ਇਸ ਕੋਲ ਉੱਦਮੀਆਂ ਲਈ ਵੱਖ-ਵੱਖ ਯੋਜਨਾਵਾਂ ਹਨ ਜਿਨ੍ਹਾਂ ਵਿੱਚ ਔਰਤਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਹਾਸ਼ੀਏ ਉਤੇ ਰਹਿ ਰਹੇ ਭਾਈਚਾਰੇ, ਅਪੰਗ ਵਿਅਕਤੀ ਆਦਿ ਸ਼ਾਮਲ ਹਨ। ਸਰਕਾਰ ਇਨ੍ਹਾਂ ਦਾ ਮਾਰਗ ਦਰਸ਼ਨ ਕਰਕੇ ਨਵੇਂ ਉੱਦਮਾਂ ਦਾ ਨਿਰਮਾਣ ਕਰਨ ਵਿੱਚ ਮਦਦ ਕਰਦੀ ਹੈ। ਦੁਨੀਆਂ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ ਜੋ ਸੂਖਮ ਅਤੇ ਵੱਡੇ ਅਰਥਚਾਰਿਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਸ਼ਵ ਪਹੁੰਚ ਅਪਣਾਉਣ ਦੀ ਮੰਗ ਕਰਦਾ ਹੈ। ਭਾਰਤ ਵਿੱਚ ਐੱਮ ਐੱਸ ਐੱਮ ਈ ਖੇਤਰ ਦੇ ਪ੍ਰਮੁੱਖ ਸਮੂਹ ਹਨ ਜਿਥੇ ਮਾਲਕ ਦੇ ਆਰਥਿਕ ਅਤੇ ਸਮਾਜਿਕ ਤਾਣੇ-ਬਾਣੇ ਵਿੱਚ ਮਜਬੂਤੀ ਲਿਆਉਣ ਲਈ, ਅਗਾਊਂ ਸਰਗਰਮੀਆਂ ਅਤੇ ਨੀਤੀਆਂ ਦੀ ਮਦਦ ਨਾਲ ਪ੍ਰਤਿਭਾ ਅਤੇ ਤਕਨਾਲੋਜੀ ਦਾ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾ ਸਕਦਾ ਹੈ। ਨੀਤੀ ਘਾੜਿਆਂ ਦੇ ਪੱਖ ਤੋਂ, ਐੱਮ ਐੱਸ ਐੱਮ ਈਜ਼ ਦਾ ਵਿਕਾਸ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਨਾਲ-ਨਾਲ ਨਵੀਆਂ ਸੇਵਾਵਾਂ, ਉਤਪਾਦ, ਪ੍ਰਕਿਰਿਆਵਾਂ ਅਤੇ ਵਪਾਰਕ ਮਾਡਲ ਖੋਜਾਂ ਦਾ ਨਿਰਮਾਣ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਵਧੀਆ ਪ੍ਰਬੰਧਨ ਪ੍ਰਣਾਲੀਆਂ, ਨੈੱਟਵਰਕਿੰਗ ਅਤੇ ਵੱਡੇ ਉੱਦਮਾਂ ਨਾਲ ਸੰਬੰਧਾਂ ਰਾਹੀਂ ਇਹ ਖੇਤਰ ਆਪਣੇ ਆਪ ਨੂੰ ਚੰਡ ਕੇ ਵੱਡੇ ਪੱਧਰ ਉਤੇ ਵਪਾਰਕ ਖੋਜਾਂ ਦਾ ਰਾਹ ਦਸੇਰਾ ਬਣ ਸਕਦਾ ਹੈ। ਨਿਰਯਾਤ ਖੇਤਰ ਵਿੱਚ ਪੱਕੇ ਪੈਰ ਜਮਾਉਣ ਲਈ ਮੁਕਾਬਲੇਬਾਜ਼ੀ ਦੇ ਬਾਜ਼ਾਰ ਅੰਦਰ ਗੁਣਵੱਤਾ ਪ੍ਰਮਾਣੀਕਰਨ ਦਿਨੋ-ਦਿਨ ਹੋਰ ਮਹੱਤਵਪੂਰਨ ਹੁੰਦਾ ਜਾ ਰਿਹਾ ਹੈ। ਗੁਣਵੱਤਾ ਪ੍ਰਮਾਣੀਕਰਨ ਹੁਣ ਸਿਰਫ ਵੱਡੇ ਉਦਯੋਗਾਂ ਤੱਕ ਹੀ ਸੀਮਤ ਨਹੀਂ ਰਹੀ, ਐੱਮ ਐੱਸ ਐੱਮ ਈਜ਼ ਵੱਡੀ ਗਿਣਤੀ ਵਿੱਚ ਇਸ ਨੂੰ ਅਪਨਾਉਣ ਲਈ ਅੱਗੇ ਆ ਰਹੇ ਹਨ। ਐੱਮ ਐੱਸ ਐੱਮ ਈਜ਼ ਲਈ ਮੁਕਾਬਲੇਬਾਜ਼ੀ ਦੇ ਲਾਭ ਉੱਚ ਉਤਪਾਦਕਤਾ ਅਤੇ ਮੁਨਾਫੇ ਦੇ ਰੂਪ ਵਿੱਚ ਨਜ਼ਰ ਆ ਰਹੇ ਹਨ। ਕੋਈ ਵੀ ਉੱਦਮ ਸਿਰਫ ਉਸ ਹਾਲਾਤ ਵਿੱਚ ਹੀ ਉੱਚ ਕਾਰਗੁਜ਼ਾਰੀ ਅਤੇ ਮੁਨਾਫੇ ਦਾ ਮੁਜ਼ਾਹਰਾ ਕਰ ਸਕਦਾ ਹੈ ਜੇ ਗੁਣਵੱਤਾ ਦੇ ਮਿਆਰ ਵਿਸ਼ਵੀ ਪੱਧਰ ਦੇ ਹੋਣਗੇ।

ਐੱਮ ਐੱਸ ਐੱਮ ਈਜ਼ ਦੀ ਮੁਕਾਬਲੇਬਾਜ਼ੀ ਵਿੱਚ ਇਜ਼ਾਫਾ ਕਰਨ ਲਈ ਗੁਣਵੱਤਾ ਅਤੇ ਤਕਨਾਲੋਜੀ ਵਿੱਚ ਸੁਧਾਰ ਬਹੁਤ ਅਹਿਮ ਪੱਖ ਹਨ। ਵੱਡੇ ਉਦਯੋਗਿਕ ਘਰਾਣਿਆਂ ਕੋਲ ਤਕਨਾਲੋਜੀ ਅਤੇ ਗੁਣਵੱਤਾ ਵਿੱਚ ਲਗਾਤਾਰ ਸੁਧਾਰ ਕਰਨ ਵਾਸਤੇ ਤਕਨੀਕੀ ਜਾਣਕਾਰੀ ਅਤੇ ਸਰੋਤ ਹੁੰਦੇ ਹਨ। ਜਦ ਕਿ ਐੱਮ ਐੱਸ ਐੱਮ ਈਜ਼ ਦੇ ਸਰੋਤ ਸੀਮਤ ਹਨ, ਪੈਸੇ ਦੀ ਕਮੀ ਹੁੰਦੀ ਹੈ, ਜਿਸ ਕਰਕੇ ਉਹ ਆਪਣੇ ਆਪ ਵਿੱਚ ਸੁਧਾਰ ਕਰਨ ਲਈ ਔਖ ਮਹਿਸੂਸ ਕਰਦੇ ਹਨ। ਸਿੱਟੇ ਵਜੋਂ ਉਨ੍ਹਾਂ ਵਿੱਚੋਂ ਬਹੁਤ ਸਾਰੇ ਮੁਕਾਬਲੇਬਾਜ਼ੀ ਦੀ ਅਣਹੋਂਦ ਕਾਰਨ, ਵਿਸ਼ਵ ਮੁੱਲ ਸ਼੍ਰੇਣੀ ਵਿੱਚ ਆਪਣੇ ਆਪ ਨੂੰ ਇਕ ਖ਼ਾਸ ਬਿੰਦੂ ਤੋਂ ਅਗੇ ਲਿਜਾਉਣ ਵਿੱਚ ਅਸਮਰੱਥ ਹੁੰਦੇ ਹਨ। ਆਰਥਿਕ



ਵਿਕਾਸ ਲਈ ਐੱਮ ਐੱਸ ਐੱਮ ਈਜ਼ ਦੇ ਮਹੱਤਵ ਨੂੰ ਮਹਿਸੂਸ ਕਰਦਿਆਂ ਐੱਮ ਐੱਸ ਐੱਮ ਈ ਮੰਤਰਾਲੇ ਵਲੋਂ ਛੋਟੇ ਕਾਰੋਬਾਰਾਂ ਦੀ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨ ਲਈ ਵੱਖ-ਵੱਖ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੁਆਰਾ ਗੁਣਵੱਤਾ ਅਤੇ ਨਿਰਮਾਣ ਦੇ ਤਕਨਾਲੋਜੀ ਸੰਬੰਧਿਤ ਮੁੱਦਿਆਂ ਦਾ ਹੱਲ ਕੀਤਾ ਗਿਆ ਹੈ। ਕਿਸੇ ਵੀ ਸੰਠਗਨ ਲਈ ਪ੍ਰਮਾਣੀਕਰਨ ਦੇ ਹੇਠ ਲਿਖੇ ਫਾਇਦੇ ਹਨ :

- ਮਾਨਤਾ ਅਤੇ ਬ੍ਰਾਂਡ ਪ੍ਰਤਿਸ਼ਠਾ
- ਲਗਾਤਾਰ ਸੁਧਾਰ
- ਧਿਆਨ ਦਾ ਕੇਂਦਰ ਬਣੇ ਰਹਿਣਾ
- ਵਿਸ਼ਵਾਸ
- ਅਮਲੇ ਦੀ ਸੰਤੁਸ਼ਟੀ ਅਤੇ ਰੁਝੇਵੇਂ।

ਭਾਰਤ ਸਰਕਾਰ ਵਲੋਂ ਗੁਣਵੱਤਾ ਪ੍ਰਮਾਣੀਕਰਨ ਲਈ ਹੇਠ ਲਿਖੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ :




***ਰਾਸ਼ਟਰੀ ਨਿਰਮਾਣ ਮੁਕਾਬਲੇਬਾਜ਼ੀ ਪ੍ਰੋਗਰਾਮ (ਐੱਨ ਐੱਮ ਸੀ ਪੀ) :*** ਇਸ ਪ੍ਰੋਗਰਾਮ ਅਧੀਨ 10 ਯੋਜਨਾਵਾਂ ਉਲੀਕੀਆਂ ਗਈਆਂ ਹਨ ਜਿਨ੍ਹਾਂ ਵਿੱਚ ਆਈ ਸੀ ਟੀ ਪ੍ਰੋਤਸਾਹਨ, ਮਿੰਨੀ ਟੂਲ ਰੂਮ, ਡਿਜ਼ਾਈਨ ਕਲਿਨਿਕ ਅਤੇ ਐੱਮ ਐੱਸ ਐੱਮ ਈਜ਼ ਲਈ ਬਾਜ਼ਾਰੀਕਰਨ ਸਹਾਇਤਾ ਸ਼ਾਮਲ ਹਨ। ਇਹ ਪ੍ਰੋਗਰਾਮ ਨਿਰਮਾਣ ਖੇਤਰ ਨੂੰ ਗੁਣਵੱਤਾ ਪ੍ਰਬੰਧਨ ਮਿਆਰ ਅਤੇ ਗੁਣਵੱਤਾ ਤਕਨਾਲੋਜੀ ਉਪਕਰਨਾਂ (ਕਿਊ ਐੱਮ ਐੱਸ/ਕਿਊ ਟੀ ਟੀ) ਰਾਹੀਂ ਮੁਕਾਬਲੇਬਾਜ਼ੀ ਦੇ ਸਮਰੱਥ ਬਣਾਉਂਦੇ ਹਨ।

***ਤਕਨਾਲੋਜੀ ਅਤੇ ਐੱਮ ਐੱਸ ਐੱਮ ਈਜ਼ ਲਈ ਗੁਣਵੱਤਾ ਸੁਧਾਰ ਸਹਾਇਤਾ :*** ਇਹ ਯੋਜਨਾ ਨਿਰਮਾਣ ਇਕਾਈਆਂ ਵਿੱਚ ਊਰਜਾ ਦੀ ਬਚਤ ਕਰਨ ਵਾਲੀ ਤਕਨਾਲੋਜੀ ਦੀ ਵਰਤੋਂ ਕਰਨ ਦੀ ਵਕਾਲਤ ਕਰਦੀ ਹੈ ਤਾਂ ਕਿ ਉਤਪਾਦਨ ਲਾਗਤ ਵਿੱਚ ਕਮੀ ਕੀਤੀ ਜਾ ਸਕੇ ਅਤੇ ਵਿਕਾਸ ਦਾ ਪ੍ਰਦੂਸ਼ਨ ਮੁਕਤ ਤੰਤਰ ਅਪਣਾਇਆ ਜਾ ਸਕੇ।

***ਜ਼ੈੱਡ ਈ ਡੀ (ਜ਼ੀਰੋ ਡਿਫੈਕਟ ਜ਼ੀਰੋ ਇਫੈਕਟ) ਪ੍ਰਮਾਣੀਕਰਨ ਯੋਜਨਾ ਵਿੱਚ ਐੱਮ ਐੱਸ ਐੱਮ ਈਜ਼ ਲਈ ਮਾਲੀ ਸਹਾਇਤਾ :*** ਇਹ ਯੋਜਨਾ ਵਧੀਆ ਉਪਕਰਨਾਂ ਅਤੇ ਊਰਜਾ ਦੀ ਬਚਤ ਕਰਨ ਵਾਲੇ ਨਿਰਮਾਣ ਨੂੰ ਅਪਣਾਉਣ ਲਈ ਹੱਲਾਸ਼ੇਰੀ ਦੇ ਕੇ ਐੱਮ ਐੱਸ ਐੱਮ ਈਜ਼ ਲਈ ਜ਼ੀਰੋ ਡਿਫੈਕਟ ਨਿਰਮਾਣ ਦਾ ਵਾਤਾਵਰਨ ਸਿਰਜਣ ਦੀ ਕਲਪਨਾ ਕਰਦੀ ਹੈ। ਇਹ ਯੋਜਨਾ ਮੇਕ ਇਨ ਇੰਡੀਆ ਮੁਹਿੰਮ ਦਾ ਵੀ ਸਮਰਥਨ ਕਰਦੀ ਹੈ। ਇਸ ਯੋਜਨਾ ਤਹਿਤ ਐੱਮ ਐੱਸ ਐੱਮ ਈਜ਼ ਨੂੰ ਠੇਕੇ ਪ੍ਰਾਪਤ ਕਰਨ ਲਈ ਸੋਨੇ, ਚਾਂਦੀ ਜਾਂ ਤਾਂਬੇ ਦੇ ਗੁਣਵੱਤਾ ਪ੍ਰਮਾਣੀਕਰਨ ਲਈ ਮੁਕਾਬਲਾ ਕਰਨਾ ਹੋਵੇਗਾ। ਇਸ ਯੋਜਨਾ ਦਾ ਟੀਚਾ ਐੱਮ ਐੱਸ ਐੱਮ ਈਜ਼ ਨੂੰ ਪੂਰਨ ਮਦਦ ਦੇ ਕੇ, ਸਾਫ ਤਕਨਾਲੋਜੀ ਦੀ ਵਰਤੋਂ ਰਾਹੀਂ ਉੱਚ ਗੁਣਵੱਤਾ ਵਾਲੇ ਉਤਪਾਦ ਬਣਾਉਣ ਲਈ ਪ੍ਰੇਰਿਤ

***ਜ਼ੈੱਡ ਈ ਡੀ (ਜ਼ੀਰੋ ਡਿਫੈਕਟ ਜ਼ੀਰੋ ਇਫੈਕਟ) ਪ੍ਰਮਾਣੀਕਰਨ ਯੋਜਨਾ ਵਿੱਚ ਐੱਮ ਐੱਸ ਐੱਮ ਈਜ਼ ਲਈ ਮਾਲੀ ਸਹਾਇਤਾ***

| ਸਰਗਰਮੀ | ਕੁੱਲ ਲਾਗਤ | ਭਾਰਤ ਸਰਕਾਰ ਵਲੋਂ ਮਦਦ | ਸਬਸਿਡੀ ਉਪਰੰਤ ਅਰਜ਼ੀਕਰਤਾ ਲਈ ਪ੍ਰਭਾਵੀ ਲਾਗਤ |
|---|---|---|---|
| ਪੰਜੀਕਰਨ | ਮੁਫ਼ਤ | ਲਾਗੂ ਨਹੀਂ | ਮੁਫ਼ਤ |
| ਆਨਲਾਈਨ ਸਵੈ-ਮੁੱਲਾਂਕਣ | ਮੁਫ਼ਤ | ਲਾਗੂ ਨਹੀਂ | ਮੁਫ਼ਤ |
| ਡੈਸਕਟਾਪ ਸਮੀਖਿਆ | 10,000 ਰੁਪਏ | ਸੂਖਮ 80 ਪ੍ਰਤਿਸ਼ਤ | 2,000 ਰੁਪਏ |
| | | ਛੋਟੇ 60 ਪ੍ਰਤਿਸ਼ਤ | 4,000 ਰੁਪਏ |
| | | ਦਰਮਿਆਨੇ 50 ਪ੍ਰਤਿਸ਼ਤ | 5,000 ਰੁਪਏ |
| ਸਥਾਨ ਦੀ ਸਮੀਖਿਆ | 80,000 ਰੁਪਏ | ਸੂਖਮ 80 ਪ੍ਰਤਿਸ਼ਤ | 16,000 ਰੁਪਏ |
| | | ਛੋਟੇ 60 ਪ੍ਰਤਿਸ਼ਤ | 32,000 ਰੁਪਏ |
| | | ਦਰਮਿਆਨੇ 50 ਪ੍ਰਤਿਸ਼ਤ | 40,000 ਰੁਪਏ |
| ਪੁਨਰ ਸਮੀਖਿਆ | 40,000 ਰੁਪਏ | ਸੂਖਮ 80 ਪ੍ਰਤਿਸ਼ਤ | 8,000 ਰੁਪਏ |
| | | ਛੋਟੇ 60 ਪ੍ਰਤਿਸ਼ਤ | 16,000 ਰੁਪਏ |
| | | ਦਰਮਿਆਨੇ 50 ਪ੍ਰਤਿਸ਼ਤ | 20,000 ਰੁਪਏ |
| ਰੱਖਿਆ ਸਮੀਖਿਆ | 40,000 ਰੁਪਏ | ਸੂਖਮ 80 ਪ੍ਰਤਿਸ਼ਤ | 8,000 ਰੁਪਏ |
| | | ਛੋਟੇ 60 ਪ੍ਰਤਿਸ਼ਤ | 16,000 ਰੁਪਏ |
| | | ਦਰਮਿਆਨੇ 50 ਪ੍ਰਤਿਸ਼ਤ | 20,000 ਰੁਪਏ |
| ਪਾੜੇ ਦੀ ਸਮੀਖਿਆ ਅਤੇ ਮਾਰਗ ਦਰਸ਼ਨ | 1,90,000 ਰੁਪਏ | ਸੂਖਮ 80 ਪ੍ਰਤਿਸ਼ਤ | 38,000 ਰੁਪਏ |
| | | ਛੋਟੇ 60 ਪ੍ਰਤਿਸ਼ਤ | 76,000 ਰੁਪਏ |
| | | ਦਰਮਿਆਨੇ 50 ਪ੍ਰਤਿਸ਼ਤ | 95,000 ਰੁਪਏ |

*ਸਰੋਤ ਕਿਊ ਸੀ ਆਈ*

ਕਰਨਾ ਹੈ। ਐੱਮ ਐੱਸ ਐੱਮ ਈਜ਼ ਨੂੰ ਜ਼ੈੱਡ ਈ ਡੀ ਪ੍ਰਮਾਣੀਕਰਨ ਦੀਆਂ ਸਰਗਰਮੀਆਂ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿੱਚ ਸਮੀਖਿਆ/ਦਰਜਾਬੰਦੀ, ਪਾੜੇ ਦਾ ਮੁੱਲਾਂਕਣ, ਮਾਰਗਦਰਸ਼ਨ ਅਤੇ ਸਲਾਹਕਾਰਾਂ ਦੁਆਰਾ ਐੱਮ ਐੱਸ ਐੱਮ ਈਜ਼ ਦੀ ਦਰਜਾਬੰਦੀ ਵਿੱਚ ਸੁਧਾਰ ਲਈ ਸਲਾਹ ਆਦਿ ਸ਼ਾਮਲ ਹਨ। ਜ਼ੈੱਡ ਈ ਡੀ ਦਰਜਾਬੰਦੀ ਦੇ 50 ਮਾਪਦੰਡ ਹਨ ਅਤੇ ਜ਼ੈੱਡ ਈਡੀ ਪ੍ਰੌੜਤਾ ਸਮੀਖਿਆ ਮਾਡਲ ਅਧੀਨ ਜ਼ੈੱਡ ਈ ਡੀ ਰੱਖਿਆ ਦਰਜਾਬੰਦੀ ਦੇ 25 ਹੋਰ ਮਾਪਦੰਡ ਹਨ। ਕੁਆਲਿਟੀ ਕੌਂਸਲ ਆਫ ਇੰਡੀਆ (ਕਿਊ ਸੀ ਆਈ) ਨੂੰ ਜ਼ੈੱਡ ਈ ਡੀ ਉਤੇ ਅਮਲ ਕਰਨ ਲਈ ਰਾਸ਼ਟਰੀ ਨਿਗਰਾਨੀ ਅਤੇ ਅਮਲ ਇਕਾਈ (ਐੱਨ ਐੱਮ ਆਈ ਯੂ) ਵਜੋਂ ਨਿਯੁਕਤ ਕੀਤਾ ਗਿਆ ਹੈ। ਕਿਊ ਸੀ ਆਈ ਦਾ ਟੀਚਾ ਘੱਟੋ-ਘੱਟ 22000 ਐੱਮ ਐੱਸ ਐੱਮ ਈਜ਼ ਨੂੰ ਜ਼ੈੱਡ ਈ ਡੀ ਯੋਜਨਾ ਤਹਿਤ ਚਾਂਦੀ ਦੇ ਪੱਧਰ ਦਾ ਪ੍ਰਮਾਣੀਕਰਨ ਪ੍ਰਦਾਨ ਕਰਨਾ ਹੈ। ਕਿਊ ਸੀ ਆਈ ਦਾ ਗਠਨ ਸਰਕਾਰ ਅਤੇ ਉਦਯੋਗਾਂ ਵਲੋਂ, ਇਕ ਰਾਸ਼ਟਰੀ ਮਾਨਤਾ ਢਾਂਚਾ ਸਥਾਪਤ ਕਰਨ ਅਤੇ ਮਿਆਰਾਂ ਨੂੰ ਪ੍ਰੋਤਸਾਹਨ ਦੇਣ ਲਈ ਸਾਂਝੇ ਤੌਰ ਤੇ ਕੀਤਾ ਗਿਆ ਹੈ। ਇਹ ਯੋਜਨਾ ਤਾਲਿਕਾ-1 ਅਨਸਾਰ ਹੈ ।

***ਗੁਣਵੱਤਾ ਪ੍ਰਮਾਣੀਕਰਨ - ਆਈ ਐੱਸ ਓ ਪ੍ਰਮਾਣੀਕਰਨ ਸਹਾਇਤਾ*** : ਆਈ ਐੱਸ ਓ 9001 ਦੁਨੀਆਂ ਵਿੱਚ ਸਭ ਤੋਂ ਵੱਧ ਮਾਨਤਾ ਪ੍ਰਾਪਤ ਗੁਣਵੱਤਾ ਪ੍ਰਬੰਧਨ ਪ੍ਰਣਾਲੀ (ਕਿਊ ਐੱਮ ਐੱਸ) ਹੈ। ਇਹ ਗਾਹਕਾਂ ਅਤੇ ਹਿਤਧਾਰਕਾਂ ਦੀਆਂ ਉਮੀਦਾਂ ਅਤੇ ਲੋੜਾਂ ਪੂਰੀਆਂ ਕਰਨ ਵਿੱਚ, ਹੋਰ ਫਾਇਦਿਆਂ ਤੋਂ ਇਲਾਵਾ, ਸੰਗਠਨਾਂ ਦੀ ਮਦਦ ਕਰਦਾ ਹੈ। ਇਕ ਆਈ ਐੱਸ ਓ 9001 ਗੁਣਵੱਤਾ ਪ੍ਰਬੰਧਨ ਪ੍ਰਣਾਲੀ ਸਾਰੇ ਸੰਚਾਲਨਾਂ ਵਿੱਚ ਲਗਾਤਾਰ ਗੁਣਵੱਤਾ ਨਿਗਰਾਨੀ ਅਤੇ ਪ੍ਰਬੰਧਨ ਵਿੱਚ ਮਦਦ ਕਰਦੀ ਹੈ ਤਾਂ ਜੋ ਨਿਰੰਤਰ ਕਾਰਗੁਜ਼ਾਰੀ ਅਤੇ ਸੇਵਾ ਹਾਸਲ ਕੀਤੀ ਜਾ ਸਕੇ। ਇਹ ਕਿਸੇ ਉੱਦਮ ਲਈ ਸਾਰੇ ਕੰਮਾਂ ਵਿੱਚ ਉੱਤਮਤਾ ਨੂੰ ਪ੍ਰੋਤਸਾਹਤ ਕਰਨ ਦਾ ਇਕ ਪ੍ਰਬੰਧਨ ਉਪਕਰਨ ਹੈ। ਇਹ ਮਿਆਰ ਗੁਣਵੱਤਾ ਪ੍ਰਬੰਧਨ ਪ੍ਰਣਾਲੀਆਂ (ਕਿਊ ਐੱਮ ਐੱਸ) ਨਾਲ ਸੰਬੰਧਿਤ ਹਨ ਜੋ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੇ ਗਏ ਹਨ ਕਿ ਸੰਗਠਨ ਹਿਤਧਾਰਕਾਂ ਦੀਆਂ ਲੋੜਾਂ ਪੂਰਨ ਲਈ ਗੁਣਵੱਤਾ ਮਿਆਰਾਂ ਦਾ ਪਾਲਣ ਕਰਨ। ਆਈ ਐੱਸ ਓ ਵਿਸ਼ਵੀ ਮਿਆਰ ਦੇ ਐੱਮ ਐੱਸ ਐੱਮ ਈਜ਼ ਨੂੰ ਹੋਰ ਪ੍ਰਭਾਵੀ ਤਰੀਕੇ ਨਾਲ ਕੰਮ ਕਰਨ ਵਿੱਚ ਮਦਦ ਕਰਦੇ ਹਨ ਕਿਉਂਕਿ ਇਹ ਜ਼ਿਆਦਾਤਰ ਨਿਰਮਾਣ ਕੰਪਨੀਆਂ ਲਈ ਇਕ ਮਿਆਰ ਬਣ ਗਿਆ ਹੈ। ਆਈ ਐੱਸ ਓ 9001 ਮਿਆਰਾਂ ਉਤੇ ਅਮਲ ਕਰਨ ਵਿੱਚ ਅੰਦਰੂਨੀ ਅਤੇ ਬਾਹਰੀ ਹਿਤਧਾਰਕਾਂ ਦਾ ਸਹਿਯੋਗ ਅਤੇ ਸੁਝਾਅ ਸ਼ਾਮਲ ਹਨ। ਕੋਈ ਵੀ ਸੰਗਠਨ ਗੁਣਵੱਤਾ ਪ੍ਰਬੰਧਨ ਸਿਧਾਂਤਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਵਿਸਥਾਰ ਵਿੱਚ ਸਮੀਖਿਆ ਕਰਦਾ ਹੈ। ਵੱਖ-ਵੱਖ ਰਾਜ ਸਰਕਾਰਾਂ ਗੁਣਵੱਤਾ ਪ੍ਰਮਾਣੀਕਰਨ ਲਈ ਕਈ ਪ੍ਰਕਾਰ ਦੀ ਮਾਲੀ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ। ਗੁਜਰਾਤ ਸਰਕਾਰ ਵਲੋਂ ਐੱਮ ਐੱਸ ਐੱਮ ਈਜ਼ ਲਈ ਹੇਠ ਲਿਖੀ ਯੋਜਨਾ ਉਲੀਕੀ ਗਈ ਹੈ:




### ਯੋਗ ਖਰਚਾ

ਕੋਈ ਵੀ ਯੋਗ ਉੱਦਮ ਜੋ ਆਈ ਐੱਸ ਆਈ/ਡਬਲਿਊ ਐੱਚ ਓ/ਜੀ ਐੱਮ ਪੀ/ਹਾਲ ਮਾਰਕ ਆਦਿ ਗੁਣਵੱਤਾ ਪ੍ਰਮਾਣ ਪੱਤਰ ਅਤੇ ਕੁਆਲਿਟੀ ਕੌਂਸਲ ਆਫ ਇੰਡੀਆ ਵਲੋਂ ਮਨਜ਼ੂਰਸ਼ੁਦਾ ਈ ਆਰ ਪੀ ਅਤੇ ਆਈ ਐੱਸ ਓ ਪ੍ਰਮਾਣੀਕਰਨ ਪ੍ਰਾਪਤ ਕਰਨ ਲਈ ਖਰਚਾ ਕਰਦਾ ਹੈ, ਹੇਠ ਦਿੱਤੇ ਖਰਚੇ ਲਈ ਯੋਗ ਹੋਵੇਗਾ (ਇਸ ਵਿੱਚ ਪ੍ਰਮਾਣੀਕਰਨ ਦੇ ਨਵੀਨੀਕਰਨ ਦਾ ਖਰਚਾ ਸ਼ਾਮਲ ਨਹੀਂ)।

***ਯੋਗ ਖਰਚੇ ਵਿੱਚ ਇਹ ਕੁੱਝ ਸ਼ਾਮਲ ਹੋਵੇਗਾ*** :

- ਪ੍ਰਮਾਣੀਕਰਨ ਏਜੰਸੀ ਵਲੋਂ ਲਈ ਫੀਸ
- ਉਦਯੋਗ ਕਮਿਸ਼ਨਰੀ ਵਲੋਂ ਮਨਜ਼ੂਰ, ਉੱਦਮ ਸਰੋਤ ਯੋਜਨਾਬੰਦੀ (ਈ ਆਰ ਪੀ) ਪ੍ਰਣਾਲੀ ਸੇਵਾਵਾਂ ਪ੍ਰਦਾਨ ਕਰਨ ਵਾਲਾ
- ਪ੍ਰਮਾਣੀਕਰਨ ਲਈ ਲੋੜੀਂਦੇ ਉਪਕਰਨਾਂ ਦੀ ਜਾਂਚ ਲਈ ਲੱਗੀ ਲਾਗਤ
- ਉਪਕਰਨਾਂ ਨੂੰ ਮਿਆਰ ਅਨੁਸਾਰ ਦਰੁਸਤ ਕਰਨ ਦੀ ਫੀਸ
- ਆਈ ਐੱਸ ਓ ਪ੍ਰਮਾਣੀਕਰਨ (ਯਾਤਰਾ, ਹੋਟਲ ਅਤੇ ਨਿਗਰਾਨੀ ਖਰਚ ਨੂੰ ਛੱਡ ਕੇ) ਹਾਸਲ ਕਰਨ ਲਈ ਸਲਾਹਕਾਰੀ ਫੀਸ
- ਸਥਾਪਤ ਕੀਤੇ ਜਾਣ ਵਾਲੇ ਈ ਆਰ ਪੀ ਮਾਪਾਂਕ ਕੋਲ ਉਤਪਾਦ ਦੀ ਯੋਜਨਾਬੰਦੀ, ਸਮੱਗਰੀ ਦੀ ਖਰੀਦ, ਸੂਚੀ ਨਿਯੰਤ੍ਰਣ, ਵੰਡ, ਲੇਖਾ, ਬਾਜ਼ਾਰੀਕਰਨ, ਵਿੱਤੀ ਸੇਵਾਵਾਂ ਅਤੇ ਮਨੁੱਖੀ ਸਰੋਤ ਦੀ ਸਹੂਲਤ ਦਾ ਪ੍ਰਮਾਣਪੱਤਰ ਹੋਣਾ ਚਾਹੀਦਾ ਹੈ (ਸਾਰੀਆਂ ਸਹੂਲਤਾਂ ਸਰਵਰ ਨਾਲ ਜੁੜੀਆਂ ਹੋਣ)।

### ਉਪਲਬਧ ਸਹਾਇਤਾ

ਹਰੇਕ ਉੱਦਮ ਨਿੱਜੀ ਜਾਂ ਸਮੂਹਿਕ ਤੌਰ ਤੇ, ਹਰੇਕ ਯੋਜਨਾ ਤਹਿਤ ਸਹਾਇਤਾ ਲਈ ਯੋਗ ਹੋਵੇਗਾ।

***ਈ ਆਰ ਪੀ ਪ੍ਰਣਾਲੀ*** - ਮਨਜ਼ੂਰਸ਼ੁਦਾ ਈ ਆਰ ਪੀ ਸੇਵਾਵਾਂ, ਜੋ ਉਦਯੋਗਿਕ ਕਮਿਸ਼ਨਰੀ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਦੀ 50 ਪ੍ਰਤਿਸ਼ਤ ਪੂੰਜੀ ਲਾਗਤ, ਜਿਸ ਦੀ ਵੱਧ ਤੋਂ ਵੱਧ ਸੀਮਾ 50,000 ਰੁਪਏ ਹੋਵੇਗੀ।

***ਆਈ ਐੱਸ ਓ ਪ੍ਰਮਾਣੀਕਰਨ:*** ਆਈ ਐੱਸ ਓ ਪ੍ਰਮਾਣੀਕਰਨ ਪ੍ਰਾਪਤ ਕਰਨ ਲਈ

ਸਲਾਹਕਾਰੀ ਫੀਸ ਖਰਚੇ ਵਜੋਂ 50 ਪ੍ਰਤਿਸ਼ਤ ਸਹਾਇਤਾ ਜਿਸ ਦੀ ਵੱਧ ਤੋਂ ਵੱਧ ਰਕਮ 50,000 ਰੁਪਏ ਹੋਵੇਗੀ।

***ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਮਾਣੀਕਰਨ:*** – ਡਬਲਿਯੂ ਐੱਚ ਓ, ਜੀ ਐੱਮ ਪੀ, ਹਾਲਮਾਰਕ ਪ੍ਰਮਾਣੀਕਰਨ ਅਤੇ ਦੂਜੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਮਾਣੀਕਰਨ ਲਈ ਕੁੱਲ ਖਰਚ ਦਾ 50 ਪ੍ਰਤਿਸ਼ਤ ਜਿਸ ਦੀ ਵੱਧ ਤੋਂ ਵੱਧ ਸੀਮਾ 5 ਲੱਖ ਰੁਪਏ ਹੋਵੇਗੀ। ਜਾਂਚ ਉਪਕਰਨਾਂ ਅਤੇ ਲੋੜੀਂਦੀ ਮਸ਼ੀਨਰੀ ਜੋ ਗੁਣਵੱਤਾ ਪ੍ਰਮਾਣੀਕਰਨ ਤੋਂ ਪਹਿਲਾਂ ਖਰੀਦੀ ਗਈ, ਦੀ ਲਾਗਤ ਦਾ 50 ਪ੍ਰਤਿਸ਼ਤ ਜਿਸ ਦੀ ਵੱਧ ਤੋਂ ਵੱਧ ਸੀਮਾ 10 ਲੱਖ ਰੁਪਏ ਹੋਵੇਗੀ, ਇਹ ਪ੍ਰਮਾਣੀਕਰਨ ਦੀ ਤਾਰੀਖ ਜਾਂ ਸੰਚਾਲਨ ਅਵਧੀ ਦੀ ਤਾਰੀਖ ਤੱਕ ਲਈ ਜਾ ਸਕਦੀ ਹੈ (ਜੋ ਵੀ ਪਹਿਲਾਂ ਹੋਵੇ)।

- 50 ਪ੍ਰਤਿਸ਼ਤ ਫੀਸ ਜੋ ਮਾਨਤਾ ਪ੍ਰਾਪਤ ਅੰਤਰਰਾਸ਼ਟਰੀ ਪ੍ਰਮਾਣੀਕਰਨ ਅਥਾਰਿਟੀ ਨੂੰ ਅਦਾਇਗੀ ਯੋਗ ਹੋਵੇ।
- ਇਹ ਯੋਜਨਾ ਭਾਰਤ ਸਰਕਾਰ ਦੀਆਂ ਅਜਿਹੀਆਂ ਹੋਰ ਸਕੀਮਾਂ ਦੀ ਪੂਰਕ ਹੈ। ਪਰ, ਕਿਸੇ ਵੀ ਹਾਲਤ ਵਿੱਚ ਜੀ ਓ ਜੀ ਅਤੇ ਜੀ ਓ ਆਈ ਵਲੋਂ ਪ੍ਰਾਪਤ ਕੁੱਲ ਸਹਾਇਤਾ ਐੱਮ ਐੱਸ ਐੱਮ ਈ ਵਲੋਂ ਦੱਸੇ ਉਦੇਸ਼ ਲਈ ਕੁੱਲ ਅਸਲ ਲਾਗਤ ਤੋਂ ਵੱਧ ਨਹੀਂ ਹੋਣੀ ਚਾਹੀਦੀ।

***ਸਰੋਤ : ਉਦਯੋਗ ਕਮਿਸ਼ਨਰੀ, ਗੁਜਰਾਤ ਸਰਕਾਰ***

## ਅਗਾਂਹ ਦਾ ਰਸਤਾ

ਜੇ ਅਗਲੇ ਦਹਾਕੇ ਲਈ ਭਾਰਤ ਨੇ 8-10 ਪ੍ਰਤਿਸ਼ਤ ਦੀ ਵਿਕਾਸ ਦਰ ਬਣਾਈ ਰੱਖਣੀ ਹੈ ਤਾਂ ਇਸ ਦੇ ਲਈ ਮਜਬੂਤ ਅਤੇ ਖ਼ੁਸ਼ਹਾਲ ਐੱਮ ਐੱਸ ਐੱਮ ਈ ਖੇਤਰ ਦੀ ਜ਼ਰੂਰਤ ਹਵੇਗੀ ਜੋ ਵਿਸ਼ਵ ਚੁਨੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਰੱਖਦਾ ਹੋਵੇ। ਐੱਮ ਐੱਸ ਐੱਮ ਈ ਖੇਤਰ ਨੇ ਪਿਛਲੇ ਪੰਜ ਸਾਲਾਂ ਦੌਰਾਨ 18 ਪ੍ਰਤਿਸ਼ਤ ਔਸਤ ਵਿਕਾਸ ਦਰ ਦਿਖਾਈ ਹੈ। ਮਾਲਕਾਂ/ਉੱਦਮੀਆਂ ਨੂੰ ਗੁਣਵੱਤਾ ਵਾਲੀ ਸੋਚ ਵਿਕਸਤ ਕਰਨ ਦੀ ਲੋੜ ਹੈ ਜੋ ਸੰਗਠਨ ਦੇ ਕੰਮ ਸਭਿਆਚਾਰ ਦਾ ਗਹਿਰਾ ਹਿੱਸਾ ਹੋਵੇ। ਜਨਸੰਖਿਆ ਦੇ ਮਾਮਲੇ ਵਿੱਚ ਸਾਡਾ ਦੇਸ਼ ਵਿਵਿਧਤਾ ਵਾਲਾ ਦੇਸ਼ ਹੈ। ਐੱਮ ਐੱਸ ਐੱਮ ਈ ਸਮੂਹ ਦੂਰ-ਦੂਰ ਫੈਲੇ ਹੋਏ ਹਨ ਅਤੇ ਬਰਾਬਰ ਦੇ ਫਾਸਲੇ ਉਤੇ ਸਥਿਤ ਨਹੀਂ ਹਨ। ਪ੍ਰਮਾਣੀਕਰਨ ਦੇ ਵੱਖ-ਵੱਖ ਅਤੇ ਸੁਧਰੇ ਹੋਏ ਪੱਧਰਾਂ ਉਤੇ ਐੱਮ ਐੱਸ ਐੱਮ ਈਜ਼ ਦੀ ਸੰਵੇਦਨਸ਼ੀਲਤਾ ਅਤੇ ਮਾਰਗ ਦਰਸ਼ਨ ਸਮੇਂ ਦੀ ਮੰਗ ਹੈ। ਭਾਰਤ ਦੇ ਐੱਮ ਐੱਸ ਐੱਮ ਈਜ਼ ਕੋਲ ਵਿਸ਼ਵ ਪੱਧਰ ਦੇ ਉੱਦਮ ਬਣਨ ਦੀ ਕਾਬਲੀਅਤ ਹੈ। ਇਸ ਨੂੰ ਹਾਸਲ ਕਰਨ ਲਈ, ਐੱਮ ਐੱਸ ਐੱਮ ਈਜ਼ ਨੂੰ ਗੁਣਵੱਤਾ ਪ੍ਰਮਾਣੀਕਰਨ ਅਤੇ ਖੋਜ ਤੇ ਵਿਕਾਸ ਵਿੱਚ ਨਿਵੇਸ਼ ਕਰਨਾ ਪਵੇਗਾ। ਇਸ ਉਦਯੋਗ ਦੀਆਂ ਲੋੜਾਂ ਅਤੇ ਚੁਨੌਤੀਆਂ ਵਿਸ਼ਵ ਪੱਧਰੀ ਮੁਕਾਬਲੇਬਾਜ਼ੀ ਵਾਲੇ ਐੱਮ ਐੱਸ ਐੱਮ ਈਜ਼ ਵਲੋਂ ਸਥਾਈ ਹੱਲ ਤਲਾਸ਼ਣ ਨਾਲ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

*(ਲੇਖਕ ਪੀ ਐੱਚ ਡੀ ਚੈਂਬਰ ਆਫ ਕਾਮਰਸ ਅਤੇ ਇੰਡਸਟਰੀ ਨਵੀ ਦਿੱਲੀ ਵਿੱਚ ਉੱਚ ਸਕੱਤਰ ਅਤੇ ਐੱਚ ਆਰ ਮੁਖੀ ਹਨ)*

*e-mail :jatinder@phdcci.in*



# ਨਵੇਂ ਭਾਰਤ ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਅਦਾਰਿਆਂ ਦੀ ਭੂਮਿਕਾ

ਸਸੀਕਲਾ ਪੁਸ਼ਪਾ, ਬੀ. ਰਾਮਾਸਵਾਮੀ

ਦੁਨੀਆਂ ਭਰ ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਅਦਾਰਿਆਂ (ਐੱਮ ਐੱਸ ਐੱਮ ਈਜ਼) ਦੀ ਭੂਮਿਕ ਨੂੰ ਆਰਥਿਕ ਵਿਕਾਸ ਦੇ ਇੰਜਨ ਅਤੇ ਬਰਾਬਰ ਵਿਕਾਸ ਨੂੰ ਉਤਸ਼ਾਹਿਤ ਕਰਨ ਵਾਲੇ ਵਜੋਂ ਪ੍ਰਵਾਨ ਕੀਤਾ ਗਿਆ ਹੈ। ਐੱਮ ਐੱਸ ਐੱਮ ਈਜ਼ ਬਹੁਤ ਸਾਰੀਆਂ ਆਰਥਿਕਤਾਵਾਂ ਵਿੱਚ ਕੁੱਲ ਅਦਾਰਿਆਂ ਦੇ 90 ਪ੍ਰਤਿਸ਼ਤ ਦੇ ਬਰਾਬਰ ਹੁੰਦੇ ਹਨ ਅਤੇ ਇਨ੍ਹਾਂ ਨੂੰ ਰੋਜ਼ਗਾਰ ਵਿਕਾਸ ਦੀ ਸਭ ਤੋਂ ਉੱਚੀ ਦਰ ਦਾ ਸਿਹਰਾ ਦਿੱਤਾ ਜਾਂਦਾ ਹੈ ਅਤੇ ਸਨਅਤੀ ਉਤਪਾਦਨ ਅਤੇ ਬਰਾਮਦਾਂ ਵਿੱਚ ਇਨ੍ਹਾਂ ਦਾ ਹਿੱਸਾ ਕਾਫੀ ਜ਼ਿਆਦਾ ਹੁੰਦਾ ਹੈ। ਜਿਥੋਂ ਤੱਕ ਸੂਖਮ, ਛੋਟੇ ਅਤੇ ਦਰਮਿਆਨੇ ਅਦਾਰਿਆਂ (ਐੱਮ ਐੱਸ ਐੱਮ ਈਜ਼) ਦਾ ਭਾਰਤ ਦੇ ਵਿਕਾਸ ਮੌਕਿਆਂ ਨਾਲ ਸੰਬੰਧ ਹੈ, ਇਹ ਮੌਜੂਦਾ ਅਤੇ ਭਵਿੱਖ ਦੇ ਕੰਮਕਾਜ ਲਈ ਰੀੜ੍ਹ ਦੀ ਹੱਡੀ ਸਿੱਧ ਹੋ ਸਕਦਾ ਹੈ ਅਤੇ ਇਸ ਵਿੱਚ ਘਰੇਲੂ ਅਤੇ ਵਿਦੇਸ਼ੀ ਕੰਪਨੀਆਂ 'ਮੇਕ ਇਨ ਇੰਡੀਆ' ਪਹਿਲਕਦਮੀ ਅਧੀਨ ਨਿਵੇਸ਼ ਕਰਦੀਆਂ ਹਨ ਅਤੇ ਦੇਸੀਕਰਨ ਦੇ ਖੇਤਰ ਵਿੱਚ ਕਾਫੀ ਪ੍ਰਭਾਵ ਪਾਉਂਦੀਆਂ ਹਨ। 'ਮੇਕ ਇਨ ਇੰਡੀਆ ਜ਼ੀਰੋ ਨੁਕਸ ਅਤੇ ਜ਼ੀਰੋ ਪ੍ਰਭਾਵ' ਵਾਲਾ ਇਕ ਅਹਿਮ ਮੌਕਾ ਹੈ। ਨਵੀਂ ਲਹਿਰ ਵਾਲਾ ਐੱਮ ਐੱਸ ਐੱਮ ਈ ਵਪਾਰ ਦੀ ਈਕੋ ਪ੍ਰਣਾਲੀ ਨੂੰ ਵਿਕਸਤ ਕਰਨ ਵਾਲਾ ਹੋਣਾ ਚਾਹੀਦਾ ਹੈ ਜਿਸ ਨਾਲ ਕਿ ਵਪਾਰ ਨੂੰ ਲਗਾਤਾਰ ਹਮਾਇਤ ਹਾਸਿਲ ਹੋਵੇ ਅਤੇ ਨਾਲ ਹੀ ਸਹੀ ਉਤਪਾਦ, ਸਾਹੀ ਗੁਣਵੱਤਾ, ਸਹੀ ਹੱਲ ਅਤੇ ਸਹੀ ਸੇਵਾ ਮੁਕਾਬਲੇ ਵਾਲੀ ਦਰ ਉੱਤੇ ਘਰੇਲੂ ਅਤੇ ਅੰਤਰਰਾਸ਼ਟਰੀ ਮੰਡੀਆਂ ਵਿੱਚ ਮਿਲ ਸਕੇ। 'ਡਿਜੀਟਲ ਇੰਡੀਆ' ਕ੍ਰਾਂਤੀ ਵਲੋਂ ਐੱਮ ਐੱਸ ਐੱਮ ਈ ਨੂੰ ਸੂਚਨਾ, ਸੰਚਾਰ ਅਤੇ ਦੂਰਸੰਚਾਰ (ਆਈ ਸੀ ਟੀ) ਖੇਤਰ ਵਿੱਚ ਸਰਕਾਰ ਦੇ ਸੁਪਨੇ ਅਨੁਸਾਰ ਹਿੱਸਾ ਲੈਣ ਦਾ ਵੱਡਾ ਮੌਕਾ ਦਿੱਤਾ ਜਾਂਦਾ ਹੈ। ਇਹ ਵੀ ਬਰਾਬਰ ਤੌਰ ਤੇ ਅਹਿਮ ਹੈ ਕਿ ਐੱਮ ਐੱਸ ਐੱਮ ਈ ਖੇਤਰ ਖੇਤੀ, ਨਿਰਮਾਣ ਅਤੇ ਸੇਵਾਵਾਂ ਦੇ ਖੇਤਰ ਵਿੱਚ ਵਿਕਸਤ ਕੀਤਾ ਜਾਵੇ ਕਿਉਂਕਿ ਇਨ੍ਹਾਂ ਵਿੱਚੋਂ ਹਰ ਖੇਤਰ ਕੁੱਲ ਘਰੇਲੂ ਉਤਪਾਦ ਵਾਧੇ ਅਤੇ ਰੋਜ਼ਗਾਰ ਪੈਦਾ ਕਰਨ ਨਾਲ ਸੰਬੰਧਿਤ ਹੈ। ਐੱਮ ਐੱਸ ਐੱਮ ਈ ਖੇਤਰ ਸਮਾਜਿਕ-ਆਰਥਿਕ ਤਬਦੀਲੀ ਵਿੱਚ ਵੀ ਅਹਿਮ ਭੂਮਿਕਾ ਅਦਾ ਕਰ ਸਕਦਾ ਹੈ। ਭਾਰਤ ਦੀ ਕੁੱਲ ਵਿਕਾਸ ਦਰ 8.5 ਪ੍ਰਤਿਸ਼ਤ ਤੱਕ ਪਹੁੰਚਣ ਦੀ ਆਸ ਹੈ ਅਤੇ ਦੇਸ਼ ਵਲੋਂ 2025 ਤੱਕ 5 ਟ੍ਰਿਲੀਅਨ ਅਮਰੀਕੀ ਡਾਲਰ ਦੀ ਆਰਥਿਕਤਾ ਹਾਸਿਲ ਕਰ ਲਏ ਜਾਣ ਦੀ ਸੰਭਾਵਨਾ ਹੈ। ਐੱਮ ਐੱਸ ਐੱਮ ਈ ਖੇਤਰ ਵਿੱਚ ਇਹ ਸਮਰੱਥਾ ਹੈ ਕਿ ਉਹ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣ ਸਕਦਾ ਹੈ ਅਤੇ ਵਿਕਾਸ ਦੇ ਇੰਜਨ ਵਜੋਂ ਕੰਮ ਕਰ ਸਕਦਾ ਹੈ ਬਸ਼ਰਤੇ ਕਿ ਉਸ ਨੂੰ ਸਹੀ ਹਮਾਇਤ ਅਤੇ ਢਾਂਚਾ ਪ੍ਰਦਾਨ ਕੀਤਾ ਜਾਵੇ।

ਭਾਰਤ ਦਾ ਐੱਮ ਐੱਸ ਐੱਮ ਈ ਖੇਤਰ ਰਾਸ਼ਟਰੀ ਆਰਥਿਕ ਢਾਂਚੇ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਸ ਨੇ ਬਿਨਾਂ ਸ਼ੱਕ ਭਾਰਤੀ ਆਰਥਿਕਤਾ ਦੀ ਸਥਿਤੀ ਸੁਧਾਰਨ ਲਈ ਕੰਮ ਕੀਤਾ ਹੈ ਅਤੇ ਇਸ ਨੇ ਅੰਤਰਰਾਸ਼ਟਰੀ ਆਰਥਿਕ ਝਟਕਿਆਂ ਅਤੇ ਮੁਸ਼ਕਿਲਾਂ ਨੂੰ ਪੂਰੀ ਹਿੰਮਤ ਨਾਲ ਬਰਦਾਸ਼ਤ ਕੀਤਾ ਹੈ। ਦੇਸ਼ ਵਿੱਚ ਲਗਭਗ 36.1 ਮਿਲੀਅਨ ਯੂਨਿਟ ਤੱਕ ਪਹੁੰਚਣ ਕਾਰਨ ਐੱਮ ਐੱਸ ਐੱਮ ਈ ਨੇ ਕੁੱਲ ਘਰੇਲੂ ਉਤਪਾਦ ਦੇ ਨਿਰਮਾਣ ਵਿੱਚ ਲਗਭਗ 6.11 ਪ੍ਰਤਿਸ਼ਤ ਅਤੇ ਸੇਵਾ ਖੇਤਰ ਵਿੱਚ ਲਗਭਗ 24.63 ਪ੍ਰਤਿਸ਼ਤ ਅਤੇ ਭਾਰਤ ਦੇ ਨਿਰਮਾਣ ਖੇਤਰ ਵਿੱਚ 33.4 ਪ੍ਰਤਿਸ਼ਤ ਹਿੱਸਾ ਪਾਇਆ ਹੈ। ਇਸ ਖੇਤਰ ਨੇ ਲਗਭਗ 120 ਮਿਲੀਅਨ ਲੋਕਾਂ ਨੂੰ ਰੋਜ਼ਗਾਰ ਪ੍ਰਦਾਨ ਕੀਤਾ ਹੈ ਅਤੇ ਦੇਸ਼ ਦੀਆਂ ਬਰਾਮਦਾਂ ਵਿੱਚ 45 ਪ੍ਰਤਿਸ਼ਤ ਦੇ ਲਗਭਗ ਹਿੱਸਾ ਪਾਇਆ ਹੈ। ਇਸ ਖੇਤਰ ਨੇ ਲਗਭਗ 10 ਪ੍ਰਤਿਸ਼ਤ ਤੋਂ ਜ਼ਿਆਦਾ ਵਿਕਾਸ ਦਰ ਨੂੰ ਕਾਇਮ ਰੱਖਿਆ ਹੈ। ਤਕਰੀਬਨ 20 ਪ੍ਰਤਿਸ਼ਤ ਐੱਮ ਐੱਸ ਐੱਮ ਈ ਦਿਹਾਤੀ ਖੇਤਰਾਂ ਵਿੱਚ ਸਥਿਤ ਸਨ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਇਸ ਖੇਤਰ ਵਿੱਚ ਬਹੁਤ ਸਾਰੇ ਦਿਹਾਤੀ ਕਾਮੇ ਕੰਮ ਕਰ ਰਹੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਦਿਹਾਤੀ ਖੇਤਰਾਂ ਵਿੱਚ ਸ਼ਮੂਲੀਅਤ ਭਰਿਆ ਵਿਕਾਸ ਹੋਇਆ ਹੈ ਅਤੇ ਵੱਡੇ ਪੱਧਰ ਉੱਤੇ ਰੋਜ਼ਗਾਰ ਦੇ ਮੌਕੇ ਇਸ ਖੇਤਰ ਵਿੱਚ ਪੈਦਾ ਹੋ ਰਹੇ ਹਨ।

## ਐੱਮ ਐੱਸ ਐੱਮ ਈਜ਼ ਦੀ ਭੂਮਿਕਾ

ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਖੇਤਰ ਦੇ ਅਦਾਰਿਆਂ (ਐੱਮ ਐੱਸ ਐੱਮ ਈਜ਼) ਦੀ ਭੂਮਿਕਾ ਪੂਰੀ ਤਰ੍ਹਾਂ ਸਥਾਪਿਤ ਹੈ। ਸੂਖਮ, ਛੋਟੇ ਅਤੇ ਦਰਮਿਆਨੇ ਖੇਤਰ ਦੇ ਅਦਾਰਿਆਂ (ਐੱਮ ਐੱਸ ਐੱਮ ਈਜ਼) ਬਾਰੇ ਇਕ ਕੰਮਕਾਜੀ ਗਰੁੱਪ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 12ਵੀਂ ਪੰਜ ਸਾਲਾ ਯੋਜਨਾ (2012–2017) ਵਿੱਚ ਨਿਰਮਾਣ ਖੇਤਰ ਦਾ ਉਤਪਾਦਨ 45 ਪ੍ਰਤਿਸ਼ਤ ਰਿਹਾ ਅਤੇ ਕੁੱਲ ਬਰਾਮਦਾਂ 40 ਪ੍ਰਤਿਸ਼ਤ ਰਹੀਆਂ ਇਸ ਖੇਤਰ ਨੇ 26 ਮਿਲੀਅਨ ਅਦਾਰਿਆਂ ਰਾਹੀਂ 69 ਮਿਲੀਅਨ ਲੋਕਾਂ ਨੂੰ ਦੇਸ਼ ਭਰ ਵਿੱਚ ਰੋਜ਼ਗਾਰ ਪ੍ਰਦਾਨ ਕੀਤਾ। ਦੇਸ਼ ਵਿੱਚ ਐੱਮ ਐੱਸ ਐੱਮ ਈਜ਼ ਖੇਤਰ ਵਿੱਚ 6000 ਤੋਂ ਵੱਧ ਉਤਪਾਦ ਜੋ ਕਿ ਰਵਾਇਤੀ ਤੋਂ ਲੈ ਕੇ ਹਾਈਟੈੱਕ ਵਸਤਾਂ ਤੱਕ ਸ਼ਾਮਲ ਹਨ, ਤਿਆਰ ਕੀਤੇ ਜਾ ਰਹੇ ਹਨ। ਐੱਮ ਐੱਸ ਐੱਮ ਈ ਖੇਤਰ ਵਿੱਚ ਕਿਰਤ ਅਤੇ ਪੂੰਜੀ ਦਾ ਅਨੁਪਾਤ ਅਤੇ ਸਮੁੱਚਾ ਵਿਕਾਸ ਵੱਡੀਆਂ

ਸਨਅਤਾਂ ਨਾਲੋਂ ਕਾਫੀ ਜ਼ਿਆਦਾ ਹੈ। ਐੱਮ ਐੱਸ ਐੱਮ ਈ ਖੇਤਰ ਵਿੱਚ ਭੂਗੋਲਿਕ ਵੰਡ ਜ਼ਿਆਦਾ ਢੁੱਕਵੀਂ ਹੈ। ਇਸ ਤਰ੍ਹਾਂ ਐੱਮ ਐੱਸ ਐੱਮ ਈਜ਼ ਵਿਕਾਸ ਦੇ ਟੀਚੇ ਨੂੰ ਪੂਰੀ ਬਰਾਬਰੀ ਅਤੇ ਸ਼ਮੂਲੀਅਤ ਨਾਲ ਪ੍ਰਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

## ਵਿਭਿੰਨਤਾ ਭਰਿਆ ਵਤੀਰਾ ਤੇ ਐੱਮ ਐੱਸ ਐੱਮ ਈਜ਼ ਦੀ ਭਾਰਤ ਵਿੱਚ ਅਹਿਮੀਅਤ

ਪਿਛਲੇ ਕਈ ਸਾਲਾਂ ਤੋਂ ਭਾਰਤ ਵਿੱਚ ਛੋਟੀਆਂ ਸਨਅਤਾਂ ਦਾ ਖੇਤਰ ਕਾਫੀ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਹੈ ਅਤੇ ਇਸ ਵਿੱਚ ਸਾਦੀਆਂ ਖਪਤਕਾਰੀ ਵਸਤਾਂ ਤੋਂ ਲੈ ਕੇ ਕਈ ਆਧੁਨਿਕ ਵਸਤਾਂ ਜਿਵੇਂ ਕਿ ਬਿਜਲਈ ਨਿਯੰਤ੍ਰਣ ਪ੍ਰਣਾਲੀ, ਮਾਈਕ੍ਰੋਵੇਵ ਕੰਪੋਨੈਂਟਸ, ਇਲੈਕਟ੍ਰੋ-ਮੈਡੀਕਲ ਸਾਜ਼ੋ-ਸਾਮਾਨ ਆਦਿ ਦਾ ਉਤਪਾਦਨ ਹੋ ਰਿਹਾ ਹੈ। ਆਰਥਿਕ ਖੁੱਲ੍ਹੇਪਨ ਅਤੇ ਮੰਡੀ ਸੁਧਾਰਾਂ ਨੇ ਇਨ੍ਹਾਂ ਅਦਾਰਿਆਂ ਨੂੰ ਹੋਰ ਲੋਕਾਂ ਸਾਹਮਣੇ ਲਿਆਂਦਾ ਹੈ ਤੇ ਇਨ੍ਹਾਂ ਵਿੱਚ ਘਰੇਲੂ ਅਤੇ ਵਿਸ਼ਵ ਮੁਕਾਬਲੇਬਾਜ਼ੀ ਦਾ ਪੱਧਰ ਵੀ ਵਧਿਆ ਹੈ। ਭਾਰਤ ਵਿੱਚ ਐੱਮ ਐੱਸ ਐੱਮ ਈ ਖੇਤਰ ਅਦਾਰਿਆਂ ਦੇ ਆਕਾਰ ਦੇ ਹਿਸਾਬ ਨਾਲ ਬਹੁ-ਪੱਖੀ ਹੈ, ਜਿਸ ਵਿੱਚ ਵੱਖ-ਵੱਖ ਉਤਪਾਦ ਤਿਆਰ ਹੋ ਰਹੇ ਹਨ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਵਰਤੀ ਗਈ ਤਕਨਾਲੋਜੀ ਦਾ ਪੱਧਰ ਵੀ ਸੁਧਰਿਆ ਹੈ। ਜਦ ਕਿ ਐੱਮ ਐੱਸ ਐੱਮ ਈ ਖੇਤਰ ਦੇ ਇਕ ਹਿੱਸੇ ਵਿੱਚ ਆਧੁਨਿਕ ਖੋਜਪੂਰਨ ਕੰਮਾਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਨਾਲ ਹੀ ਉੱਚ ਪੱਧਰੀ ਵਿਕਾਸ ਦਾ ਜ਼ਿਕਰ ਹੈ ਪਰ ਫਿਰ ਵੀ 94 ਪ੍ਰਤਿਸ਼ਤ ਐੱਮ ਐੱਸ ਐੱਮ ਈ ਗ਼ੈਰ ਪੰਜੀਕ੍ਰਿਤ ਹਨ ਅਤੇ ਵਧੇਰੇ ਅਦਾਰੇ ਗ਼ੈਰ ਰਸਮੀ ਜਾਂ ਗ਼ੈਰ ਸੰਗਠਿਤ ਖੇਤਰ ਦੀ ਵਿਕਾਸ ਸਮਰੱਥਾ ਕਾਫੀ ਜ਼ਿਆਦਾ ਹੈ ਅਤੇ ਇਹ ਨਿਰਮਾਣ ਖੇਤਰ ਵਿੱਚ ਕਾਫੀ ਨਾਜ਼ੁਕ ਭੂਮਿਕਾ ਨਿਭਾ ਰਹੇ ਹਨ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਐੱਮ ਐੱਸ ਐੱਮ ਈ) ਖੇਤਰ ਵਿੱਚ ਨਿਵੇਸ਼ ਦੀ ਕਾਫੀ ਘੱਟ ਲੋੜ ਹੁੰਦੀ ਹੈ, ਕੰਮਕਾਜ ਵਿੱਚ ਚਲਕਤਾ ਹੁੰਦੀ ਹੈ ਅਤੇ ਇਲਾਕੇ ਦੇ ਹਿਸਾਬ ਨਾਲ ਗਤੀਸ਼ੀਲਤਾ ਹੁੰਦੀ ਹੈ। ਐੱਮ ਐੱਸ ਐੱਮ ਈਜ਼ ਦੀ ਚੌਥੀ ਸਰਬ ਭਾਰਤੀ ਜਨਗਣਨਾ ਅਨੁਸਾਰ ਅਦਾਰਿਆਂ ਦੀ ਗਿਣਤੀ 26 ਮਿਲੀਅਨ ਦੇ ਕਰੀਬ ਹੈ ਅਤੇ ਇਹ 69 ਮਿਲੀਅਨ ਲੋਕਾਂ ਨੂੰ ਰੋਜ਼ਗਾਰ ਪ੍ਰਦਾਨ ਕਰ ਰਿਹਾ ਹੈ। 26 ਮਿਲੀਅਨ ਅਦਾਰਿਆਂ ਵਿੱਚੋਂ ਸਿਰਫ 1.5 ਮਿਲੀਅਨ ਅਦਾਰੇ ਹੀ ਪੰਜੀਕ੍ਰਿਤ ਹਨ ਜਦ ਕਿ ਬਾਕੀ 24.5 ਮਿਲੀਅਨ (94 ਪ੍ਰਤਿਸ਼ਤ) ਗ਼ੈਰ ਪੰਜੀਕ੍ਰਿਤ ਖੇਤਰ ਵਿੱਚ ਹਨ। ਐੱਮ ਐੱਸ ਐੱਮ ਈ ਦੀ ਸੂਬਾ ਵਾਰ ਵੰਡ ਦਰਸਾਉਂਦੀ ਹੈ ਕਿ ਇਨ੍ਹਾਂ ਅਦਾਰਿਆਂ ਵਿੱਚੋਂ 55 ਪ੍ਰਤਿਸ਼ਤ ਤੋਂ ਵੱਧ 6 ਸੂਬਿਆਂ ਜਿਵੇਂ ਕਿ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵਿੱਚ ਹਨ। ਇਸ ਤੋਂ ਇਲਾਵਾ ਇਨ੍ਹਾਂ ਵਿੱਚੋਂ 79 ਪ੍ਰਤਿਸ਼ਤ ਐੱਮ ਐੱਸ ਐੱਮ ਈਜ਼ ਦੀ ਮਲਕੀਅਤ ਲੋਕਾਂ ਦੇ ਹੱਥਾਂ ਵਿੱਚ ਹੈ ਅਤੇ 54 ਪ੍ਰਤਿਸ਼ਤ ਤੋਂ ਵੱਧ ਐੱਮ ਐੱਸ ਐੱਮ ਈਜ਼ ਮਲਕੀਅਤ ਵਾਲੇ ਜਾਂ ਭਾਈਵਾਲੀ ਵਾਲੇ ਹਨ। ਦੇਸ਼ ਵਿੱਚ ਐੱਮ ਐੱਸ ਐੱਮ ਈ ਅਦਾਰੇ 6000 ਉਤਪਾਦ ਤਿਆਰ ਕਰਦੇ ਹਨ। ਨਿਰਮਾਣ ਦੇ ਖੇਤਰ ਵਿੱਚ ਕੁੱਝ ਉੱਪ ਖੇਤਰ ਵੀ ਸ਼ਾਮਲ ਹਨ ਜਿਨ੍ਹਾਂ ਵਿੱਚ ਖੁਰਾਕੀ ਵਸਤਾਂ (18.97 ਪ੍ਰਤਿਸ਼ਤ), ਕੱਪੜਾ ਅਤੇ ਤਿਆਰ ਕੀਤੇ ਕੱਪੜੇ (14.05 ਪ੍ਰਤਿਸ਼ਤ), ਕੱਚੀ ਧਾਤ (8.81 ਪ੍ਰਤਿਸ਼ਤ), ਰਸਾਇਣ ਅਤੇ ਰਸਾਇਣਕ ਉਤਪਾਦ (7.55 ਪ੍ਰਤਿਸ਼ਤ), ਧਾਤੂਆਂ ਤੋਂ ਬਣੀਆਂ ਵਸਤਾਂ (7.52 ਪ੍ਰਤਿਸ਼ਤ), ਮਸ਼ੀਨਰੀ ਅਤੇ ਸਾਜ਼ੋ-ਸਮਾਨ (6.35 ਪ੍ਰਤਿਸ਼ਤ), ਆਵਾਜਾਈ ਸਾਜ਼ੋ-ਸਮਾਨ (4.5 ਪ੍ਰਤਿਸ਼ਤ), ਰਬੜ ਅਤੇ ਪਲਾਸਟਿਕ ਉਤਪਾਦ (3.9 ਪ੍ਰਤਿਸ਼ਤ), ਲੱਕੜੀ ਦਾ ਸਮਾਨ (2.62 ਪ੍ਰਤਿਸ਼ਤ), ਕਾਗ਼ਜ਼ ਅਤੇ ਕਾਗ਼ਜ਼ ਉਤਪਾਦ (2.03 ਪ੍ਰਤਿਸ਼ਤ) ਅਤੇ ਚਮੜਾ ਅਤੇ ਚਮੜਾ ਉਤਪਾਦ (1.98 ਪ੍ਰਤਿਸ਼ਤ)।

## ਐੱਮ ਐੱਸ ਐੱਮ ਈਜ਼ ਦਾ ਪ੍ਰਬੰਧ ਤੇ ਤਰੱਕੀ ਲਈ ਸਰਕਾਰ ਵਲੋਂ ਚੁੱਕੇ ਗਏ ਮੁੱਖ ਕਦਮ

ਐੱਸ ਐੱਮ ਈ ਦੇ ਖੇਤਰ ਦੀ ਦੇਸ਼ ਦੇ ਆਰਥਿਕ ਵਿਕਾਸ ਅਤੇ ਖ਼ੁਸ਼ਹਾਲੀ ਵਿੱਚ ਦੇਣ ਅਤੇ ਅਹਿਮੀਅਤ ਪੂਰੀ ਤਰ੍ਹਾਂ ਸਥਾਪਿਤ ਹੈ। ਇਸ ਵੱਲ ਸਰਕਾਰ ਦੀ ਨੀਤੀ ਪਹਿਲਕਦਮੀ ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿਕਾਸ (ਐੱਮ ਐੱਸ ਐੱਮ ਈ ਡੀ) ਕਾਨੂੰਨ, 2006 ਬਣਾਉਣਾ, ਰਾਖਵੀਂ ਰੱਖੀ ਛੋਟੀਆਂ ਸਨਅਤਾਂ ਦੇ ਖੇਤਰ (ਐੱਸ ਐੱਸ ਆਈ) ਦੀ ਸੂਚੀ ਵਿੱਚ ਕਾਂਟਛਾਂਟ, ਵਿੱਤੀ ਸੰਸਥਾਵਾਂ ਨੂੰ ਐੱਸ ਐੱਮ ਈ ਖੇਤਰ ਵਿੱਚ ਵਧੇਰੇ ਪੈਸੇ ਲਗਾਉਣ ਦੀ ਸਲਾਹ ਦੇਣਾ ਆਦਿ ਸ਼ਾਮਲ ਹਨ। ਐੱਮ ਐੱਸ ਐੱਮ ਈ ਖੇਤਰ ਵਿੱਚ ਨਿਰਮਾਣ ਲਈ ਵਿਸ਼ੇਸ਼ ਤੌਰ ਤੇ ਵਸਤਾਂ ਰਾਖਵੀਆਂ ਰੱਖਣ ਲਈ ਇੰਡਸਟ੍ਰੀਜ਼ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ, 1951 ਇਸ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਇਕ

### ਸਿਡਬੀ ਤੇ ਐੱਮ ਐੱਸ ਐੱਮ ਈਜ਼ ਨੂੰ ਉਤਸ਼ਾਹਿਤ ਕਰਨ 'ਚ ਇਸ ਦੀ ਭੂਮਿਕਾ

ਦਿਹਾਤੀ ਅਬਾਦੀ ਦਾ ਵੱਡਾ ਹਿੱਸਾ ਆਮਦਨ ਲਈ ਖੇਤੀ ਖੇਤਰ ਉੱਤੇ ਨਿਰਭਰ ਕਰਦਾ ਹੈ। ਦੇਸ਼ ਦੀ 54 ਪ੍ਰਤਿਸ਼ਤ ਆਬਾਦੀ ਖੇਤੀ ਖੇਤਰ ਉੱਤੇ ਨਿਰਭਰ ਕਰਦੀ ਹੈ। ਖੇਤੀ ਖੇਤਰ ਰਾਸ਼ਟਰੀ ਆਮਦਨ ਵਿੱਚ ਸਿਰਫ 16 ਪ੍ਰਤਿਸ਼ਤ ਹਿੱਸਾ ਪਾਉਂਦਾ ਹੈ। ਖੇਤੀ ਖੇਤਰ ਉੱਤੇ ਨਿਰਭਰ ਲੋਕਾਂ ਲਈ ਆਮਦਨ ਦਾ ਵਰਗ ਨੀਵਾਂ ਹੋਣ ਦਾ ਇਹ ਸਭ ਤੋਂ ਵੱਡਾ ਕਾਰਨ ਹੈ। ਦਿਹਾਤੀ ਖੇਤਰਾਂ ਵਿੱਚ ਗਰੀਬੀ ਘਟਾਉਣਾ ਦਿਹਾਤੀ ਅਬਾਦੀ ਨਾਲ ਸਿੱਧੇ ਤੌਰ ਤੇ ਸੰਬੰਧਿਤ ਹੈ, ਖ਼ਾਸ ਤੌਰ ਤੇ ਨੌਜਵਾਨਾਂ ਉੱਤੇ ਜੋ ਕਿ ਆਪਣੀ ਖੇਤੀ ਆਮਦਨ ਵਿੱਚ ਸੂਖਮ ਅਤੇ ਛੋਟੇ ਅਦਾਰਿਆਂ ਦੀ ਮਦਦ ਨਾਲ ਵਾਧਾ ਕਰ ਸਕਦੇ ਹਨ।

ਸਿਡਬੀ ਫਾਊਂਡੇਸ਼ਨ ਫਾਰ ਮਾਈਕ੍ਰੋ ਕ੍ਰੈਡਿਟ (ਐੱਸ ਐੱਫ ਐੱਮ ਸੀ) ਦੀ ਸਥਾਪਨਾ ਮਜ਼ਬੂਤ ਅਤੇ ਚੱਲਣ ਯੋਗ ਮਾਈਕ੍ਰੋ ਫਾਇਨਾਂਸ ਇੰਸਟੀਚਿਊਸ਼ਨਜ਼ (ਐੱਮ ਐੱਫ ਈਜ਼) ਦਾ ਢਾਂਚਾ ਕਾਇਮ ਕਰਨ ਦੇ ਉਦੇਸ਼ ਨਾਲ ਕੀਤੀ ਗਈ। ਇਸ ਦੀ ਸਥਾਪਨਾ ਆਰਥਿਕ ਤੌਰ ਤੇ ਨੁਕਸਾਨ ਵਿੱਚ ਜਾ ਰਹੇ ਸਮਾਜ ਦੇ ਵਰਗਾਂ ਨੂੰ ਮਾਈਕ੍ਰੋ ਫਾਇਨਾਂਸ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੀਤੀ ਗਈ।

ਮਾਈਕ੍ਰੋ ਯੂਨਿਟ ਡਿਵੈਲਪਮੈਂਟ ਰੀ-ਫਾਇਨਾਂਸ ਏਜੰਸੀ ਲਿਮਟਿਡ (ਮੁਦਰਾ) ਦੀ ਸਥਾਪਨਾ ਸਿਡਬੀ ਦੀ ਇਕ ਸਹਾਇਕ ਸੰਸਥਾ ਵਜੋਂ ਕੀਤੀ ਗਈ। ਮੁਦਰਾ ਦਾ ਮੁੱਖ ਉਦੇਸ਼ ਮਾਈਕ੍ਰੋ ਉਧਾਰੀ ਸੰਸਥਾਵਾਂ ਨੂੰ ਰੀ-ਫਾਇਨਾਂਸ ਕਰਨਾ ਹੈ।

ਐੱਸਪਾਇਰ – "ਦਿਹਾਤੀ ਸਨਅਤਾਂ ਅਤੇ ਉੱਦਮਾਂ ਦੀ ਖੋਜ ਅਤੇ ਤਰੱਕੀ ਲਈ ਇਕ ਸਕੀਮ ਹੈ। ਇਹ ਸਿਡਬੀ ਵਾਂਗ 60 ਕਰੋੜ ਰੁਪਏ ਦੀ ਲਾਗਤ ਨਾਲ ਕਾਇਮ ਕੀਤਾ ਗਿਆ ਫੰਡ ਹੈ। ਇਸ ਫੰਡ ਵਲੋਂ ਦਿਹਾਤੀ ਅਤੇ ਖੇਤੀ ਸਨਅਤੀ ਖੇਤਰ ਵਿੱਚ ਸਟਾਰਟ ਅੱਪ ਕਾਇਮ ਕੀਤੇ ਜਾਣਗੇ ਅਤੇ ਮੁਢਲੀ ਪੱਧਰ ਦੇ ਅਦਾਰੇ ਕਾਇਮ ਕਰਨ ਵਿੱਚ ਮਦਦ ਕੀਤੀ ਜਾਵੇਗੀ।"

ਅਹਿਮ ਨੀਤੀ ਸੰਬੰਧੀ ਕਦਮ ਸੀ। ਰਾਸ਼ਟਰਪਤੀ ਨੇ 9 ਮਈ, 2007 ਦੇ ਨੋਟੀਫਿਕੇਸ਼ਨ ਰਾਹੀਂ ਭਾਰਤ ਸਰਕਾਰ ਦੇ (ਕੰਮ ਦੀ ਅਲਾਟਮੈਂਟ) ਕਾਨੂੰਨ, 1961 ਵਿੱਚ ਸੋਧ ਕੀਤੀ। ਇਸ ਸੋਧ ਦੇ ਨਤੀਜੇ ਵਜੋਂ ਖੇਤੀ ਅਤੇ ਦਿਹਾਤੀ ਸਨਅਤ ਮੰਤਰਾਲਾ (ਕ੍ਰਿਸ਼ੀ ਅਤੇ ਪੇਂਡੂ ਉਦਯੋਗ ਮੰਤਰਾਲਾ) ਅਤੇ ਛੋਟੀਆਂ ਸਨਅਤਾਂ ਬਾਰੇ ਮੰਤਰਾਲਾ (ਲਘੂ ਉਦਯੋਗ ਮੰਤਰਾਲਾ) ਨੂੰ ਮਿਲਾ ਕੇ ਇਕ ਮੰਤਰਾਲਾ ਬਣਾਇਆ ਗਿਆ ਜਿਸ ਦਾ ਨਾਂ ਸੂਖਮ ਛੋਟੀਆਂ ਅਤੇ ਦਰਮਿਆਨੀਆਂ ਸਨਅਤਾਂ ਮੰਤਰਾਲਾ ਰੱਖਿਆ ਗਿਆ।

## ਭਾਰਤ ਸਰਕਾਰ ਦੀਆਂ ਚੋਣਵੀਆਂ ਸੰਬੰਧਿਤ ਪ੍ਰਮੁੱਖ ਨਵੀਆਂ ਸਕੀਮਾਂ

### *ਰਵਾਇਤੀ ਸਨਅਤਾਂ ਦੀ ਮੁੜ ਸਥਾਪਨਾ ਲਈ ਫੰਡ ਦੇਣ ਦੀ ਸਕੀਮ (ਸਫੂਰਤੀ)*

ਇਸ ਸਕੀਮ ਦਾ ਉਦੇਸ਼ ਰਵਾਇਤੀ ਸਨਅਤਾਂ ਅਤੇ ਕਾਰੀਗਰਾਂ ਨੂੰ ਕਲਸਟਰਾਂ ਵਿੱਚ ਜਥੇਬੰਦ ਕਰਨਾ ਹੈ ਤਾਂ ਕਿ ਉਨ੍ਹਾਂ ਨੂੰ ਵਧੇਰੇ ਮੁਕਾਬਲੇਬਾਜ਼ ਬਣਾਇਆ ਜਾਵੇ ਅਤੇ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਟਿਕਾਊ, ਲੰਬੇ ਸਮੇਂ ਲਈ ਰੋਜ਼ਗਾਰ, ਕਲਸਟਰਾਂ ਵਲੋਂ ਤਿਆਰ ਵਸਤਾਂ ਨੂੰ ਵੇਚਣ ਦੀ ਸਮਰੱਥਾ ਵਿੱਚ ਵਾਧਾ ਕਰਨਾ, ਕਲਸਟਰਾਂ ਨਾਲ ਜੁੜੇ ਹੋਏ ਰਵਾਇਤੀ ਕਾਰੀਗਰਾਂ ਦੀ ਮੁਹਾਰਤ ਵਿੱਚ ਵਾਧਾ ਕਰਨਾ, ਕਾਰੀਗਰਾਂ ਲਈ ਸਾਂਝੀਆਂ ਸਹੂਲਤਾਂ ਅਤੇ ਵਧੀਆ ਔਜ਼ਾਰਾਂ ਦਾ ਪ੍ਰਬੰਧ ਕਰਨਾ, ਕਲਸਟਰਾਂ ਦੇ ਪ੍ਰਬੰਧਕੀ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਰਵਾਇਤੀ ਮੁਹਾਰਤ ਅਤੇ ਖੋਜਪੂਰਨ ਮੁਹਾਰਤ ਤਿਆਰ ਕਰਨਾ, ਤਕਨਾਲੋਜੀਆਂ ਵਿੱਚ ਸੁਧਾਰ ਕਰਨਾ, ਆਧੁਨਿਕ ਪ੍ਰਣਾਲੀ ਨੂੰ ਅਪਨਾਉਣਾ, ਮੰਡੀਆਂ ਦੀ ਯੋਗਤਾ ਅਤੇ ਜਨਤਕ ਨਿੱਜੀ ਭਾਈਵਾਲੀ ਦੇ ਨਵੇਂ ਮਾਡਲਾਂ ਦਾ ਪ੍ਰਬੰਧ ਕਰਨਾ ਅਤੇ ਕਲਸਟਰ ਆਧਾਰਿਤ ਮੌਜੂਦਾ ਮਾਡਿਊਲਾਂ ਨੂੰ ਹੌਲੀ-ਹੌਲੀ ਸੁਧਾਰਨਾ। ਮੁੱਖ ਪ੍ਰਾਪਤੀਆਂ ਹੇਠ ਦਿੱਤੀਆਂ ਹਨ :

- ਸੋਧੀ ਹੋਈ ਸਫੂਰਤੀ ਸਕੀਮ 1 ਅਗਸਤ, 2014 ਨੂੰ 149.44 ਕਰੋੜ ਰੁਪਏ ਦੀ ਲਾਗਤ ਨਾਲ ਪਹਿਲੇ ਪੜਾਅ ਵਿੱਚ 71 ਕਲਸਟਰ ਵਿਕਸਤ ਕਰਨਾ (ਜਿਸ ਵਿੱਚ ਪਟਸਨ ਵੀ ਸ਼ਾਮਲ ਹੈ) ਅਤੇ ਲਗਭਗ 44,500 ਕਾਰੀਗਰਾਂ ਨੂੰ ਇਸ ਵਿੱਚ ਸ਼ਾਮਲ ਕਰਨ ਲਈ ਸ਼ੁਰੂ ਕੀਤੀ ਗਈ। 30 ਜੂਨ, 2015 ਨੂੰ ਇਸ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਹੋਰ ਸੋਧ ਕੀਤੀ ਗਈ ਤਾਂ ਕਿ ਪ੍ਰਵਾਨਗੀ ਪ੍ਰਣਾਲੀ ਨੂੰ ਨਿਯਮਬੱਧ ਕੀਤਾ ਜਾ ਸਕੇ, ਵੰਡ ਪ੍ਰਦਾਨ ਕਰਨ ਸੰਬੰਧੀ ਅਤੇ ਹੋਰ ਨੁਕਸਾਂ ਨੂੰ ਦੂਰ ਕੀਤਾ ਜਾ ਸਕੇ।

- ਨੋਡਲ ਏਜੰਸੀਆਂ ਜਿਵੇਂ ਕਿ ਕੇ ਵੀ ਆਈ ਸੀ, ਪਟਸਨ ਬੋਰਡ, ਆਈ ਆਈ ਈ ਗੋਹਾਟੀ, ਐੱਨ ਆਈ ਐੱਮ ਐੱਸ ਐੱਮ ਈ ਹੈਦਰਾਬਾਦ, ਐੱਨ ਆਈ ਈ ਐੱਸ ਬੀ ਯੂ ਡੀ ਨੋਇਡਾ, ਸਾਰੇ ਐੱਮ ਐੱਸ ਐੱਮ ਈਜ਼ ਅਤੇ ਸਾਰੀਆਂ ਸੂਬਾ ਸਰਕਾਰ ਦੀਆਂ ਡੀ ਆਈ ਸੀਜ਼।

- 71 ਕਲਸਟਰਾਂ ਨੂੰ ਸਕੀਮ ਸਟੀਅਰਿੰਗ ਕਮੇਟੀ (ਐੱਸ ਐੱਸ ਸੀ) ਵਲੋਂ ਸਿਧਾਂਤਕ ਤੌਰ ਤੇ ਪ੍ਰਵਾਨਗੀ ਦਿੱਤੀ ਗਈ ਅਤੇ 32 ਡੀ ਪੀ ਆਰਜ਼ ਨੂੰ 65.87 ਕਰੋੜ ਰੁਪਏ ਦੀ ਸਹਾਇਤਾ ਨਾਲ ਅੰਤਿਮ ਪ੍ਰਵਾਨਗੀ ਦਿੱਤੀ ਗਈ। ਇਸ ਵਿੱਚੋਂ 30.30 ਕਰੋੜ ਰੁਪਏ ਜਾਰੀ ਵੀ ਕਰ ਦਿੱਤੇ ਗਏ। ਹੁਣ ਤੱਕ 30,438 ਕਾਰੀਗਰ ਇਸ ਦਾ ਲਾਭ ਉਠਾ ਚੁੱਕੇ ਹਨ।

- 800 ਖਾਦੀ ਦਿਹਾਤੀ ਸਨਅਤਾਂ ਅਤੇ ਪਟਸਨ ਦਾ "ਕਲਸਟਰ" ਕਾਇਮ ਕਰਨ ਦਾ ਟੀਚਾ ਰੱਖਿਆ ਗਿਆ ਹੈ ਜਿਸ ਲਈ 850 ਕਰੋੜ ਰੁਪਏ ਰੱਖੇ ਗਏ ਹਨ ਅਤੇ ਇਨ੍ਹਾਂ ਅਧੀਨ 4 ਲੱਖ ਕਾਰੀਗਰਾਂ ਨੂੰ ਲਿਆਂਦਾ ਜਾਵੇਗਾ। ਬਹੁ-ਮੁਖੀ ਵਿਕਾਸ ਬੈਂਕ ਜਿਵੇਂ ਕਿ ਏ ਡੀ ਬੀ ਤੋਂ ਵੀ ਮਦਦ ਲੈਣ ਦੇ ਯਤਨ ਹੋ ਰਹੇ ਹਨ।

## ਸਟੈਂਡ ਅੱਪ ਇੰਡੀਆ ਸਕੀਮ

ਸਟੈਂਡ ਅੱਪ ਇੰਡੀਆ ਸਕੀਮ ਦਾ ਉਦਘਾਟਨ ਮਾਨਯੋਗ ਪ੍ਰਧਾਨ ਮੰਤਰੀ ਵਲੋਂ 5 ਅਪ੍ਰੈਲ, 2016 ਨੂੰ ਕੀਤਾ ਗਿਆ। ਇਸ ਸਕੀਮ ਦਾ ਉਦੇਸ਼ ਘੱਟੋ-ਘੱਟ ਇਕ ਅਨੁਸੂਚਿਤ ਜਾਤੀ (ਐੱਸ ਸੀ) ਜਾਂ ਅਨੁਸੂਚਿਤ ਕਬੀਲੇ ਦੇ ਵਿਅਕਤੀ ਨੂੰ ਅਤੇ ਘੱਟੋ-ਘੱਟ ਇਕ ਔਰਤ ਨੂੰ ਸਾਰੇ ਵਪਾਰਕ ਬੈਂਕਾਂ ਵਿੱਚੋਂ ਪ੍ਰਤਿ ਬਰਾਂਚ ਗਰੀਨ ਫੀਲਡ ਐਂਟਰਪ੍ਰਾਈਜ਼ ਕਾਇਮ ਕਰਨ ਲਈ 10 ਲੱਖ ਰੁਪਏ ਤੋਂ 100 ਲੱਖ ਰੁਪਏ ਤੱਕ ਦਾ ਕਰਜ਼ਾ ਦਿਵਾਉਣ ਵਿੱਚ ਮਦਦ ਕਰਨਾ ਹੈ। ਇਹ ਅਦਾਰਾ ਨਿਰਮਾਣ, ਸੇਵਾਵਾਂ ਜਾਂ ਵਪਾਰਕ ਖੇਤਰ ਤੋਂ ਹੋ ਸਕਦਾ ਹੈ। ਗ਼ੈਰ ਨਿੱਜੀ ਅਦਾਰਿਆਂ ਦੇ ਮਾਮਲੇ ਵਿੱਚ ਘੱਟੋ-ਘੱਟ 51 ਪ੍ਰਤਿਸ਼ਤ ਸ਼ੇਅਰ ਜਾਂ ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਜਾਂ ਔਰਤ ਉੱਦਮੀਆਂ ਵਿੱਚੋਂ ਹੋਣੇ ਚਾਹੀਦੇ ਹਨ। ਸਟੈਂਡ ਅੱਪ ਇੰਡੀਆ ਸਕੀਮ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਔਰਤ ਉੱਦਮੀਆਂ ਨੂੰ ਪੇਸ਼ ਆ ਰਹੀਆਂ ਚੁਨੌਤੀਆਂ ਦੇ ਟਾਕਰੇ ਲਈ ਬਣਾਈ ਗਈ ਹੈ। ਇਸ ਅਧੀਨ ਉਨ੍ਹਾਂ ਨੂੰ ਅਦਾਰੇ ਕਾਇਮ ਕਰਨ, ਕਰਜ਼ੇ ਲੈਣ ਅਤੇ ਹੋਰ ਲੋੜੀਂਦੀ ਸਹਾਇਤਾ ਸਮੇਂ-ਸਮੇਂ ਉੱਤੇ ਆਪਣੇ ਵਪਾਰ ਵਿੱਚ ਦਿੱਤੀ ਜਾਵੇਗੀ।

## ਔਰਤ ਉੱਦਮੀਆਂ ਦੇ ਵਿਕਾਸ ਅਤੇ ਤਰੱਕੀ ਲਈ ਸਕੀਮ

### *ਵਪਾਰ ਸੰਬੰਧਿਤ ਉੱਦਮਤਾ ਸਹਾਇਤਾ ਅਤੇ ਵਿਕਾਸ ਸਕੀਮ – (ਟਰੈਂਡ)*

ਔਰਤਾਂ ਨੂੰ ਆਪਣੇ ਅਦਾਰੇ ਕਾਇਮ ਕਰਨ ਲਈ ਉਤਸ਼ਾਹਿਤ ਕਰਨ ਲਈ ਸਰਕਾਰ ਨੇ 11ਵੀਂ ਯੋਜਨਾ ਵਿੱਚ ਇਕ ਸਕੀਮ ਸ਼ੁਰੂ ਕੀਤੀ ਹੈ ਜਿਸ ਦਾ ਨਾਂ 'ਵਪਾਰ ਸੰਬੰਧਿਤ ਉੱਦਮਤਾ ਸਹਾਇਤਾ ਅਤੇ ਵਿਕਾਸ ਸਕੀਮ (ਟਰੈਂਡ)' ਹੈ। ਇਹ ਸਕੀਮ ਔਰਤਾਂ ਦੀਆਂ ਗ਼ੈਰ-ਖੇਤੀ ਸਰਗਰਮੀਆਂ ਵਿੱਚ ਉੱਦਮਤਾ ਵਿਕਾਸ ਲਈ ਹੈ ਤਾਂ ਕਿ ਉਨ੍ਹਾਂ ਦਾ ਆਰਥਿਕ ਸਸ਼ਕਤੀਕਰਨ ਹੋ ਸਕੇ। ਇਸ ਸਕੀਮ ਅਧੀਨ 3 ਮੁੱਖ ਹਿੱਸੇ ਹਨ – (1) ਔਰਤਾਂ ਵਿੱਚ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਕੁੱਲ

| ਨੋਡਲ ਏਜੰਸੀ ਦਾ ਨਾਂ | ਡੀ ਐੱਸ ਆਰ ਪ੍ਰਵਾਨਤ | ਡੀ ਪੀ ਆਰ ਪ੍ਰਵਾਨਤ | ਪ੍ਰਾਜੈਕਟ ਦੀ ਪ੍ਰਵਾਨਤ ਲਾਗਤ | ਵਿੱਤੀ ਸਹਾਇਤਾ ਪ੍ਰਵਾਨਤ | 29.2.2016 ਨੂੰ ਜਾਰੀ ਹੋਏ ਫੰਡ | ਲਾਭਪਤਰੀ ਕਾਰੀਗਰਾਂ ਦੀ ਸੰਖਿਆ |
|---|---|---|---|---|---|---|
| ਕੇ ਵੀ ਆਈ ਸੀ | 24 | 14 | 2094.40 | 1753.20 | 913 | 6533 |
| ਕੋਇਰ ਬੋਰਡ | 34 | 18 | 6664 | 4834.20 | 1932 | 23905 |
| ਆਈ ਆਈ ਈ ਗੋਹਾਟੀ | 5 | – | 1050* | *945.55 | 63 | 2524 |
| ਐੱਨ ਆਈ ਐੱਮ ਐੱਸ | 5 | – | 1085.54* | *885.9 | – | 2151 |
| ਐੱਮ ਈ, ਹੈਦਰਾਬਾਦ | | | | | | |
| ਆਈ ਐੱਲ ਤੇ ਐੱਫ ਐੱਸ | 3 | – | – | – | – | – |
| **ਕੁੱਲ** | **71** | 32 | **10894*** | ***8418.80** | 30.30** | **35113** |

ਪ੍ਰਾਜੈਕਟ ਲਾਗਤ ਦੀ 30 ਪ੍ਰਤਿਸ਼ਤ ਸਰਕਾਰੀ ਗਰਾਂਟ ਗ਼ੈਰ-ਸਰਕਾਰੀ ਸੰਗਠਨਾਂ (ਐੱਨ ਜੀ ਓਜ਼) ਨੂੰ ਪ੍ਰਦਾਨ ਕੀਤੀ ਜਾਵੇਗੀ। ਬਾਕੀ 70 ਪ੍ਰਤਿਸ਼ਤ ਲਾਗਤ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਵਲੋਂ ਪ੍ਰਾਜੈਕਟ ਦੇ ਹਿਸਾਬ ਨਾਲ ਫਾਇਨਾਂਸ ਕੀਤੀ ਜਾਵੇਗੀ। (2) ਮਹਿਲਾ ਉੱਦਮੀਆਂ ਨੂੰ ਸਿਖਲਾਈ ਦੇਣ ਲਈ ਸਿਖਲਾਈ ਸੰਸਥਾਵਾਂ/ਐੱਨ ਜੀ ਓਜ਼ ਨੂੰ ਪ੍ਰਤਿ ਪ੍ਰੋਗਰਾਮ 1 ਲੱਖ ਰੁਪਏ ਦੀ ਮਦਦ ਦਿੱਤੀ ਜਾਵੇਗੀ। ਇਹ ਰਕਮ ਇਨ੍ਹਾਂ ਸੰਸਥਾਵਾਂ/ਐੱਨ ਜੀ ਓਜ਼ ਨੂੰ ਆਪਣਾ ਹਿੱਸਾ 25 ਪ੍ਰਤਿਸ਼ਤ ਦੇ ਬਰਾਬਰ ਪਾਉਣ ਉੱਤੇ ਦਿੱਤੀ ਜਾਵੇਗੀ ਅਤੇ ਐੱਨ ਈ ਆਰ ਦੇ ਮਾਮਲੇ ਵਿੱਚ ਇਹ ਹਿੱਸਾ 10 ਪ੍ਰਤਿਸ਼ਤ ਪਾਉਣਾ ਪਵੇਗਾ। (3) ਰਾਸ਼ਟਰੀ ਉੱਦਮਤਾ ਵਿਕਾਸ ਪ੍ਰੋਗਰਾਮ ਲਈ ਲੋੜ ਅਧਾਰਿਤ 5 ਲੱਖ ਰੁਪਏ ਦੀ ਸਰਕਾਰੀ ਗਰਾਂਟ ਦਿੱਤੀ ਜਾਵੇਗੀ। ਸੰਸਥਾਵਾਂ ਜਾਂ ਹੋਰ ਉੱਘੀਆਂ ਸੰਸਥਾਵਾਂ ਜੋ ਕਿ ਖੇਤਰੀ ਸਰਵੇਖਣ, ਖੋਜ ਅਧਿਐਨ, ਜਾਇਜ਼ਾ ਅਧਿਅਨ, ਸਿਖਲਾਈ ਮੋਡਿਊਲਜ਼ ਦੀ ਡਿਜ਼ਾਈਨਿੰਗ ਆਦਿ ਲਈ ਵੀ ਮਦਦ ਦਿੱਤੀ ਜਾਵੇਗੀ।

ਟਰੈਂਡ ਸਕੀਮ ਦਾ ਉਦੇਸ਼ ਔਰਤਾਂ ਨੂੰ ਵਪਾਰ ਨਾਲ ਸੰਬੰਧਿਤ ਸਿਖਲਾਈ, ਸੂਚਨਾ, ਕੌਂਸਲਿੰਗ ਸਰਗਰਮੀਆਂ ਰਾਹੀਂ ਮਜ਼ਬੂਤ ਕਰਨਾ ਹੈ। ਇਸ ਸਕੀਮ ਅਧੀਨ ਰਾਸ਼ਟਰਕ੍ਰਿਤ ਬੈਂਕਾਂ ਵਲੋਂ ਵਿੱਤੀ ਕਰਜ਼ੇ ਅਤ ਗਰਾਂਟਾਂ ਭਾਰਤ ਸਰਕਾਰ ਰਾਹੀਂ 30 ਪ੍ਰਤਿਸ਼ਤ ਤੱਕ ਦੇ ਕਰਜ਼ੇ, ਜਿਨ੍ਹਾਂ ਦੀ ਕਿ ਵੱਧ ਤੋਂ ਵੱਧ ਹੱਦ 30 ਲੱਖ ਰੁਪਏ ਹੋਵੇਗੀ, ਪ੍ਰਦਾਨ ਕੀਤੇ ਜਾਣਗੇ। ਇਹ ਰਕਮ ਔਰਤਾਂ ਨੂੰ ਗ਼ੈਰ-ਫਾਰਮੀ ਸਰਗਰਮੀਆਂ ਦੀ ਸਮਰੱਥਾ ਵਿਕਸਤ ਕਰਨ ਲਈ ਜਾਂ ਸਵੈ-ਰੋਜ਼ਗਾਰ ਲਈ ਪ੍ਰਦਾਨ ਕੀਤੀ ਜਾਵੇਗੀ। ਮਹਿਲਾ ਕੋਇਰ ਯੋਜਨਾ ਅਧੀਨ ਮਹਿਲਾ ਕਾਰੀਗਰਾਂ ਨੂੰ ਸਿਖਲਾਈ ਦੇ ਕੇ ਮੋਟਰ ਨਾਲ ਚੱਲਣ ਵਾਲੇ ਯੰਤਰ ਖਰੀਦਣ ਲਈ ਮਦਦ ਪ੍ਰਦਾਨ ਕੀਤੀ ਜਾਵੇਗੀ। ਇਹ ਮਦਦ ਲਾਗਤ ਦੇ 75 ਪ੍ਰਤਿਸ਼ਤ ਦੇ ਬਰਾਬਰ ਹੋਵੇਗੀ ਅਤੇ ਇਸ ਦੀ ਵੱਧ ਤੋਂ ਵੱਧ ਹੱਦ 7500 ਰੁਪਏ ਮੋਟਰ ਨਾਲ ਚੱਲਣ ਵਾਲੀ ਮਸ਼ੀਨਰੀ ਲਈ ਅਤੇ 3200 ਰੁਪਏ ਰਵਾਇਤੀ ਮਸ਼ੀਨਰੀ ਲਈ ਹੋਵੇਗੀ। ਬਾਕੀ 25 ਪ੍ਰਤਿਸ਼ਤ ਰਕਮ ਦਾ ਪ੍ਰਬੰਧ ਲਾਭਕਾਰੀ ਨੂੰ ਆਪ ਕਰਨਾ ਪਵੇਗਾ। 2015-16 ਵਿੱਚ ਇਸ ਉਦੇਸ਼ ਲਈ 6.70 ਕਰੋੜ ਰੁਪਏ ਦਾ ਫੰਡ ਪ੍ਰਦਾਨ ਕੀਤਾ ਗਿਆ।

## 2017 ਦੇ ਬਜਟ 'ਚ ਐੱਮ ਐੱਸ ਐੱਮ ਈਜ਼ ਨੂੰ ਬਹਾਲ ਕਰਨ ਲਈ ਉਪਰਾਲੇ

ਅੰਕੜਿਆਂ ਦੀ ਮਦਦ ਨਾਲ ਵਿੱਤ ਮੰਤਰੀ ਨੇ ਇਕ ਦਿਲਚਸਪ ਟਿੱਪਣੀ ਕੀਤੀ ਕਿ ਐੱਮ ਐੱਸ ਐੱਮ ਈਜ਼ ਦੀ ਪ੍ਰਭਾਵੀ ਟੈਕਸ ਦਰ ਵੱਡੀਆਂ ਕੰਪਨੀਆਂ ਨਾਲੋਂ ਕਿਤੇ ਜ਼ਿਆਦਾ ਹੈ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਇਹ ਕੰਪਨੀਆਂ ਆਰਥਿਕ ਵਿਕਾਸ ਅਤੇ ਰੋਜ਼ਗਾਰ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰ ਰਹੀਆਂ ਹਨ। ਐੱਮ ਐੱਸ ਐੱਮ ਈਜ਼ ਨੂੰ ਹੋਰ ਹੱਲਾਸ਼ੇਰੀ ਦੇਣ ਲਈ ਸ੍ਰੀ ਜੇਟਲੀ ਨੇ ਪ੍ਰਸਤਾਵ ਰੱਖਿਆ ਕਿ 50 ਕਰੋੜ ਤੋਂ ਘੱਟ ਦੇ ਕੰਮਕਾਜ ਵਾਲੇ ਅਦਾਰਿਆਂ ਲਈ ਟੈਕਸ ਦਰ 25 ਤੋਂ ਵਧਾ ਕੇ 30 ਪ੍ਰਤਿਸ਼ਤ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਹ ਲਾਭ ਰਿਟਰਨ ਦਾਖਿਲ ਕਰਨ ਵਾਲੀਆਂ 96 ਪ੍ਰਤਿਸ਼ਤ ਕੰਪਨੀਆਂ ਨੂੰ ਮਿਲੇਗਾ। ਇਸ ਤੋਂ ਇਲਾਵਾ ਵਪਾਰ ਕਰਨ ਲਈ ਡਿਜੀਟਲ ਢੰਗ ਅਪਨਾਉਣ ਵਾਲੀਆਂ ਛੋਟੀਆਂ ਕੰਪਨੀਆਂ, ਜਿਨ੍ਹਾਂ ਦੀ ਸਮੁੱਚੀ ਆਮਦਨ 2 ਕਰੋੜ ਤੋਂ ਘੱਟ ਹੈ, ਨੂੰ 6 ਪ੍ਰਤਿਸ਼ਤ ਤੋਂ 8 ਪ੍ਰਤਿਸ਼ਤ ਟੈਕਸ ਦੇਣਾ ਪਵੇਗਾ। ਇਸੇ ਤਰ੍ਹਾਂ ਟੈਕਸ ਆਡਿਟ ਦੀ ਲਾਜ਼ਮੀਅਤ ਲਈ ਹੱਦ 2 ਕਰੋੜ ਰੁਪਏ ਕਰ ਦਿੱਤੀ ਗਈ ਹੈ। ਇਨ੍ਹਾਂ ਸਾਰੇ ਕਦਮਾਂ ਤੋਂ ਪਤਾ ਲਗਦਾ ਹੈ ਕਿ ਬਜਟ 2017 ਵਿੱਚ ਸਰਕਾਰ ਨੇ ਇਮਾਨਦਾਰ ਟੈਕਸ ਦੇਣ ਵਾਲਿਆਂ ਨੂੰ ਉਤਸ਼ਾਹ ਦੇਣ ਦਾ ਫੈਸਲਾ ਕੀਤਾ ਹੈ, ਭਾਵੇਂ ਉਹ ਐੱਮ ਐੱਸ ਐੱਮ ਈ ਹੋਵੇ ਜਾਂ ਆਮ ਆਦਮੀ, ਤਾਂ ਕਿ ਉਨ੍ਹਾਂ ਦਾ ਵਿਕਾਸ ਯਕੀਨੀ ਬਣਾਇਆ ਜਾ ਸਕੇ।

## ਭਵਿੱਖ ਦੀਆਂ ਸੰਭਾਵਨਾਵਾਂ : ਨਵੀਂ ਲਹਿਰ ਦੇ ਭਾਰਤੀ ਐੱਮ ਐੱਸ ਐੱਮ ਈ

ਇਕ ਢੁਕਵੀਂ ਪਹੁੰਚ ਨੇ ਭਾਰਤੀ ਆਰਥਿਕਤਾ ਵਿੱਚ ਐੱਮ ਐੱਸ ਐੱਮ ਈ ਰੀੜ੍ਹ ਨੂੰ ਮਜਬੂਤ ਬਣਾਉਣ ਦਾ ਕੰਮ ਕੀਤਾ ਹੈ। ਭਾਰਤੀ ਆਰਥਿਕਤਾ ਦੇ ਭਵਿੱਖ ਦੇ ਵਿਕਾਸ ਅਤੇ ਕੁੱਲ ਘਰੇਲੂ ਉਤਪਾਦ ਵਿੱਚ ਵਾਧੇ ਲਈ ਐੱਮ ਐੱਸ ਐੱਮ ਈ ਦਾ ਹਿੱਸਾ 2020 ਤੱਕ ਮੌਜੂਦਾ 8 ਪ੍ਰਤਿਸ਼ਤ ਤੋਂ ਵਧਾ ਕੇ 15 ਪ੍ਰਤਿਸ਼ਤ ਕੀਤਾ ਜਾਵੇਗਾ। ਅਜਿਹਾ ਨਵੀਂ ਲਹਿਰ ਦੇ ਐੱਮ ਐੱਸ ਐੱਮ ਈ ਨੂੰ ਖੋਜ ਅਧਾਰਤ ਅਤੇ ਤਕਨਾਲੋਜੀ ਅਧਾਰਤ ਕਰਕੇ, ਮਹਿਲਾ ਉੱਦਮੀਆਂ ਲਈ ਨਵੇਂ ਮੌਕੇ ਪੈਦਾ ਕਰਕੇ ਅਤੇ ਮੁਹਾਰਤ ਸੋਮੇ ਪੈਦਾ ਕਰਕੇ ਕੀਤਾ ਜਾਵੇਗਾ।

## 'ਕਮ ਮੇਕ ਇਨ ਇੰਡੀਆ'

ਭਾਰਤ ਵਿੱਚ ਵਿਦੇਸ਼ੀ ਕੰਪਨੀਆਂ ਲਈ ਨਿਰਮਾਣ, ਸੇਵਾ, ਖੇਤੀ ਅਤ ਖੇਤੀ ਪ੍ਰੋਸੈਸਿੰਗ ਵਿੱਚ ਈਕੋ ਪ੍ਰਣਾਲੀ ਵਿੱਚ ਨਿਵੇਸ਼ ਲਈ 'ਮੇਕ ਇਨ ਇੰਡੀਆ' ਨੂੰ ਉਤਸ਼ਾਹਿਤ ਕਰਨਾ ਤਾਂ ਕਿ ਘਰੇਲੂ ਅਤੇ ਵਿਸ਼ਵ ਪੱਧਰੀ ਮੰਗ ਪੂਰੀ ਹੋ ਸਕੇ।

## ਡਿਜੀਟਲ ਇੰਡੀਆ

ਐੱਮ ਐੱਸ ਐੱਮ ਈਜ਼ ਦੀਆਂ ਨਿਰਮਾਣ ਅਤੇ ਸੇਵਾ ਸਮਰੱਥਾਵਾਂ ਆਈ ਸੀ ਟੀ ਖੇਤਰ ਵਿੱਚ ਸਰਕਾਰ ਦੀ ਇੱਛਾ ਅਨੁਸਰ ਮਜ਼ਬੂਤ ਕਰਨਾ।

## ਬਰਾਮਦ ਹਿੱਸਾ

ਐੱਮ ਐੱਸ ਐੱਮ ਈ ਖੇਤਰ ਦੀ ਹਮਾਇਤ ਕਰਕੇ ਅਤੇ ਉਸ ਦਾ ਵਿਕਾਸ ਕਰਕੇ ਬਰਾਮਦ ਹਿੱਸੇ ਵਿੱਚ ਵਾਧਾ ਕਰਨਾ ਅਤੇ ਉਸ ਨੂੰ ਵਿਸ਼ਵ ਪੱਧਰ ਉੱਤੇ ਮੁਕਾਬਲੇਬਾਜ਼ ਬਣਾਉਣਾ, ਖੋਜ ਅਤੇ ਵਿਕਾਸ ਨੂੰ ਅਪਨਾਉਣਾ ਅਤੇ ਖੋਜ ਅਤੇ ਵਿਸ਼ਵ ਤਕਨਾਲੋਜੀਆਂ ਨੂੰ ਵੀ ਅਪਨਾਉਣਾ। ਐੱਮ ਐੱਸ ਐੱਮ ਈ ਨੂੰ ਵਿਸ਼ਵ ਮੰਡੀਆਂ ਤੱਕ ਪਹੁੰਚ ਮੁਹੱਈਆ ਕਰਵਾਉਣਾ ਅਤੇ ਇਸ ਦੇ ਲਈ ਦੋ-ਪੱਖੀ ਵਪਾਰ ਸਮਝੌਤੇ ਕਰਨਾ ਅਤੇ ਇਸ ਸੰਬੰਧੀ ਪ੍ਰਬੰਧ ਕਰਨਾ।

## ਜਨਤਕ ਵਸੂਲੀ ਨੀਤੀ

ਰੱਖਿਆ ਅਤੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਸਪਲਾਈ ਲਈ ਈਕੋ-ਪ੍ਰਣਾਲੀ ਦੀ ਹਮਾਇਤ ਕਰਨਾ ਤਾਂ ਕਿ ਕੁੱਲ ਵਸੂਲੀ ਦਾ ਘੱਟੋ-ਘੱਟ 25 ਪ੍ਰਤਿਸ਼ਤ ਹਿੱਸਾ ਐੱਮ ਐੱਸ ਐੱਮ ਈ ਦੇ ਅਦਾਰਿਆਂ ਤੋਂ ਹਾਸਿਲ ਕੀਤਾ ਜਾ ਸਕੇ।

ਐੱਮ ਐੱਸ ਐੱਮ ਈਜ਼ ਤੋਂ ਸਨਅਤੀ ਖੇਤਰ ਵਿੱਚ ਵੱਡੀਆਂ ਭਾਰਤੀ ਅਤੇ ਵਿਦੇਸ਼ੀ ਕਾਰਪੋਰੇਟ ਕੰਪਨੀਆਂ ਵਲੋਂ ਵਸੂਲੀ।

ਇਕ ਅਜਿਹੀ ਈਕੋ ਪ੍ਰਣਾਲੀ ਨੂੰ ਉਤਸ਼ਾਹਿਤ ਕਰਨਾ, ਨਿਵੇਸ਼ ਲਈ ਸਹੂਲਤਾਂ ਪ੍ਰਦਾਨ ਕਰਨਾ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਵਲੋਂ ਐੱਮ ਐੱਸ ਐੱਮ ਈ ਖੇਤਰ ਲਈ ਫੇਰੀ ਸਿਸਟਮ ਦਾ ਵਿਕਾਸ ਕਰਨਾ ਖ਼ਾਸ ਕਰਕੇ ਖੋਜ ਅਤੇ ਵਿਕਾਸ, ਨਵੀਂ ਖੋਜ ਅਤੇ ਗਲੋਬਲ ਤਕਨਾਲੋਜੀਆਂ ਨੂੰ ਅਪਨਾਉਣਾ।

## ਭਾਰਤੀਕਰਨ

ਵੱਡੀਆਂ ਕੰਪਨੀਆਂ ਅਤੇ ਐੱਮ ਐੱਸ ਐੱਮ

ਈ ਫੇਰੀ ਵਾਲਿਆਂ ਨੂੰ ਸਹੂਲਤਾਂ ਪ੍ਰਦਾਨ ਕਰਨਾ ਅਤੇ ਨਿਵੇਸ਼ ਕਰਨਾ ਅਤੇ ਜਾਂ ਬਰਾਮਦ ਦਾ ਬਦਲ ਤਿਆਰ ਕਰਨਾ ਖ਼ਾਸ ਕਰਕੇ ਖੋਜ ਅਤੇ ਵਿਕਾਸ ਤੇ ਵਿਸ਼ਵ ਤਕਨਾਲੋਜੀ ਨੂੰ ਅਪਨਾਉਣਾ।

## ਰਵਾਇਤੀ ਅਤੇ ਵਿਰਸਾ ਸਨਅਤ

ਵਿਕਾਸ ਵਿੱਚ ਨਿਵੇਸ਼ ਕਰਨ ਵਾਲੇ ਭਾਈਵਾਲਾਂ ਦੀ ਹਮਾਇਤ ਅਤੇ ਉਨ੍ਹਾਂ ਨੂੰ ਉਤਸ਼ਾਹ ਪ੍ਰਦਾਨ ਕਰਨਾ, ਵਿਸ਼ਵ ਮੰਡੀ ਨੂੰ ਭਾਰਤੀ ਰਵਾਇਤੀ ਅਤੇ ਵਿਰਸਾ ਸਨਅਤ ਲਈ ਖੋਲ੍ਹਣਾ ਅਤੇ ਇਸ ਨੂੰ ਵਸਤਾਂ, ਸੇਵਾਵਾਂ ਅਤੇ ਖੇਤੀ ਅਤੇ ਕੁਦਰਤੀ ਦਵਾਈਆਂ ਅਤੇ ਥੈਰੈਪੀ ਸੰਬੰਧਿਤ ਉਤਪਾਦਾਂ ਅਤੇ ਸੇਵਾਵਾਂ ਲਈ ਖੋਲ੍ਹਣਾ।

## ਢਾਂਚਾ

ਐੱਮ ਐੱਸ ਐੱਮ ਈ ਦੇ ਰਾਸ਼ਟਰੀ, ਖੇਤਰੀ ਅਤੇ ਖੇਤਰ ਦੇ ਹਿਸਾਬ ਨਾਲ ਕਲਸਟਰਜ਼ ਅਤੇ ਵਪਾਰਕ ਕੇਂਦਰਾਂ ਨੂੰ ਪੀ ਪੀ ਪੀ ਮਾਡਲ ਵਿੱਚ ਸਥਾਪਤ ਕਰਨਾ ਜਿਸ ਵਿੱਚ ਕਿ ਫਿਜ਼ੀਕਲ ਇਨਫਰਾ, ਨੌਲੇਜ ਇਨਫਰਾ, ਈ-ਪਲੇਟਫਾਰਮਜ਼, ਬੀ ਟੂ ਬੀ ਪਹੁੰਚ ਅਤੇ ਐੱਮ ਐੱਸ ਐੱਮ ਈ ਲਈ ਤਕਨਾਲੋਜੀ ਅਤੇ ਹਮਾਇਤ।

## ਰੈਗੂਲੇਟਰੀ

ਐੱਮ ਐੱਸ ਐੱਮ ਈ ਸਿਸਟਮ ਵਿੱਚ ਸਾਰੇ ਭਾਈਵਾਲਾਂ ਨੂੰ 'ਸਰਬ ਭਾਰਤੀ ਸਰਬ ਉਦੇਸ਼ੀ' ਇਕ ਐੱਮ ਐੱਸ ਐੱਮ ਈ ਰੈਗੂਲੇਸ਼ਨ ਪਾਸ ਕਰਨਾ ਪਵੇਗਾ। ਇਸ ਵਿੱਚ ਇਕ ਇਕਹਿਰੀ ਖਿੜਕੀ ਦਾ ਪਬੰਧ ਹੋਵੇਗਾ ਅਤੇ ਇਕ ਹੀ ਰਿਟਰਨ ਦਾਖਿਲ ਕਰਨੀ ਪਵੇਗੀ। ਇਸ ਵਿੱਚ ਕਾਫੀ ਸਿੱਧੇ ਟੈਕਸ ਲਾਭ ਮਿਲਣਗੇ ਅਤੇ ਅਸਿੱਧੇ ਟੈਕਸਾਂ ਦੀਆਂ ਵੀ ਕਈ ਛੋਟਾਂ ਮਿਲਣਗੀਆਂ।

## ਫੰਡਿੰਗ

ਐੱਮ ਐੱਸ ਐੱਮ ਈ ਵਪਾਰ ਲਈ ਖੁੱਲ੍ਹਾ ਮਾਹੌਲ ਅਤੇ ਐੱਚ ਐੱਨ ਡਬਲਿਊ ਲਈ ਨਿਵੇਸ਼ ਲਈ ਸਹੂਲਤਾਂ ਦਾ ਪ੍ਰਬੰਧ ਅਤੇ ਨਾਲ ਹੀ ਰਿਆਇਤਾਂ ਵਾਲਾ ਕਰਜ਼ਾ ਮਿਲੇਗਾ। ਐੱਮ ਐੱਸ ਐੱਮ ਈ ਇਕਵਿਟੀ ਐਕਸਚੇਂਜ ਕਾਇਮ ਕਰਨ ਅਤੇ ਉੱਦਮੀਆਂ ਲਈ 'ਦੋ ਮੌਕਿਆਂ ਵਾਲੀ ਪਹੁੰਚ' ਦਾ ਪ੍ਰਬੰਧ ਅਤੇ ਨਾਲ ਹੀ ਲੋੜ ਪੈਣ ਉਤੇ ਜਲਦੀ ਹੀ ਬੰਦ ਕਰਨ ਦਾ ਵੀ ਪ੍ਰਬੰਧ।

## ਕਾਰਗੁਜ਼ਾਰੀ ਲਈ ਲਾਭ

ਐੱਮ ਐੱਸ ਐੱਮ ਈ ਈਕੋ ਸਿਸਟਮ ਵਿੱਚ ਸਿੱਧੇ ਟੈਕਸਾਂ ਦੇ ਰੂਪ ਵਿੱਚ ਸਿੱਧੀਆਂ ਸਹੂਲਤਾਂ ਅਤੇ ਛੋਟਾਂ ਦਾ ਪ੍ਰਬੰਧ, ਘੱਟ ਲਾਗਤ ਵਾਲੀ ਫੰਡਿੰਗ ਅਤੇ ਕਰਜ਼ੇ ਤੱਕ ਪਹੁੰਚ। ਇਹ ਉਨ੍ਹਾਂ ਲਈ ਹੋਵੇਗਾ ਜੋ ਕਿ ਇੱਛੁਕ ਖੇਤਰਾਂ ਵਿੱਚ ਨਿਵੇਸ਼ ਕਰਨਗੇ। ਨਾਲ ਹੀ ਐੱਮ ਐੱਸ ਐੱਮ ਈ ਸਥਾਪਨਾ ਅਤੇ ਢਾਂਚਾ ਯੋਗਤਾਵਾਂ ਤਕਨਾਲੋਜੀ, ਖੋਜ, ਵਿਸ਼ਵ ਮਾਰਕੀਟ ਪਹੁੰਚ, ਜਨਤਕ ਵਸੂਲੀ, ਰਵਾਇਤੀ ਅਤੇ ਵਿਰਸਾ ਸਨਅਤ ਵਿਕਾਸ ਦੀ ਸਹੂਲਤ ਦਾ ਵੀ ਪ੍ਰਬੰਧ।

## ਸਕਿੱਲ ਇੰਡੀਆ

ਯੋਗਤਾ ਵਿਕਾਸ ਅਤੇ ਰੋਜ਼ਗਾਰ ਪੈਦਾ ਕਰਨ ਲਈ ਲਾਹੇਵੰਦ ਐੱਮ ਐੱਸ ਐੱਮ ਈ ਪਹਿਲਕਦਮੀਆਂ, ਖ਼ਾਸ ਕਰਕੇ ਮਹਿਲਾਵਾਂ ਅਤੇ ਵਿਸ਼ੇਸ਼ ਵਰਗਾਂ ਲਈ। ਇਸ ਵਿੱਚ ਸਿੱਧੀਆਂ ਵਿਸ਼ੇਸ਼ ਸਹੂਲਤਾਂ, ਕਾਫੀ ਛੋਟਾਂ ਅਤੇ ਅਸਿੱਧੇ ਟੈਕਸਾਂ ਵਿੱਚ ਚੰਗੀਆਂ ਛੋਟਾਂ, ਘੱਟ ਲਾਗਤ ਉੱਤੇ ਫੰਡਿੰਗ, ਅਤੇ ਕਰਜ਼ੇ ਤੱਕ ਪਹੁੰਚ।

ਇਸ ਤਰ੍ਹਾਂ ਜਿਵੇਂ ਕਿ ਉੱਪਰ ਵਰਣਿਤ ਕੀਤਾ ਗਿਆ ਹੈ, ਭਾਰਤ ਵਿੱਚ ਐੱਮ ਐੱਸ ਐੱਮ ਈ ਮੌਕੇ ਮੁੱਖ ਤੌਰ ਤੇ ਉੱਦਮਤਾ ਵਿਕਾਸ ਅਤੇ ਸਹਾਇਤਾ ਲਈ ਹਨ ਜਿਸ ਵਿੱਚ ਅਗਲੇ ਦਹਾਕੇ ਵਿੱਚ ਕਈ ਤਰ੍ਹਾਂ ਦੇ ਲਾਭ ਹੋਣਗੇ:


- ਐੱਮ ਐੱਸ ਐੱਮ ਈ ਦਾ ਕੁੱਲ ਘਰੇਲੂ ਉਤਪਾਦ ਵਾਧਾ ਦਰ ਵਿੱਚ 2020 ਤੱਕ ਹਿੱਸਾ ਮੌਜੂਦਾ 8 ਪ੍ਰਤਿਸ਼ਤ ਤੋਂ ਵਧ ਕੇ 15 ਪ੍ਰਤਿਸ਼ਤ ਹੋ ਜਾਵੇਗਾ।

- ਸਮੁੱਚੇ ਰੋਜ਼ਗਾਰ ਵਿੱਚ ਰੋਜ਼ਗਾਰ ਦਾ ਪੱਧਰ 50 ਪ੍ਰਤਿਸ਼ਤ ਤੱਕ ਪਹੁੰਚਾਇਆ ਜਾਵੇਗਾ ਜੋ ਕਿ ਮੌਜੂਦਾ ਐੱਮ ਐੱਸ ਐੱਮ ਈ ਕਾਰਜ ਸ਼ਕਤੀ 106 ਮਿਲੀਅਨ ਦੇ ਦੁਗਣੇ ਤੋਂ ਵੱਧ ਹੋ ਜਾਵੇਗਾ। ਇਹ ਕਾਰਜ ਸ਼ਕਤੀ ਖੇਤੀ, ਨਿਰਮਾਣ ਅਤੇ ਸੇਵਾ ਖੇਤਰਾਂ ਵਿੱਚ ਹੋਵੇਗੀ।

- ਪ੍ਰਮੁੱਖ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਐੱਮ ਐੱਸ ਐੱਮ ਈ ਦਾ ਹਿੱਸਾ ਵਧਾਇਆ ਜਾਣਾ, ਜਿਸ ਨਾਲ ਦੇਸੀ ਮੰਗ ਵਿੱਚ ਵਾਧਾ ਹੋਵੇਗਾ, ਬਰਾਮਦਾਂ ਵਿੱਚ ਵਾਧਾ ਹੋਵੇਗਾ ਅਤੇ ਦਰਾਮਦਾਂ ਦੇ ਬਦਲ ਮਿਲਣਗੇ।

*(ਡਾ. ਸਸੀਕਲਾ ਪੁਸ਼ਪਾ ਸੰਸਦ (ਰਾਜ ਸਭਾ) ਦੇ ਮੈਂਬਰ ਹਨ ਅਤੇ ਡਾ. ਬੀ ਰਾਮਾਸਵਾਮੀ ਏ ਪੀ ਜੀ ਸ਼ਮਲਾ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ ਦੇ ਸਾਬਕਾ ਪ੍ਰੋ.-ਵਾਈਸ ਚਾਂਸਲਰ ਰਹਿ ਚੁੱਕੇ ਹਨ ਅਤੇ ਸੰਸਦ ਮੈਂਬਰ ਦੇ ਕਾਨੂੰਨੀ ਸਲਾਹਕਾਰ ਹਨ।)*

*e-mail :sasikalapushpamprs@gmail.com*



# ਬਦਲਾਅ ਦੀ ਤਿਆਰੀ

ਵੀ ਕੇ ਸਕਸੇਨਾ

ਖਾਦੀ ਇਕ ਰਾਸ਼ਟਰੀ ਚਿੰਨ੍ਹ ਹੈ ਅਤੇ ਦਿਹਾਤੀ ਸੱਨਅਤਾਂ ਸਾਡਾ ਰਾਸ਼ਟਰੀ ਵਿਰਸਾ ਹਨ। ਸਾਨੂੰ ਇਸ ਗੱਲ ਉੱਤੇ ਮਾਣ ਹੈ ਕਿ ਖਾਦੀ ਸਾਡੇ ਰਾਸ਼ਟਰਵਾਦ ਦਾ ਅਸਲ ਚਿੰਨ੍ਹ ਹੈ, ਜਿਸ ਨੂੰ ਕਿ ਸਾਡੇ ਰਾਸ਼ਟਰ ਪਿਤਾ ਨੇ ਵੀ ਅਪਣਾਇਆ ਸੀ। ਆਜ਼ਾਦੀ ਤੋਂ ਬਾਅਦ ਦੇ ਸ਼ੁਰੂ ਦੇ ਸਮੇਂ ਵਿੱਚ ਵੀ ਸਾਡੇ ਰਾਸ਼ਟਰੀ ਆਗੂਆਂ ਨੇ ਇਸ ਨੂੰ ਵਿਰਸੇ ਵਜੋਂ ਮਾਨਤਾ ਦੇਣਾ ਅਤੇ ਇਸ ਦੀ ਰਾਸ਼ਟਰੀ ਕੀਮਤ ਨੂੰ ਸਮਝਣਾ ਜਾਰੀ ਰੱਖਿਆ। ਉਨ੍ਹਾਂ ਨੇ ਰਾਸ਼ਟਰੀ ਪੱਧਰ ਉਤੇ ਦਿਹਾਤੀ ਭਾਈਚਾਰੇ ਵਿੱਚ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਨ ਲਈ ਖਾਦੀ ਅਤੇ ਹੋਰ ਉਤਪਾਦਾਂ ਨੂੰ ਤਿਆਰ ਕਰਨ ਦੀਆਂ ਸੰਸਥਾਵਾਂ ਕਾਇਮ ਕੀਤੀਆਂ। ਖਾਦੀ ਅਤੇ ਦਿਹਾਤੀ ਸੱਨਅਤ ਕਮਿਸ਼ਨ (ਕੇ ਵੀ ਆਈ ਸੀ) ਵੀ ਅਜਿਹੇ ਰਾਸ਼ਟਰੀ ਸੰਦਰਭ ਵਿੱਚ ਹੋਂਦ ਵਿੱਚ ਆਇਆ ਅਤੇ ਇਸ ਨੇ ਸਵੈ-ਨਿਰਭਰਤਾ ਦੇ ਸਿਧਾਂਤ ਉੱਤੇ ਕਈ ਪਹਿਲਕਦਮੀਆਂ ਸ਼ੁਰੂ ਕਰਨ ਵਿੱਚ ਮਦਦ ਕੀਤੀ। ਪਰ ਭੂਗੋਲਿਕ ਅਤੇ ਸਿਆਸੀ ਹਾਲਾਤ ਬਦਲਣ ਨਾਲ, ਜਿਨ੍ਹਾਂ ਸੰਸਥਾਵਾਂ ਅਤੇ ਪਹਿਲਕਦਮੀਆਂ ਕਾਰਨ ਇਸ ਕੰਮ ਨੂੰ ਹੱਲਾਸ਼ੇਰੀ ਮਿਲ ਰਹੀ ਸੀ ਉਨ੍ਹਾਂ ਨੂੰ ਗਿਣੇ ਮਿਥੇ ਢੰਗ ਨਾਲ ਬੰਦ ਕਰਨਾ ਸ਼ੁਰੂ ਕਰ ਦਿੱਤਾ ਗਿਆ।

ਕੇ ਵੀ ਆਈ ਸੀ ਨੇ ਆਪਣੇ ਤੌਰ ਤੇ ਅਜਿਹੀਆਂ ਬੰਦ ਹੋਈਆਂ ਸੰਸਥਾਵਾਂ ਅਤੇ ਪਹਿਲ-ਕਦਮੀਆਂ ਨੂੰ ਮੁੜ ਚਾਲੂ ਕਰਨ ਦਾ ਇਸ ਅਧਾਰ ਉਤੇ ਜ਼ਿੰਮਾ ਲਿਆ ਕਿ (1) ਉਹ ਰਾਸ਼ਟਰੀ ਚਿੰਨ੍ਹ, ਜਿਨ੍ਹਾਂ ਨੇ ਕਿਸੇ ਵੇਲੇ ਸਮਾਜ ਦੀ ਸੇਵਾ ਕੀਤੀ ਸੀ, ਨੂੰ ਸਾਡੇ ਦਰਮਿਆਨ ਵਿੱਚੋਂ ਗਾਇਬ ਨਹੀਂ ਹੋਣਾ ਚਾਹੀਦਾ। (2) ਉਹ ਇਸ ਵੇਲੇ ਵੀ ਨਿਪੁੰਨਤਾ ਨਾਲ ਆਪਣੀ ਸਥਾਪਨਾ ਦਾ ਉਦੇਸ਼ ਪੂਰਾ ਕਰ ਸਕਦੇ ਹਨ ਤਾਂ ਕਿ ਆਲੇ-ਦੁਆਲੇ ਦੇ ਖੇਤਰ ਦੇ ਲੋਕ ਇਸ ਤੋਂ ਹਮਾਇਤ ਹਾਸਿਲ ਕਰ ਸਕਣ ਅਤੇ ਖੁਸ਼ਹਾਲ ਹੋ ਸਕਣ।

## 26 ਸਾਲ ਬਾਅਦ ਸੇਵਾਪੁਰੀ (ਵਾਰਾਨਸੀ) ਦੇ ਖਾਦੀ ਆਸ਼ਰਮ ਦਾ ਕਾਇਆਕਲਪ

ਸੇਵਾਪੁਰੀ, ਵਾਰਾਨਸੀ ਗਾਂਧੀ ਆਸ਼ਰਮ 1946 ਵਿੱਚ ਗਾਂਧੀ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਥਾਪਿਤ ਕੀਤਾ ਗਿਆ ਸੀ। ਇਸਦਾ ਉਦੇਸ਼ ਖਾਦੀ ਨੂੰ ਉਤਸ਼ਾਹਿਤ ਕਰਨਾ ਅਤੇ ਇਸ ਵਿੱਚ ਰੋਜ਼ਗਾਰ ਪ੍ਰਦਾਨ ਕਰਨਾ ਸੀ। ਫਿਰ ਇਸ ਦਾ ਬਾਕਾਇਦਾ ਤੌਰ ਤੇ ਉਦਘਾਟਨ ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਵਲੋਂ ਕੀਤਾ ਗਿਆ ਅਤੇ ਗਾਂਧੀ ਜੀ ਇਥੇ ਕੁਝ ਸਮੇਂ ਲਈ ਠਹਿਰੇ ਵੀ ਸਨ। 12 ਏਕੜ ਵਿੱਚ ਫੈਲੇ ਇਸ ਕੇਂਦਰ ਵਿੱਚ 500 ਤੋਂ ਵੱਧ ਲੋਕ ਕੰਮ ਉਤੇ ਲੱਗੇ ਹੋਏ ਸਨ ਜਿਨ੍ਹਾਂ ਨੇ ਕਿ ਇਸ ਨੂੰ ਦੇਸ਼ ਦਾ ਖਾਦੀ ਦਾ ਸਭ ਤੋਂ ਸ਼ਾਨਦਾਰ ਕੇਂਦਰ ਬਣਾਇਆ ਸੀ। ਪਰ ਮਾਲੀ ਸੰਕਟ ਕਾਰਨ 1990 ਵਿੱਚ ਇਸ ਨੂੰ ਬੰਦ ਕਰ ਦਿੱਤਾ ਗਿਆ ਅਤੇ ਇਹ ਇਕ ਪੁਰਾਣੀ ਯਾਦ ਬਣ ਕੇ ਰਹਿ ਗਿਆ।

ਕੇ ਵੀ ਆਈ ਸੀ ਨੇ 17 ਸਤੰਬਰ ਯਾਨੀ 'ਸੇਵਾ ਦਿਵਸ' ਉੱਤੇ ਇਸ ਨੂੰ ਮੁੜ ਚਾਲੂ ਕਰਵਾਇਆ ਹੈ, ਜਿਸ ਨਾਲ ਇਸ ਦੀ ਪੁਰਾਣੀ ਸ਼ਾਨ ਬਹਾਲ ਹੋ ਗਈ ਹੈ। ਕੇ ਵੀ ਆਈ ਸੀ ਨੇ ਦਿਹਾਤੀ ਬਿਜਲੀਕਰਨ ਕਾਰਪੋਰੇਸ਼ਨ (ਆਰ ਈ ਸੀ) ਨਾਲ ਸੰਪਰਕ ਕਰ ਕੇ ਉਸ ਦੇ ਸੀ ਐੱਸ ਆਰ ਫੰਡ ਖਾਦੀ ਸਰਗਰਮੀਆਂ ਨੂੰ ਉਤਸ਼ਾਹਿਤ ਕਰਨ ਲਈ ਵਰਤੋਂ ਦੀ ਇਜਾਜ਼ਤ ਲਈ। ਆਰ ਈ ਸੀ ਨੇ ਇਸ ਦੇ ਲਈ 5.50 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ। ਖਾਦੀ ਸਰਗਰਮੀਆਂ ਲਈ ਇਹ ਸੀ ਐੱਸ ਆਰ ਫੰਡਾਂ ਦੀ ਪਹਿਲੀ ਵਰਤੋਂ ਹੈ। ਇਸ ਵਿੱਚ 500 ਸੂਰਜੀ ਚਰਖੇ ਅਤੇ 5 ਸੂਰਜੀ ਖੱਡੀਆਂ ਵੰਡੀਆਂ ਗਈਆਂ ਹਨ।



- ਦੇਸ਼ ਵਿੱਚ ਇਕ ਹੀ ਛੱਤ ਹੇਠ ਪਹਿਲਾ ਅਜਿਹਾ ਯੂਨਿਟ ਜਿਥੇ ਕਿ 250 ਸੂਰਜੀ ਚਰਖੇ ਅਤੇ 25 ਸੂਰਜੀ ਖੱਡੀਆਂ ਹਨ।
- ਦੇਸ਼ ਵਿੱਚ ਪਹਿਲਾ ਖਾਦੀ ਸਰਗਰਮੀਆਂ ਵਾਲਾ ਸੀ ਐੱਸ ਆਰ ਫੰਡਾਂ ਦੀ ਪ੍ਰਵਾਨਗੀ ਪ੍ਰਾਪਤ ਯੂਨਿਟ।
- ਵਾਰਾਨਸੀ ਜ਼ਿਲ੍ਹੇ ਵਿੱਚ ਲਿੱਜਤ ਪਾਪੜ ਬਣਾਉਣ ਵਾਲਾ ਪਹਿਲਾ ਯੂਨਿਟ ਜਿਸ ਵਿੱਚ 170 ਔਰਤਾਂ ਕੰਮ ਕਰਦੀਆਂ ਹਨ ਅਤੇ ਰੋਜ਼ਾਨਾ 200 ਕਿਲੋ ਪਾਪੜ ਤਿਆਰ ਹੁੰਦੇ ਹਨ।
- ਪਹਿਲਾ ਅਜਿਹਾ ਮਧੂਮੱਖੀ ਪਾਲਣ ਵਾਲਾ ਕੇਂਦਰ ਜਿਥੇ ਕਿ ਸ਼ਹਿਦ ਉਤਪਾਦਨ ਲਈ 100 ਮਧੂਮੱਖੀ ਬਕਸੇ ਹਨ ਅਤੇ ਸਿਖਲਾਈ ਦਾ ਵੀ ਪ੍ਰਬੰਧ ਹੈ।
- ਦੇਸ਼ ਵਿੱਚ ਕਿਸੇ ਖਾਦੀ ਸੰਸਥਾਨ ਵਲੋਂ ਪਹਿਲਾ ਨਮਕ ਤਿਆਰ ਕਰਨ ਅਤੇ ਉਸ ਦੀ ਪੈਕੇਜਿੰਗ ਕਰਨ ਵਾਲਾ ਯੂਨਿਟ। ਇਹ ਨਮਕ 'ਆਸ਼ਰਮ ਨਮਕ ਦੇ ਨਾਂ ਉੱਤੇ ਆਉਂਦਾ ਹੈ।
- 500 ਮਰਦ ਅਤੇ ਔਰਤਾਂ ਇਸ ਕੈਂਪਸ ਵਿੱਚ ਕੰਮ ਉੱਤੇ ਲੱਗੇ ਹੋਏ ਹਨ ਜਿਨ੍ਹਾਂ ਵਿੱਚ ਕਾਫੀ ਪੜ੍ਹੇ ਲਿਖੇ ਵੀ ਹਨ।

ਸੂਰਜੀ ਚਰਖਿਆਂ ਅਤੇ ਖੱਡੀਆਂ ਬਾਰੇ ਸਿਖਲਾਈ ਦੇਣ ਲਈ ਕੇ ਵੀ ਆਈ ਸੀ ਨੇ ਵਾਰਾਨਸੀ ਜ਼ਿਲ੍ਹੇ ਵਿੱਚ ਦੋ ਪਿੰਡਾਂ ਜਯਪੁਰ ਅਤੇ ਕਾਰੀਆ ਵਿੱਚ ਦੋ ਕੇਂਦਰ ਖੋਲ੍ਹੇ ਹਨ ਅਤੇ ਹਰ ਪਿੰਡ ਵਿੱਚ 25 ਸੂਰਜੀ ਚਰਖੇ ਅਤੇ 5 ਸੂਰਜੀ ਖੱਡੀਆਂ ਮੁਹੱਈਆ ਕਰਵਾਈਆਂ ਹਨ। ਇਨ੍ਹਾਂ ਕੇਂਦਰਾਂ ਵਿੱਚ ਹੁਣ ਤੱਕ 500 ਔਰਤਾਂ ਸਿਖਲਾਈ ਹਾਸਲ ਕਰ ਚੁੱਕੀਆਂ ਹਨ।

## ਜੰਮੂ ਕਸ਼ਮੀਰ ਵਿੱਚ ਪਾਂਪੋਰ ਦੇ ਇਤਿਹਾਸਕ ਸਿਖਲਾਈ ਕੇਂਦਰ ਦੀ ਬਹਾਲੀ

ਕੇ ਵੀ ਆਈ ਸੀ ਨੇ 22 ਅਗਸਤ 2017 ਨੂੰ ਜੰਮੂ ਕਸ਼ਮੀਰ ਵਿੱਚ ਜੇਹਲਮ ਦਰਿਆ ਦੇ ਸੱਜੇ ਕੰਢੇ ਉਤੇ ਸਥਿਤ ਪਾਂਪੋਰ ਨਾਂ ਦੇ ਇਤਿਹਾਸਕ ਕਸਬੇ ਵਿੱਚ ਸਥਿਤ ਆਪਣੇ ਬੰਦ ਪਏ ਸਿਖਲਾਈ ਕੇਂਦਰ ਨੂੰ ਮੁੜ ਚਾਲੂ ਕਰ ਦਿੱਤਾ ਹੈ। ਇਹ ਸ਼ਹਿਰ ਆਪਣੇ ਕੇਸਰ ਲਈ ਦੁਨੀਆਂ ਭਰ ਵਿੱਚ ਪ੍ਰਸਿੱਧ ਹੈ ਅਤੇ ਇਸ ਨੂੰ ਕਸ਼ਮੀਰ ਦੇ 'ਕੇਸਰ ਕਸਬੇ' ਵਜੋਂ ਜਾਣਿਆ ਜਾਂਦਾ ਹੈ। ਇਹ ਕੇਂਦਰ 1990 ਵਿੱਚ ਅੱਤਵਾਦ ਦੇ ਸਿਖਰ ਉਤੇ ਹੋਣ ਕਾਰਨ ਤਬਾਹ ਹੋ ਗਿਆ ਸੀ। 1947 ਵਿੱਚ ਗਾਂਧੀ ਜੀ ਆਪ ਇਸ ਕੇਂਦਰ ਵਿੱਚ ਆਏ ਸਨ।

ਪਾਂਪੋਰ ਵਿੱਚ ਇਸ ਇਤਿਹਾਸਕ ਸਿਖਲਾਈ ਕੇਂਦਰ ਨੇ ਕੱਤਣ ਬੁਣਨ ਦੀ ਸਿਖਲਾਈ ਤੋਂ ਇਲਾਵਾ ਈ ਡੀ ਪੀ, ਮੱਧੂਮੱਖੀ ਪਾਲਣ ਅਤੇ ਸੂਰਜੀ ਚਰਖੇ ਚਲਾਉਣ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਹੈ। ਖਾਦੀ ਵੇਚਣ ਦੇ ਇਕ ਨਵਿਆਏ ਗਏ ਕੇਂਦਰ ਦਾ ਉਦਘਾਟਨ ਵੀ ਬੀਤੇ ਦਿਨੀਂ ਕੀਤਾ ਗਿਆ। ਇਹ ਕੇਂਦਰ ਵੀ ਅੱਤਵਾਦ ਦੌਰਾਨ ਤਬਾਹ ਹੋ ਗਿਆ ਸੀ।

ਇਸ ਤੋਂ ਇਲਾਵਾ ਗੁਜਰਾਤ ਦੇ ਕਬਾਇਲੀ ਬਹੁਗਿਣਤੀ ਵਾਲੇ ਵਣਜ ਪਿੰਡ ਵਿੱਚ ਕੇ ਵੀ ਆਈ ਸੀ ਨੇ 25 ਚਰਖੇ ਅਤੇ 5 ਖੱਡੀਆਂ ਪ੍ਰਦਾਨ ਕੀਤੀਆਂ ਹਨ। ਇਸ ਨੇ ਘੱਟੋ-ਘੱਟ 50 ਕਬਾਇਲੀ ਔਰਤਾਂ ਲਈ ਰੋਜ਼ਗਾਰ ਦਾ ਵੀ ਪ੍ਰਬੰਧ ਕੀਤਾ ਹੈ।





ਇਸ ਤੋਂ ਇਲਾਵਾ ਇਸ ਸਾਲ ਅਪ੍ਰੈਲ ਵਿੱਚ, ਕੇ ਵੀ ਆਈ ਸੀ ਨੇ ਕਾਜ਼ੀਰੰਗਾ ਨੈਸ਼ਨਲ ਪਾਰਕ ਖੇਤਰ, ਜੋ ਕਿ ਸ਼ਿਕਾਰ ਲਈ ਜਾਣਿਆ ਜਾਂਦਾ ਹੈ, ਵਿੱਚ ਇਕ ਨਵਾਂ ਸਿਖਲਾਈ ਅਤੇ ਉਤਪਾਦਨ ਕੇਂਦਰ ਸ਼ੁਰੂ ਕੀਤਾ ਹੈ। ਕੇ ਵੀ ਆਈ ਸੀ ਨੇ ਪਿੰਡ ਦੇ ਕਾਰੀਗਰਾਂ ਨੂੰ 25 ਸੂਰਜੀ ਚਰਖੇ ਅਤੇ 5 ਖੱਡੀਆਂ ਮੁਹੱਈਆ ਕਰਵਾਈਆਂ ਹਨ। ਇਸ ਯੂਨਿਟ ਨੇ ਖੇਤਰ ਦੇ 50 ਦਿਹਾਤੀ ਪਰਿਵਾਰਾਂ ਨੂੰ ਰੋਜ਼ਗਾਰ ਦੇ ਸਿੱਧੇ ਮੌਕੇ ਮੁਹੱਈਆ ਕਰਵਾਏ ਹਨ।

## ਸ਼ਹਿਦ ਕੇਂਦਰ ਦੀ ਸਥਾਪਨਾ

ਭਾਰਤ ਵਿੱਚ ਕੁਦਰਤੀ ਸ਼ਹਿਦ ਦੇ ਉਤਪਾਦਨ ਦੀਆਂ ਕਾਫੀ ਸੰਭਾਵਨਾਵਾਂ ਮੌਜੂਦ ਹਨ ਕਿਉਂਕਿ ਇਥੇ ਇਸ ਲਈ ਕਈ ਤਰ੍ਹਾਂ ਦੀਆਂ ਕਾਫੀ ਸੁੰਦਰ ਜਗ੍ਹਾ ਮੌਜੂਦ ਹਨ। ਦੇਸ਼ ਦੇ ਜੰਗਲੀ, ਨੀਮ ਜੰਗਲੀ ਅਤੇ ਖੇਤੀ ਵਾਲੇ ਖੇਤਰਾਂ ਵਿੱਚ ਮਧੂਮੱਖੀ ਪਾਲਣ ਇਕ ਹਰਮਨ ਪਿਆਰਾ ਧੰਦਾ ਹੈ। ਮਧੂਮੱਖੀ ਪਾਲਣ ਦੇ ਕਈ ਲਾਭ ਹਨ। ਇਨ੍ਹਾਂ ਤੋਂ ਮਿੱਠਾ ਸ਼ਹਿਦ ਹਾਸਿਲ ਹੁੰਦਾ ਹੀ ਹੈ, ਮਧੂਮੱਖੀਆਂ ਪਰਾਗਣ ਦੀਆਂ ਸੰਭਾਵਨਾਵਾਂ ਵਧਾ ਦਿੰਦੀਆਂ ਹਨ ਜਿਸ ਨਾਲ ਖੇਤੀ ਉਪਜ ਵੀ ਵਧਦੀ ਹੈ। ਇਸ ਤੋਂ ਮਨੁੱਖ ਦੇ ਭਲੇ ਲਈ ਕਈ ਹੋਰ ਉਤਪਾਦ ਵੀ ਹਾਸਿਲ ਹੁੰਦੇ ਹਨ। ਇਨ੍ਹਾਂ ਚੀਜ਼ਾਂ ਨੂੰ ਧਿਆਨ ਵਿੱਚ ਰਖਦੇ ਹੋਏ ਕੇ ਵੀ ਆਈ ਸੀ ਨੇ ਦੇਸ਼ ਵਿੱਚ 'ਹਨੀ ਮਿਸ਼ਨ' ਦੀ ਸ਼ੁਰੂਆਤ ਕੀਤੀ। ਇਸ ਦਾ ਉਦੇਸ਼ ਸ਼ਹਿਦ ਬਣਾਉਣ

ਵਾਲਿਆਂ ਨੂੰ ਸਰਪ੍ਰਸਤੀ ਪ੍ਰਦਾਨ ਕਰਨਾ ਹੈ। ਹਨੀ ਮਿਸ਼ਨ ਅਧੀਨ ਕੇ ਵੀ ਆਈ ਸੀ ਇਸ ਸਾਲ ਕਿਸਾਨਾਂ ਨੂੰ 1 ਲੱਖ ਮਧੂਮੱਖੀ ਪਾਲਣ ਬਕਸੇ ਵੰਡੇਗੀ।

ਕੇ ਵੀ ਆਈ ਸੀ ਨੇ ਇਸ ਹਨੀ ਮਿਸ਼ਨ ਦੀ ਸ਼ੁਰੂਆਤ ਰਾਸ਼ਟਰਪਤੀ ਭਵਨ ਤੋਂ ਕੀਤੀ। ਮਾਣਯੋਗ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਕੇ ਵੀ ਆਈ ਸੀ ਵਲੋਂ ਰਾਸ਼ਟਰਪਤੀ ਭਵਨ ਦੇ ਅੰਦਰ ਹੀ ਕਾਇਮ ਇਸ ਕੇਂਦਰ ਨੂੰ ਵੇਖਣ ਲਈ ਆਏ। ਕੇ ਵੀ ਆਈ ਸੀ ਨੇ ਰਾਸ਼ਟਰਪਤੀ ਭਵਨ ਵਿੱਚ 150 ਮਧੂਮੱਖੀ ਬਕਸੇ ਵਾਲਾ ਕੇਂਦਰ ਬਣਾਇਆ ਹੈ ਅਤੇ ਕੁੱਝ ਮਹੀਨਿਆਂ ਵਿੱਚ ਹੀ ਇਸ ਨੂੰ 500 ਬਕਸਿਆਂ ਤੱਕ ਵਧਾ ਦਿੱਤਾ ਜਾਵੇਗਾ ਜਿਥੋਂ ਕਿ 15000 ਕਿਲੋਗ੍ਰਾਮ ਦਾ ਵਧੀਆ ਕਿਸਮ ਦਾ ਸ਼ਹਿਦ ਤਿਆਰ ਹੋਇਆ ਕਰੇਗਾ।

ਸੇਵਾਪੁਰੀ ਵਾਰਾਨਸੀ ਦਾ ਇਲਾਕਾ ਖੇਤੀ ਪੱਟੀ ਵਿੱਚ ਸਥਿਤ ਹੈ ਜਿਥੇ ਕਿ ਕਾਫੀ ਫੁੱਲ ਬੂਟੇ ਹੁੰਦੇ ਹਨ। ਇਸ ਲਈ ਇਥੇ ਹਨੀ ਮਿਸ਼ਨ ਅਧੀਨ 100 ਮਧੂਮੱਖੀ ਬਕਸਿਆਂ ਦਾ ਕੇਂਦਰ ਸਥਾਪਿਤ ਕੀਤਾ ਗਿਆ। ਇਸ ਲਈ ਇਸ ਨੂੰ ਆਲੇ-ਦੁਆਲੇ ਦੇ ਕਿਸਾਨਾਂ ਲਈ ਸਿਖਲਾਈ ਤੇ ਉਤਪਾਦਨ ਕੇਂਦਰ ਵਜੋਂ ਵਰਤਿਆ ਜਾਂਦਾ ਹੈ। ਵਾਰਾਨਸੀ ਜ਼ਿਲ੍ਹੇ ਵਿੱਚ ਇਹ ਪਹਿਲਾ ਅਜਿਹਾ ਕੇਂਦਰ ਹੈ ਜਿਥੇ ਕਿ 100 ਬਕਸੇ ਲਗਾਏ ਗਏ ਹਨ।

ਜੰਮੂ-ਕਸ਼ਮੀਰ ਦੇ ਪਾਂਪੋਰ ਕੇਂਦਰ ਵਿਖੇ ਵੀ ਮਧੂਮੱਖੀਆਂ ਦੇ 100 ਬਕਸੇ ਲਗਾਏ ਗਏ ਹਨ ਤਾਂ ਕਿ ਸ਼ਹਿਦ ਤਿਆਰ ਕਰਨ ਦੀ ਸਿਖਲਾਈ ਦਿੱਤੀ ਜਾ ਸਕੇ। ਕਸ਼ਮੀਰ ਦੇ ਇਸ ਕੇਸਰ ਸ਼ਹਿਰ ਵਿੱਚ ਕਿਸਾਨਾਂ ਅਤੇ ਮਧੂਮੱਖੀ ਪਾਲਕਾਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਨੂੰ ਇਹ ਬਕਸੇ ਮੁਹੱਈਆ ਕਰਵਾਏ ਜਾਣਗੇ ਤਾਂ ਕਿ ਕਾਫੀ ਮਾਤਰਾ ਵਿੱਚ ਸ਼ਹਿਰ ਮਿਲ ਸਕੇ।

## ਹਮਦਰਦੀ ਅਤੇ ਸਸ਼ਕਤੀਕਰਨ

ਕੇ ਵੀ ਆਈ ਸੀ ਦੀਆਂ ਸਾਰੀਆਂ ਵਿਕਾਸ ਸਰਗਰਮੀਆਂ ਵਿੱਚ ਮਹਿਲਾਵਾਂ ਦੀ ਹਿੱਸੇਦਾਰੀ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਦੀ ਮੁੱਖ ਭੂਮਿਕਾ ਹੈ। ਇਹ ਭਾਵੇਂ ਸੇਵਾਪੁਰੀ ਹੋਵੇ ਜਾਂ ਪਾਂਪੋਰ ਮੁੱਖ ਜ਼ੋਰ ਔਰਤਾਂ ਦੇ ਸਸ਼ਕਤੀਕਰਨ ਉੱਤੇ ਦਿੱਤਾ ਜਾਂਦਾ ਹੈ ਕਿਉਂਕਿ ਅਸੀਂ ਇਸ ਤੱਥ ਵਿੱਚ ਯਕੀਨ ਰੱਖਦੇ ਹਾਂ ਕਿ ਸ਼ਕਤੀਸ਼ਾਲੀ ਔਰਤ ਹੀ ਸਿਹਤਮੰਦ ਪਰਿਵਾਰ ਬਣਾਉਣ ਲਈ ਜ਼ਿੰਮੇਵਾਰ ਹੁੰਦੀ ਹੈ ਅਜਿਹੇ ਪਰਿਵਾਰ ਜੋ ਕਿ ਰਾਸ਼ਟਰ ਨਿਰਮਾਣ ਵਿੱਚ ਸਹਾਈ ਹੋ ਸਕਦੇ ਹਨ।

## ਕੇ ਵੀ ਆਈ ਸੀ ਨੇ ਨਰਮਦਾ ਘਾਟੀ ਵਿੱਚ ਮਹਿਲਾਵਾਂ ਦੇ ਸਸ਼ਕਤੀਕਰਨ ਦਾ ਇਕ ਨਵਾਂ ਅਧਿਆਏ ਲਿਖਿਆ

ਕੇ ਵੀ ਆਈ ਸੀ ਨੇ ਆਪਣੇ ਸਹਿਯੋਗ ਪ੍ਰੋਗਰਾਮ ਅਧੀਨ 80 ਕਬਾਇਲੀ ਔਰਤਾਂ ਨੂੰ ਓਮਕਾਰੇਸ਼ਵਰ ਵਿਖੇ ਚਰਖੇ ਵੰਡੇ ਤਾਂ ਕਿ ਉਹ ਮੱਧ ਪ੍ਰਦੇਸ਼ ਦੇ ਨਰਮਦਾ ਘਾਟੀ ਖੇਤਰ ਵਿੱਚ ਖਾਦੀ ਸਰਗਰਮੀਆਂ ਚਾਲੂ ਕਰ ਸਕਣ। ਸਾਰੀਆਂ 90 ਮਹਿਲਾ ਕਾਰੀਗਰ ਢੁਕਵੀਂ ਸਿਖਲਾਈ ਲੈ ਕੇ ਹੋਰ ਕਬਾਇਲੀ ਔਰਤਾਂ ਲਈ ਇਕ ਰੋਲ ਮਾਡਲ ਬਣ ਗਈਆਂ ਹਨ। ਸਹਿਯੋਗ ਪ੍ਰੋਗਰਾਮ ਅਧੀਨ ਜਨਤਕ ਸਹਿਯੋਗ ਨਾਲ ਦੇਸ਼ ਭਰ ਦੇ ਦਿਹਾਤੀ ਭਾਈਚਾਰੇ ਵਿੱਚ 1000 ਤੋਂ ਵੱਧ ਚਰਖੇ ਵੰਡੇ ਗਏ ਹਨ।

## ਮਾਰਕੀਟ ਉੱਤੇ ਪ੍ਰਭਾਵ ਛੱਡਣਾ

ਦਿਹਾਤੀ ਭਾਈਚਾਰਿਆਂ ਲਈ ਰੋਜ਼ੀ ਰੋਟੀ ਦੇ ਮੌਕੇ ਵਧਾਉਣ ਦੇ ਕੰਮ ਵਿੱਚ ਮਾਰਕੀਟ ਉੱਤੇ ਮੁੱਖ ਧਿਆਨ ਦਿੱਤਾ ਜਾਂਦਾ ਹੈ ਕਿਉਂਕਿ ਇਥੋਂ ਹੀ ਸਿਹਤਮੰਦ ਸਪਲਾਈ ਅਤੇ ਮੰਗ ਦੀ ਸਥਿਤੀ ਤਿਆਰ ਹੁੰਦੀ ਹੈ। ਕੇ ਵੀ ਆਈ ਸੀ ਨੇ ਮਾਰਕੀਟ ਉਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਹੈ। ਦਿਹਾਤੀ ਭਾਈਚਾਰੇ ਨੂੰ ਰੋਜ਼ਗਾਰ ਦੇਣ ਵਿੱਚ ਅਸੀਂ ਜੋ ਸਹਿਯੋਗ ਦੇਣਾ ਹੁੰਦਾ ਹੈ ਉਸ ਵਿੱਚ ਮੰਡੀਆਂ ਦੀ ਭੂਮਿਕਾ ਖ਼ਾਸ ਹੁੰਦੀ ਹੈ। ਕੇ ਵਾਈ ਆਈ ਸੀ ਨੇ ਇਸ ਦਿਸ਼ਾ ਵਿੱਚ ਕਈ ਕਦਮ ਚੁੱਕੇ ਹਨ।

ਕਾਰਪੋਰੇਟ ਘਰਾਣਿਆਂ ਦੀ ਮਦਦ ਨਾਲ ਖਾਦੀ ਵਸਤਾਂ ਦੀ ਮਾਰਕੀਟਿੰਗ ਲਈ ਕਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ, ਜਿਵੇਂ ਕਿ ਖਾਦੀ ਡੈਨਿਮ ਦੀ ਵਿਕਰੀ ਜਿਸ ਨਾਲ ਸਿਰਫ ਖਾਦੀ ਦੀ ਵਿਕਰੀ ਵਿੱਚ ਸਾਲਾਨਾ 40 ਕਰੋੜ ਰੁਪਏ ਦਾ ਵਾਧਾ ਹੋ ਜਾਵੇਗਾ ਅਤੇ 7.5 ਲੱਖ ਮਨੁੱਖੀ ਦਿਨਾਂ ਦਾ ਵਾਧੂ ਰੋਜ਼ਗਾਰ ਪੈਦਾ ਹੋਵੇਗਾ, ਖਾਦੀ ਦੇ ਪੀਟਰ ਇੰਗਲੈਂਡ ਕਹਾਉਣ ਵਾਲੇ ਉਤਪਾਦ ਦਾ ਵਿਕਾਸ ਹੋ ਸਕੇਗਾ ਅਤੇ ਖਾਦੀ ਨੂੰ ਆਪਣੀ ਪਸੰਦ ਦੇ ਕੱਪੜੇ ਵਜੋਂ ਮੁੜ ਸਥਾਪਿਤ ਕੀਤਾ ਜਾ ਸਕੇਗਾ।

## ਸਿਹਤ ਮੰਤਰਾਲਾ ਨੇ ਆਪਣੇ ਸਾਰੇ 23 ਹਸਪਤਾਲਾਂ ਨੂੰ ਖਾਦੀ ਦੇ ਉਤਪਾਦ ਵਰਤਣ ਦਾ ਹੁਕਮ ਦਿੱਤਾ

ਕੇ ਵੀ ਆਈ ਸੀ ਨੇ ਕਈ ਜਨਤਕ ਅਤੇ ਨਿੱਜੀ ਖੇਤਰ ਦੀਆਂ ਕੰਪਨੀਆਂ ਜਿਵੇਂ ਕਿ ਓ ਐੱਨ ਜੀ ਸੀ (45 ਕਰੋੜ ਦਾ ਆਰਡਰ ਰੈਡੀਮੇਡ ਵਸਤਰਾਂ ਅਤੇ ਦਿਹਾਤੀ ਸੱਨਅਤੀ ਉਤਪਾਦ ਆਪਣੇ 35,000 ਮੁਲਾਜ਼ਮਾਂ ਲਈ), ਰੇਲਵੇ (ਬੈੱਡ ਸ਼ੀਟਾਂ, ਪਿੱਲੋ ਕਵਰ ਅਤੇ ਕੰਬਲਾਂ ਵਗੈਰਾ ਦੀ ਸਪਲਾਈ ਲਈ 42 ਕਰੋੜ ਦਾ ਆਰਡਰ), ਏਅਰ ਇੰਡੀਆ (35,000 ਸਹਾਇਕ ਕਿੱਟਾਂ ਆਪਣੇ ਪਹਿਲੇ ਦਰਜੇ ਦੇ ਅਤੇ ਬਿਜ਼ਨੈੱਸ ਕਲਾਸ ਦੇ ਯਾਤਰੀਆਂ ਲਈ ਸਪਲਾਈ ਕਰਨ ਲਈ 11.1 ਕਰੋੜ ਦਾ ਆਰਡਰ), ਐੱਨ ਟੀ ਪੀ ਸੀ (23,000 ਰੇਸ਼ਮੀ ਜੈਕਟਾਂ ਦੀ ਸਪਲਾਈ ਲਈ 5 ਕਰੋੜ ਦਾ ਆਰਡਰ), ਜੇ ਕੇ ਵਾਈਟ ਸੀਮੰਟ (17 ਲੱਖ ਦਾ ਆਰਡਰ ਵਰਦੀਆਂ ਦੀ ਸਪਲਾਈ ਲਈ) ਤੋਂ ਵੱਡੇ ਆਰਡਰ ਹਾਸਿਲ ਕੀਤੇ ਹਨ।

ਇਸ ਤੋਂ ਇਲਾਵਾ ਸਿਹਤ ਮੰਤਰਾਲਾ ਵਲੋਂ ਹਸਪਤਾਲਾਂ ਅਤੇ ਸਟਾਫ ਲਈ ਖਾਦੀ ਨੂੰ ਅਪਣਾਇਆ ਜਾ ਰਿਹਾ ਹੈ ਜੋ ਕਿ ਇਕ ਚੰਗਾ ਸੰਕੇਤ ਹੈ ਕਿਉਂਕਿ ਸਿਹਤ ਮੰਤਰਾਲਾ ਵਲੋਂ 150 ਕਰੋੜ ਰੁਪਏ ਦਾ ਸਾਮਾਨ ਖਰੀਦਿਆ ਜਾ ਰਿਹਾ ਹੈ ਜਿਸ ਦਾ ਖਾਦੀ ਦੇ ਜੀਵਨ ਉੱਤੇ ਚੰਗਾ ਪ੍ਰਭਾਵ ਪੈ ਰਿਹਾ ਹੈ। ਸਿਹਤ ਮੰਤਰਾਲਾ ਨੇ ਦੇਸ਼ ਭਰ ਵਿੱਚ ਆਪਣੇ 23 ਕੇਂਦਰ ਸਰਕਾਰ ਦੇ ਹਸਪਤਾਲਾਂ ਅਤੇ ਮੈਡੀਕਲ ਖੋਜ ਸੰਸਥਾਵਾਂ ਨੂੰ ਸਿਰਫ ਖਾਦੀ ਦੇ ਉਤਪਾਦ ਖਰੀਦਣ ਦਾ ਹੀ ਹੁਕਮ ਦਿੱਤਾ ਹੈ।

## ਏਅਰ ਇੰਡੀਆ ਵਲੋਂ ਕੇ ਵੀ ਆਈ ਸੀ ਨੂੰ ਆਡਰ

ਕੇ ਵੀ ਆਈ ਸੀ ਨੇ ਏਅਰ ਇੰਡੀਆ ਤੋਂ 12 ਕਰੋੜ ਰੁਪਏ ਦਾ ਇਕ ਆਰਡਰ ਮੁੜ ਤੋਂ ਹਾਸਲ ਕੀਤਾ ਹੈ। ਏਅਰ ਇੰਡੀਆ ਨੇ ਫੈਸਲਾ ਕੀਤਾ ਹੈ ਕਿ ਕੁਦਰਤੀ ਅਤੇ ਚੌਗਿਰਦਾ ਮਿੱਤਰ ਖਾਦੀ ਉਤਪਾਦਾਂ ਦੀ ਹੀ ਵਰਤੋਂ ਆਪਣੀਆਂ ਉਡਾਨਾਂ ਵਿੱਚ ਕੀਤੀ ਜਾਵੇ ਅਤੇ ਉਸ ਨੇ ਕੇ ਵੀ ਆਈ ਸੀ ਨੂੰ ਆਪਣੇ ਪਹਿਲੇ ਦਰਜੇ ਦੇ ਅਤੇ ਬਿਜ਼ਨੈੱਸ ਕਲਾਸ ਦੇ ਯਾਤਰੀਆਂ ਲਈ 65,500 ਸਹੂਲਤ ਕਿੱਟਾਂ ਖਰੀਦਣ ਲਈ 7.98 ਕਰੋੜ



ਬਣ ਗਿਆ ਹੈ। ਸਟੇਨਲੈੱਸ ਸਟੀਲ ਦਾ ਇਹ ਚਰਖਾ 12 ਫੁੱਟ ਉੱਚਾ ਅਤੇ 25 ਫੁੱਟ ਲੰਬਾ ਹੈ। ਇਹ ਕੰਮ ਨਿਊ ਦਿੱਲੀ ਮਿਊਂਸਿਪਲ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਗਿਆ ਹੈ।

### ਚੈੱਸ ਫੈਡਰੇਸ਼ਨ ਨੇ ਵਰਦੀਆਂ, ਕਿੱਟਾ ਲਈ ਖਾਦੀ ਨੂੰ ਅਪਣਾਉਣ ਦਾ ਫੈਸਲਾ ਕੀਤਾ

ਅੰਤਰਰਾਸ਼ਟਰੀ ਪੱਧਰ ਉਤੇ ਖਾਦੀ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਪਾਸੇ ਵੱਲ ਆਕਰਸ਼ਿਤ ਕਰਨ ਲਈ ਆਲ ਇੰਡੀਆ ਚੈੱਸ ਫੈਡਰੇਸ਼ਨ (ਏ ਆਈ ਸੀ ਐੱਫ) ਨੇ ਫੈਸਲਾ ਕੀਤਾ ਹੈ ਕਿ ਭਾਰਤ ਦੇ ਸਾਰੇ ਚੈੱਸ ਖਿਡਾਰੀ ਅਤੇ ਉਨ੍ਹਾਂ ਦਾ ਸਹਾਇਕ ਸਟਾਫ ਸਾਰੇ ਅੰਤਰਰਾਸ਼ਟਰੀ ਟੂਰਨਾਮੈਂਟ ਵਿੱਚ ਖਾਦੀ ਦੀ ਵਰਦੀ ਪਾਵੇਗਾ ਅਤੇ ਖਾਦੀ ਦੀਆਂ ਕਿੱਟਾਂ ਵਰਤੇਗਾ।

ਰੁਪਏ ਦਾ ਆਰਡਰ ਦਿੱਤਾ ਹੈ।

ਇਹ ਆਰਡਰ ਮੁਕਾਬਲੇਬਾਜ਼ੀ ਦੇ ਟੈਂਡਰ ਭਰ ਕੇ ਅਤੇ ਕੁਆਲਟੀ ਦੇ ਚੈੱਕਾਂ ਵਿੱਚੋਂ ਲੰਘ ਕੇ ਹਾਸਿਲ ਕੀਤਾ ਗਿਆ ਹੈ। ਇਸ ਤਰ੍ਹਾਂ ਖਾਦੀ ਅਤੇ ਪੇਂਡੂ ਸੱਨਅਤ ਉਤਪਾਦਾਂ ਦੇ ਵਧੀਆ ਹੋਣ ਉਤੇ ਮੋਹਰ ਲੱਗ ਗਈ ਹੈ। ਜੂਨ, 2016 ਵਿੱਚ ਉਸ ਨੇ ਕੇ ਵੀ ਆਈ ਸੀ ਨੂੰ 1.85 ਲੱਖ ਸਹੂਲਤ ਕਿੱਟਾ ਦਾ 8 ਕਰੋੜ ਰੁਪਏ ਦਾ ਆਰਡਰ ਦਿੱਤਾ ਸੀ। ਇਸੇ ਤਰ੍ਹਾਂ ਦਸੰਬਰ, 2015 ਵਿੱਚ ਏਅਰ ਇੰਡੀਆ ਨੇ ਕੇ ਵੀ ਆਈ ਸੀ ਨੂੰ 25,000 ਕਿੱਟਾ ਦੀ ਸਪਲਾਈ ਲਈ 1.21 ਕਰੋੜ ਰੁਪਏ ਦਾ ਟ੍ਰਾਇਲ ਆਰਡਰ ਦਿੱਤਾ। ਇਨ੍ਹਾਂ ਕਿੱਟਾਂ ਵਿੱਚ ਖਾਦੀ ਦੇ ਹੱਥ ਸਾਫ ਕਰਨ ਵਾਲੇ, ਖਾਦੀ ਦਾ ਮਾਇਸਚਰਾਈਜ਼ਰ ਲੋਸ਼ਨ, ਹੱਥ ਦਾ ਬਣਿਆ ਸਾਬਣ, ਖਾਦੀ ਦਾ ਲੈਮਨ ਗਰਾਸ, ਲਿਪ ਬਾਮ, ਰੋਜ਼ ਫੇਸ ਵਾਸ਼ ਆਦਿ ਹੁੰਦੇ ਹਨ।

### ਪਹੁੰਚ ਵਿਸਤਾਰਿਤ ਕੀਤੀ ਗਈ

ਕੇ ਵੀ ਆਈ ਸੀ ਦਾ ਵਿਸ਼ਵਾਸ ਹੈ ਕਿ ਖਾਦੀ ਅਤੇ ਪੇਂਡੂ ਸੱਨਅਤ ਵਰਗੀ ਸੰਸਥਾ ਦਾ ਦੇਸ਼ ਵਿੱਚ ਬਣੀਆਂ ਵਸਤਾਂ ਦਾ ਸੰਦੇਸ਼ ਦੁਨੀਆਂ ਭਰ ਵਿੱਚ ਫੈਲਣਾ ਚਾਹੀਦਾ ਹੈ। ਕਈ ਰਾਜਦੂਤ ਖਾਦੀ ਦੀਆਂ ਦੁਕਾਨਾਂ ਉੱਤੇ ਪਹੁੰਚਦੇ ਹਨ ਅਤੇ ਕਈ ਵੱਡੀਆਂ ਹਸਤੀਆਂ ਦੁਨੀਆਂ ਭਰ ਤੋਂ ਖਾਦੀ ਦੀਆਂ ਦੁਕਾਨਾਂ ਤੋਂ ਜਾ ਕੇ ਅਤੇ ਖਾਦੀ ਦਾ ਸਾਮਾਨ ਵੇਖ ਕੇ ਪ੍ਰਭਾਵਿਤ ਹੁੰਦੀਆਂ ਹਨ।

### ਆਜ਼ਾਦੀ ਦਿਵਸ ਉਤੇ ਅਮਰੀਕੀ ਰਾਜਦੂਤ ਨੇ ਖਾਦੀ ਦੀ ਸਾੜ੍ਹੀ ਪਾਈ

ਖਾਦੀ ਲਈ ਇਕ ਹੋਰ ਮਾਣ ਵਾਲੀ ਗੱਲ ਇਹ ਹੋਈ ਕਿ ਇਸ ਨੂੰ ਜਿਥੇ ਕਿ ਮਹਾਤਮਾ ਗਾਂਧੀ ਨੇ ਆਜ਼ਾਦੀ ਦੀ ਜੰਗ ਵਿੱਚ ਸਵਦੇਸ਼ੀ ਦੇ ਚਿੰਨ੍ਹ ਵਜੋਂ ਵਰਤਿਆ ਉਥੇ ਬੀਤੀ 15 ਅਗਸਤ ਨੂੰ ਆਜ਼ਾਦੀ ਦਿਵਸ ਦੇ ਮੌਕੇ ਉਤੇ ਅਮਰੀਕਾ ਦੀ ਕਾਰਜਵਾਹਕ ਰਾਜਦੂਤ ਮਿਸ ਮੈਰੀ ਕੇ ਲਾਸ ਕਾਰਲਸਨ ਨੇ ਕਨਾਟ ਪਲੇਸ ਸਥਿਤ ਖਾਦੀ ਇੰਡੀਆ ਦੇ ਕੇਂਦਰ ਉਤੇ ਜਾ ਕੇ ਖਾਦੀ ਦੀ ਸਾੜ੍ਹੀ ਖਰੀਦੀ ਅਤੇ ਸਮਾਰੋਹ ਵਿੱਚ ਪਹਿਨੀ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਆਪਣੇ ਦੇਸ਼ ਦੇ ਆਜ਼ਾਦੀ ਦਿਵਸ ਦੇ ਮੌਕੇ ਲਈ ਸਹੀ ਸਾੜ੍ਹੀ ਦੀ ਚੋਣ ਕਰਨ ਅਤੇ ਖਾਦੀ ਦੀ ਬਣੀ ਸਾੜ੍ਹੀ ਪਹਿਨਣ।

### ਕੇ ਵੀ ਆਈ ਸੀ ਨੇ ਦਿੱਲੀ ਦੇ ਦਿਲ ਵਿੱਚ ਇਕ ਵੱਡਾ ਸਟੀਲ ਦਾ ਬਣਿਆ ਚਰਖਾ ਸਥਾਪਤ ਕਰਵਾਇਆ

2.5 ਟਨ ਦਾ ਬਣਿਆ ਇਕ ਚਰਖਾ ਜੋ ਕਿ ਉੱਚ ਕਵਾਲਿਟੀ ਦੇ ਕਰੋਮੀਅਮ ਨਿੱਕਲ ਸਟੇਨਲੈੱਸ ਸਟੀਲ ਦਾ ਬਣਿਆ ਹੋਇਆ ਹੈ, ਉਹ ਕਨਾਟ ਪਲੇਸ ਵਿਖੇ ਸਥਾਪਿਤ ਕੀਤਾ ਗਿਆ। ਇਹ ਚਰਖਾ ਵਿਰਾਸਤ ਚਰਖਾ ਮਿਊਜ਼ੀਅਮ ਦੇ ਬਿਲਕੁਲ ਸਾਹਮਣੇ ਲਗਾਇਆ ਗਿਆ ਹੈ ਅਤੇ ਦਿੱਲੀ ਦੇ ਦਰਮਿਆਨ ਵਿੱਚ ਖਿੱਚ ਦਾ ਕੇਂਦਰ

### ਸਿੱਟਾ

ਖਾਦੀ ਸੁਧਾਰਾਂ ਦਾ ਸਹੀ ਪ੍ਰਛਾਵਾਂ ਖਾਦੀ ਵਿੱਚ ਸੁਧਾਰ ਅਤੇ ਵਿਕਾਸ ਪ੍ਰਜੈਕਟ (ਕੇ ਆਰ ਡੀ ਪੀ) ਨੂੰ ਲਾਗੂ ਕਰਨ ਵਿੱਚ ਨਜ਼ਰ ਆਉਂਦਾ ਹੈ। ਇਹ ਪ੍ਰਜੈਕਟ 2010-11 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ 2013-14 ਵਿੱਚ ਇਸ ਨੂੰ 96 ਕਰੋੜ ਰੁਪਏ ਦੀ ਰਕਮ ਮਿਲੀ। ਮਈ 2014 ਤੱਕ ਕੋਈ ਵੀ ਚਰਖਾ ਜਾਂ ਖੱਡੀ ਵੰਡੀ ਨਹੀਂ ਗਈ ਸੀ। ਪਿਛਲੇ ਦੋ ਸਾਲਾਂ ਵਿੱਚ 1530 ਖੱਡੀਆਂ ਦੀ ਪ੍ਰਵਾਨਗੀ ਦਿੱਤੀ ਗਈ ਹੈ ਜਿਨ੍ਹਾਂ ਵਿੱਚੋਂ 1350 ਸਪਲਾਈ ਕੀਤੀਆਂ ਜਾ ਚੁੱਕੀਆਂ ਹਨ। ਇਸੇ ਤਰ੍ਹਾਂ 27,000 ਚਰਖਿਆਂ ਦੀ ਪ੍ਰਵਾਨਗੀ ਮਿਲੀ ਜਿਸ ਵਿੱਚੋਂ 16,000 ਸਪਲਾਈ ਕੀਤੇ ਜਾ ਚੁੱਕੇ ਹਨ।

ਕੇ ਵੀ ਆਈ ਸੀ ਇਸ ਵੇਲੇ ਮੁਢਲੇ ਪੱਧਰ ਉਤੇ ਖਾਦੀ ਦਾ ਮਾਣ ਬਹਾਲ ਕਰਨ ਲਈ ਕੰਮ ਉਤੇ ਲੱਗੀ ਹੋਈ ਹੈ ਅਤੇ ਨਾਲ ਹੀ ਉਹ ਮਹਾਤਮਾ ਗਾਂਧੀ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਭਾਰਤ ਦਾ ਵਿਕਾਸ ਦੇਸ਼ ਵਿੱਚ ਪੇਂਡੂ ਸੱਨਅਤਾਂ ਨੂੰ ਉਤਸ਼ਾਹ ਦੇਣ ਨਾਲ ਹੀ ਸੰਭਵ ਹੈ।

*(ਲੇਖਕ ਸੂਖਮ, ਛੋਟੀਆਂ ਅਤੇ ਦਰਮਿਆਨੀਆਂ ਸਨਅਤਾਂ ਬਾਰੇ ਕੇਂਦਰੀ ਮੰਤਰਾਲੇ ਵਿੱਚ ਖਾਦੀ ਅਤੇ ਪੇਂਡੂ ਸਨਅਤਾਂ ਬਾਰੇ ਕਮਿਸ਼ਨ ਦੇ ਚੇਅਰਮੈਨ ਹਨ)*

*e-mail :chairmankvic2015@gmail.com*

# ਛੋਟੇ ਉੱਦਮਾਂ ਲਈ ਉਤਸ਼ਾਹਜਨਕ ਮਾਹੌਲ

ਅਸ਼ਵਨੀ ਮਹਾਜਨ

ਛੋਟੇ ਉੱਦਮਾਂ ਦਾ ਭਾਰਤ ਦੇ ਅਰਥਚਾਰੇ ਵਿੱਚ ਹਮੇਸ਼ਾ ਮਹੱਤਵਪੂਰਨ ਯੋਗਦਾਨ ਰਿਹਾ ਹੈ, ਭਾਵੇਂ ਇਹ ਉਤਪਾਦਨ, ਰੋਜ਼ਗਾਰ ਜਾਂ ਨਿਰਯਾਤ ਦਾ ਖੇਤਰ ਹੋਵੇ। ਇਸ ਤੋਂ ਇਲਾਵਾ, ਇਹ ਨਕਦੀ ਅਤੇ ਵਿਕੇਂਦਰੀਕਰਨ ਦੇ ਚਲਦਿਆਂ ਵਿਕਾਸ ਦੇ ਵਾਹਕ ਬਣੇ ਹੋਏ ਹਨ। ਇਸ ਲਈ ਜ਼ਰੂਰੀ ਹੈ ਕਿ ਆਰਥਿਕ ਨੀਤੀ ਛੋਟੇ ਉੱਦਮਾਂ ਦੇ ਪ੍ਰੋਤਸਾਹਨ ਅਤੇ ਸੁਰੱਖਿਆ ਨੂੰ ਮੱਦੇਨਜ਼ਰ ਰੱਖ ਕੇ ਘੜੀ ਜਾਣੀ ਚਾਹੀਦੀ ਹੈ। ਪਰ ਪਿਛਲੇ ਦੋ ਦਹਾਕਿਆਂ ਤੋਂ ਇਹ ਖੇਤਰ ਇਕ ਗੰਭੀਰ ਸੰਕਟ ਦਾ ਸਾਹਮਣਾ ਕਰਦਾ ਆ ਰਿਹਾ ਹੈ। ਵੱਡੀ ਗਿਣਤੀ ਵਿੱਚ ਛੋਟੇ ਉੱਦਮਾਂ ਦੇ ਬੰਦ ਹੋਣ ਨਾਲ ਨਾ ਸਿਰਫ ਨੌਕਰੀਆਂ ਪੈਦਾ ਹੋਣ ਦੇ ਰਾਹ ਵਿੱਚ ਰੁਕਾਵਟ ਪੈਦਾ ਹੋ ਰਹੀ ਹੈ, ਸਗੋਂ ਆਰਥਿਕਤਾ ਦਾ ਵਿਕਾਸ ਅਤੇ ਤਰੱਕੀ ਵੀ ਪ੍ਰਭਾਵਿਤ ਹੋ ਰਹੀ ਹੈ।

## ਉਦਾਰਵਾਦ ਤੇ ਵਿਸ਼ਵੀਕਰਨ ਦਾ ਪ੍ਰਭਾਵ

ਆਜ਼ਾਦੀ ਤੋਂ ਪਹਿਲਾਂ ਦੀ ਉਦਯੋਗਿਕ ਨੀਤੀ ਵਿੱਚ ਵੱਡੇ ਪੱਧਰ ਦੇ ਨਿੱਜੀ ਉਦਯੋਗਾਂ ਉਤੇ ਕਾਫੀ ਪਾਬੰਦੀਆਂ ਲਾਈਆਂ ਗਈਆਂ ਸਨ, ਉਸ ਸਮੇਂ ਦੀ ਉਦਯੋਗਿਕ 'ਨੀਤੀ ਲਾਇਸੰਸ ਅਤੇ ਕੋਟਾ ਰਾਜ' ਬਣ ਕੇ ਰਹਿ ਗਈ ਸੀ। ਭਾਵੇਂ ਕਿ ਮੌਜੂਦਾ ਉਦਯੋਗਾਂ ਨੇ ਇਸ ਨੀਤੀ ਨਾਲ ਚੱਲਣ ਦਾ ਹੁਨਰ ਸਿੱਖ ਲਿਆ, ਪਰ ਇਸੇ ਨੀਤੀ ਨੇ ਨਵੇਂ ਉੱਦਮਾਂ ਦੇ ਰਾਹ ਵਿੱਚ ਰੋੜੇ ਅਟਕਾਏ।

ਜਿਥੋਂ ਤੱਕ ਛੋਟੇ ਦਰਜੇ ਦੇ ਉਦਯੋਗਾਂ ਦਾ ਸੰਬੰਧ ਹੈ, ਇਸ ਨੀਤੀ ਤਹਿਤ ਛੋਟੇ ਦਰਜੇ ਦੇ ਉਦਯੋਗਾਂ ਨੂੰ ਖਪਤਕਾਰੀ ਵਸਤਾਂ ਦੇ ਖੇਤਰ ਵਿੱਚ ਕੰਮ ਕਰਨ ਦੀ ਛੋਟ ਦਿੱਤੀ ਗਈ ਅਤੇ ਬਹੁਤ ਸਾਰੀਆਂ ਵਸਤਾਂ ਤਾਂ ਛੋਟੇ ਦਰਜੇ ਦੇ ਉਦਯੋਗਾਂ ਲਈ ਰਾਖਵੀਆਂ ਕਰ ਦਿੱਤੀਆਂ ਗਈਆਂ। 1991 ਵਿੱਚ ਨਵੀਂ ਆਰਥਿਕ ਨੀਤੀ ਆਉਣ ਤੋਂ ਪਹਿਲਾਂ 812 ਵਸਤਾਂ ਛੋਟੇ ਦਰਜੇ ਦੇ ਖੇਤਰ ਵਿੱਚ ਉਤਪਾਦਨ ਲਈ ਰਾਖਵੀਆਂ ਸਨ। ਨਵੀਂ ਆਰਥਿਕ ਨੀਤੀ ਦੇ ਤੂਫ਼ਾਨ ਨੇ ਰਾਖਵੇਂਕਰਨ ਦੀ ਇਸ ਨੀਤੀ ਨੂੰ ਬੇਰਹਿਮੀ ਨਾਲ ਕੁਚਲ ਦਿੱਤਾ। ਇਸੇ ਪ੍ਰਕਾਰ, ਕੀਮਤ ਅਤੇ ਖਰੀਦ ਤਰਜੀਹ ਦੇ ਮਾਮਲੇ ਵਿੱਚ ਛੋਟੇ ਉਦਯੋਗਾਂ ਨੂੰ ਸਰਕਾਰੀ ਖਰੀਦ ਵਿੱਚ ਤਰਜੀਹ ਦਿੱਤੀ ਜਾਂਦੀ ਸੀ। ਹੌਲੀ-ਹੌਲੀ, ਮੁਕਾਬਲੇਬਾਜ਼ੀ ਨੂੰ ਉਤਸ਼ਾਹਿਤ ਕਰਨ ਦੇ ਨਾਮ ਉਤੇ ਛੋਟੇ ਦਰਜੇ ਦੇ ਉਦਯੋਗਾਂ ਨੂੰ ਦਿੱਤੀਆਂ ਇਹ ਰਿਆਇਤਾਂ ਖਤਮ ਹੋ ਗਈਆਂ। ਇਹ ਆਖਿਆ ਗਿਆ ਕਿ ਛੋਟੇ ਉਦਯੋਗਾਂ ਲਈ ਰਾਖਵੇਂਕਰਨ ਦੀ ਨੀਤੀ ਤਕਨਾਲੋਜੀ ਦੇ ਰਾਹ ਦਾ ਅੜਿੱਕਾ ਬਣਦੀ ਹੈ ਤੇ ਮੁਕਾਬਲੇਬਾਜ਼ੀ ਨੂੰ ਖਤਮ ਕਰਦੀ ਹੈ। ਸੁਰੱਖਿਆ ਕਾਰਨ ਅਕੁਸ਼ਲਤਾਵਾਂ ਪੈਦਾ ਹੁੰਦੀਆਂ ਹਨ ਅਤੇ ਦੇਸ਼ ਵਿਸ਼ਵੀ ਮੁਕਾਬਲੇਬਾਜ਼ੀ ਦਾ ਸਾਹਮਣਾ ਨਹੀਂ ਕਰ ਸਕੇਗਾ, ਅਜਿਹਾ ਕਿਹਾ ਗਿਆ। ਦਲੀਲ ਦਿੱਤੀ ਗਈ ਕਿ ਜੇ ਅਸੀਂ ਘਰੇਲੂ ਉਦਯੋਗਾਂ ਨੂੰ ਸੁਰੱਖਿਆ ਦੇਣੀ ਜਾਰੀ ਰੱਖੀ, ਜਿਸ ਵਿੱਚ ਛੋਟੇ ਦਰਜੇ ਦੇ ਉਦਯੋਗ ਵੀ ਸ਼ਾਮਲ ਹਨ, ਤਾਂ ਵਿਦੇਸ਼ੀ ਨਿਵੇਸ਼ਕਾਂ ਦਾ ਉਤਸ਼ਾਹ ਮੱਠਾ ਪਵੇਗਾ ਅਤੇ ਖਪਤਕਾਰਾਂ ਦੇ ਵਿਕਲਪ ਵੀ ਪ੍ਰਭਾਵਿਤ ਹੋਣਗੇ। ਨਵੀਂ ਆਰਥਿਕ ਨੀਤੀ ਦੀਆਂ ਦਲੀਲਾਂ ਨੂੰ ਰੋਜ਼ਗਾਰ, ਵਿਕੇਂਦਰੀਕਰਨ ਅਤੇ ਛੋਟੇ ਦਰਜੇ ਦੇ ਉਦਯੋਗਾਂ ਲਈ ਬਰਾਬਰੀ ਦੀਆਂ ਰਿਆਇਤਾਂ ਦੇ ਮੁਕਾਬਲੇ ਪਹਿਲਾਂ ਰੱਖਿਆ ਗਿਆ।

ਵਿਸ਼ਵੀਕਰਨ ਦੇ ਯੁਗ ਵਿੱਚ ਖੁੱਲ੍ਹੇ ਆਯਾਤ ਦੀ ਨੀਤੀ ਨਾਲ ਸਾਨੂੰ ਬਹੁਤ ਸਾਰੀਆਂ ਵਸਤਾਂ ਅਤੇ ਕਦੇ-ਕਦੇ ਤਕਨਾਲੋਜੀ ਤਾਂ ਮਿਲੀ, ਪਰ ਲੱਖਾਂ ਉੱਦਮਾਂ ਦੇ ਬੰਦ ਹੋਣ ਦੀ ਕੀਮਤ ਉਤੇ, ਜੋ ਬਾਕੀ ਦੁਨੀਆਂ ਦੇ ਭਿਆਨਕ ਮੁਕਾਬਲੇ ਦਾ ਸਾਹਮਣਾ ਨਾ ਕਰ ਸਕੇ। ਭਾਵੇਂ ਕਿ ਆਟੋਮੋਬਾਈਲ ਵਰਗੇ ਕੁੱਝ ਖੇਤਰਾਂ ਦੀਆਂ ਸਹਾਇਕ ਇਕਾਈਆਂ ਵਿੱਚ ਕੁੱਝ ਤਰੱਕੀ ਵੇਖਣ ਨੂੰ ਮਿਲੀ ਹੈ, ਪਰ ਚੀਨ ਤੋਂ ਆਯਾਤ ਦੇ ਹੜ੍ਹ ਕਾਰਨ ਛੋਟੇ ਦਰਜੇ ਦੇ ਖੇਤਰ ਦਾ ਆਮ ਤੌਰ ਤੇ ਖਾਤਮਾ ਹੋ ਗਿਆ। ਚੀਨ ਤੋਂ ਵੱਡੇ ਪੱਧਰ ਉਤੇ ਆਯਾਤ ਹੋਣ ਨਾਲ ਨਾ ਕੇਵਲ ਦੇਸ਼ ਦੇ ਵਿਦੇਸ਼ੀ ਸਿੱਕੇ ਉਤੇ ਬੇਹਿਸਾਬ ਭਾਰ ਪਿਆ ਜਿਸ ਦਾ ਕਾਰਨ ਖਿਡੌਣਿਆਂ, ਊਰਜਾ ਯੰਤਰਾਂ, ਮੋਬਾਈਲ, ਕੰਪਿਊਟਰ ਅਤੇ ਦੂਜੇ ਇਲੈਕਟ੍ਰਾਨਿਕ ਸਮਾਨ, ਪ੍ਰਾਜੈਕਟ ਵਸਤੂਆਂ, ਊਰਜਾ ਪਲਾਂਟ ਆਦਿ ਦਾ ਆਯਾਤ ਸੀ। ਸਾਡੇ ਉਦਯੋਗ



ਅਤੇ ਵਪਾਰ ਵੀ ਤਬਾਹ ਹੋ ਗਏ ਜਿਸ ਨਾਲ ਵੱਡੇ ਪੱਧਰ ਉਤੇ ਬੇਰੋਜ਼ਗਾਰੀ ਫੈਲ ਗਈ।

## ਮੇਕ ਇਨ ਇੰਡੀਆ ਨੂੰ ਕਿਵੇਂ ਪ੍ਰੋਤਸਾਹਨ ਦਿੱਤਾ ਜਾਵੇ?

ਭਾਵੇਂ ਕਿ ਚੀਨ ਦੀ ਡੰਪਿੰਗ ਅਤੇ ਇਸ ਦੇ ਭਾਰਤ ਦੇ ਛੋਟੇ ਦਰਜੇ ਦੇ ਖੇਤਰ ਉਤੇ ਪ੍ਰਭਾਵ ਬਾਰੇ ਕੋਈ ਸ਼ੱਕ ਨਹੀਂ, ਇਹ ਸਮਝਣਾ ਵੀ ਉਨਾ ਹੀ ਅਹਿਮ ਹੈ ਕਿ ਚੀਨ ਦੀ ਸਰਕਾਰ ਦੇਸ਼ ਵਿੱਚ ਉਦਯੋਗ ਅਤੇ ਉੱਦਮਤਾ ਦੇ ਵਿਕਸ ਲਈ ਸਭ ਤੋਂ ਵੱਧ ਮੁਆਫਕ ਵਾਤਾਵਰਨ ਪ੍ਰਦਾਨ ਕਰਦੀ ਹੈ, ਅਤੇ ਚੀਨ ਵਿਸ਼ਵ ਵਿੱਚ ਨਿਰਮਾਣ ਦਾ ਧੁਰਾ ਬਣ ਗਿਆ ਹੈ।

ਭਾਰਤ ਵਿੱਚ ਮਹਿੰਗੀ ਬਿਜਲੀ, ਵੇਲਾ ਵਿਹਾਅ ਚੁੱਕੇ ਕਿਰਤ ਕਾਨੂੰਨ, ਗੁੰਝਲਦਾਰ ਕਰ ਪ੍ਰਣਾਲੀ, ਉੱਚ ਕਰ ਦਰਾਂ, ਵਿੱਤ ਪ੍ਰਾਪਤ ਕਰਨ ਵਿੱਚ ਆਉਂਦੀਆਂ ਮੁਸ਼ਕਿਲਾਂ, ਬੁਨਿਆਦੀ ਢਾਂਚੇ ਦੀ ਘਾਟ, ਉੱਦਮ ਸ਼ੁਰੂ ਕਰਨ ਦੇ ਰਸਤੇ ਵਿੱਚ ਰੁਕਾਵਟ ਬਣਦੇ ਕਾਨੂੰਨ, ਇੰਸਪੈਕਟਰ ਰਾਜ ਅਤੇ ਬੇਢੰਗੇ ਵਾਤਾਵਰਨ ਕਾਨੂੰਨ ਆਦਿ ਕੁਝ ਅਜਿਹੀਆਂ ਮੁਸ਼ਕਿਲਾਂ ਹਨ ਜੋ ਛੋਟੇ ਦਰਜੇ ਦੇ ਸਿਹਤਮੰਦ ਵਿਕਾਸ ਵਿੱਚ ਅੜਿੱਕਾ ਬਣ ਰਹੀਆਂ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਨਾ ਕੇਵਲ ਅਸੰਤੁਲਿਤ ਆਯਾਤ ਕਰਕੇ ਹੀ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਸਗੋਂ ਇਸ ਖੇਤਰ ਵਲੋਂ ਹੋਰ ਵੀ ਢੇਰ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ ਜਾ ਰਿਹਾ ਹੈ ਜੋ ਉੱਦਮ ਸ਼ੁਰੂ ਕਰਨ ਤੋਂ ਲੈ ਕੇ ਤਿਆਰ ਉਤਪਾਦ ਦੇ ਬਾਜ਼ਾਰੀਕਰਨ ਤੱਕ ਫੈਲੀਆਂ ਹੋਈਆਂ ਹਨ।

## ਵੱਖਰੇ ਕਿਰਤ ਕਾਨੂੰਨਾਂ ਦੀ ਲੋੜ

ਕੋਈ ਵੀ ਕਿਰਤ ਦੀ ਸੁਰੱਖਿਆ ਅਤੇ ਭਲਾਈ ਤੋਂ ਇਨਕਾਰ ਨਹੀਂ ਕਰ ਸਕਦਾ। ਭਾਵੇਂ ਕਿ ਭਰਤੀ ਕਰੋ ਅਤੇ ਕੱਢ ਦਿਓ ਦੀ ਨਾਜਾਇਜ਼ ਨੀਤੀ ਕੋਈ ਚੰਗੀ ਨਹੀਂ ਅਤੇ ਕਾਮਿਆਂ ਦੇ ਹਿਤਾਂ ਦੀ ਰੱਖਿਆ ਕਰਨ ਦੀ ਜ਼ਰੂਰਤ ਹੈ, ਪਰ ਅਸੀਂ ਵੱਡੇ ਅਤੇ ਛੋਟੇ ਉੱਦਮਾਂ ਲਈ ਇਕੋ ਜਿਹੇ ਕਾਨੂੰਨਾਂ ਨੂੰ ਜਾਇਜ਼ ਨਹੀਂ ਠਹਿਰਾ ਸਕਦੇ। ਹੁਣ ਸਮਾਂ ਬਦਲ ਗਿਆ ਹੈ ਅਤੇ ਜਦ ਕਿ ਕਿਰਤ ਕਾਨੂੰਨਾ ਕਰਕੇ ਛੋਟੇ ਉੱਦਮ ਨਿਯਮਤ ਕਿਰਤੀ ਰੱਖਣ ਦੀ ਬਜਾਇ ਠੇਕੇ ਉਤੇ ਕਿਰਤੀ ਰੱਖਣ ਲਗ ਪਏ ਹਨ। ਠੇਕੇ ਉਤੇ ਰੱਖੇ ਮਜ਼ਦੂਰਾਂ



ਦਾ ਵਿਚੋਲਿਆਂ ਵਲੋਂ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਸਿੱਟੇ ਵਜੋਂ ਉੱਦਮੀਆਂ ਅਤੇ ਕਿਰਤੀਆਂ ਦਾ ਰਿਸ਼ਤਾ ਗੁਆਚ ਜਾਂਦਾ ਹੈ, ਜਿਸ ਨਾਲ ਉੱਦਮੀਆਂ ਅਤੇ ਮਜ਼ਦੂਰਾਂ ਦੋਵਾਂ ਦੀ ਭਲਾਈ ਪ੍ਰਭਾਵਿਤ ਹੁੰਦੀ ਹੈ। ਇਸ ਸਮੱਸਿਆ ਕਾਰਨ, ਦੂਜੇ ਕਿਰਤ ਆਯੋਗ ਵਲੋਂ ਛੋਟੇ ਉੱਦਮਾਂ ਲਈ ਵੱਖਰੇ ਕਾਨੂੰਨ ਬਣਾਉਣ ਦੀ ਮਹੱਤਵਪੂਰਨ ਸਿਫਾਰਸ਼ ਕੀਤੀ ਗਈ। ਕਾਮਿਆਂ ਦੀਆਂ ਜਥੇਬੰਦੀਆਂ ਵੀ ਅਜਿਹੇ ਕਦਮਾਂ ਦੇ ਹੱਕ ਵਿੱਚ ਹਨ। ਕੁੱਝ ਸਮਾਂ ਪਹਿਲਾਂ 'ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ ਬਿੱਲ' ਬਣਾਇਆ ਗਿਆ ਸੀ। ਪਰ ਛੋਟੇ ਉੱਦਮਾਂ ਲਈ ਵੱਖਰੇ ਕਿਰਤ ਕਾਨੂੰਨ ਹੋਣ ਦੀ ਜ਼ਰੂਰਤ ਹਾਲੇ ਵੀ ਬਣੀ ਹੋਈ ਹੈ।

## ਵਿੱਤ

ਬੈਂਕਾਂ ਅਤੇ ਦੂਜੇ ਵਿੱਤੀ ਅਦਾਰਿਆਂ ਦਾ ਮੰਨਣਾ ਹੈ ਕਿ ਛੋਟੇ ਉੱਦਮਾਂ ਨੂੰ ਉਧਾਰ ਦੇਣਾ ਬਹੁਤ ਜੋਖਮ ਭਰਿਆ ਹੈ। ਪਰ ਵੱਡੇ ਕਰਜ਼ਿਆਂ ਦਾ ਮਾੜੇ ਕਰਜ਼ੇ ਵਿੱਚ ਬਦਲਣ ਕਰਕੇ ਐੱਨ ਪੀ ਏ ਸੰਕਟ ਦੇ ਚਲਦਿਆਂ ਇਸ ਸੋਚ ਵਿੱਚ ਕੋਈ ਸਚਾਈ ਨਹੀਂ ਹੈ। ਬੈਂਕਾਂ ਦੀ ਪਹਿਲਾਂ ਕਲਪਿਤ ਸੋਚ ਦੇ ਚਲਦਿਆਂ ਉਹ ਛੋਟੇ ਉੱਦਮਾਂ ਨੂੰ ਉਧਾਰ ਦੇਣ ਤੋਂ ਕੰਨੀ ਕਤਰਾਉਂਦੇ ਹਨ, ਇਥੋਂ ਤੱਕ ਕਿ ਛੋਟੇ ਉੱਦਮਾਂ ਨੂੰ ਤਰਜੀਹੀ ਤੌਰ ਤੇ ਕਰਜ਼ਾ ਦੇਣ ਦੀ ਕਾਨੂੰਨੀ ਜ਼ਿੰਮੇਵਾਰੀ ਨੂੰ ਵੀ ਦਰਕਿਨਾਰ ਕਰ ਰਹੇ ਹਨ। ਅਗਲੀ ਗੱਲ, ਛੋਟੇ ਉੱਦਮਾਂ ਨੂੰ ਕਰਜ਼ਾ ਵੱਧ ਵਿਆਜ ਦਰਾਂ ਉਤੇ ਮਿਲਦਾ ਹੈ ਜਦ ਕਿ ਵੱਡਾ ਉਧਾਰ ਲੈਣ ਵਾਲਿਆਂ ਨੂੰ ਬਿਨਾ ਕਿਸੇ ਮੁਸ਼ਕਿਲ, ਅਸਾਨ ਸ਼ਰਤਾਂ ਅਤੇ ਸਸਤੀਆਂ ਵਿਆਜ ਦਰਾਂ ਉਤੇ ਕਰਜ਼ਾ ਮਿਲ ਜਾਂਦਾ ਹੈ।

ਜਦੋਂ ਮੌਜੂਦਾ ਸਰਕਾਰ ਸੱਤਾ ਵਿੱਚ ਆਈ ਤਾਂ ਇਸ ਵਲੋਂ ਸੂਖਮ ਅਤੇ ਛੋਟੇ ਉਦਮਾਂ ਨੂੰ ਮਾਈਕ੍ਰੋ ਯੂਨਿਟਸ ਡਿਵੈਲਪਮੈਂਟ ਐਂਡ ਰੀਫਾਈਨੈਂਸ ਏਜੰਸੀ (ਐੱਮ ਯੂ ਡੀ ਆਰ ਏ) ਅਤੇ ਸਟਾਰਟ ਅੱਪ ਯੋਜਨਾਵਾਂ ਰਾਹੀਂ ਮਦਦ ਕਰਨ ਦਾ ਯਤਨ ਕੀਤਾ ਗਿਆ। ਹੁਣ ਤੱਕ ਇਕੱਲੀ ਮੁਦਰਾ ਯੋਜਨਾ ਤਹਿਤ 3.9 ਲੱਖ ਕਰੋੜ ਰੁਪਏ ਦਾ ਕੁੱਲ ਕਰਜ਼ਾ ਵੰਡਿਆ ਜਾ ਚੁੱਕਾ ਹੈ ਅਤੇ ਮੁੱਦਰਾ ਕਰਜ਼ੇ ਦੇ 9.3 ਕਰੋੜ ਲਾਭਪਾਤਰੀਆਂ ਨੇ ਨਾ ਸਿਰਫ ਆਪਣੇ ਰੋਜ਼ਗਾਰ ਦਾ ਪ੍ਰਬੰਧ ਕੀਤਾ ਹੈ ਸਗੋਂ ਉਨ੍ਹਾਂ ਨੇ ਹੋਰ ਬਹੁਤ ਸਾਰੀਆਂ ਨੌਕਰੀਆਂ ਵੀ ਪੈਦਾ ਕੀਤੀਆਂ ਹਨ (ਤਾਲਿਕਾ-1)।

## ਆਯਾਤ ਦੇ ਹੜ੍ਹ ਅਤੇ ਡੰਪਿੰਗ ਉਤੇ ਰੋਕ ਲਾਉਣਾ

ਭਾਵੇਂ ਕਿ ਅਜੋਕੇ ਦਿਨਾਂ ਵਿੱਚ ਵਿਦੇਸ਼ੀ ਵਪਾਰ ਇਕ ਆਮ ਜਿਹੀ ਗੱਲ ਹੈ ਪਰ ਇਹ ਛੋਟੇ ਉੱਦਮਾਂ ਦੀ ਨਿਰਾਸ਼ਾ ਦਾ ਇਕ ਵੱਡਾ ਕਾਰਨ ਵੀ ਹੈ। ਇਸ ਦਾ ਵੱਡਾ ਕਾਰਨ ਕੁੱਝ ਵਿਦੇਸ਼ੀ ਮੁਲਕਾਂ, ਖ਼ਾਸ ਕਰਕੇ ਚੀਨ ਵਲੋਂ ਡੰਪਿੰਗ ਕਰਨਾ ਹੈ। ਕੇਂਦਰ ਸਰਕਾਰ ਨੇ ਹੁਣ ਡੰਪਿੰਗ ਵਿਰੋਧੀ ਆਬਕਾਰੀ ਸ਼ੁਲਕ ਲਾਉਣਾ ਸ਼ੁਰੂ ਕਰ ਦਿੱਤਾ ਹੈ। ਰਾਜ ਸਭਾ ਵਿੱਚ ਇਕ ਲਿਖਤੀ ਜਵਾਬ ਰਾਹੀਂ ਤਦੋਂ ਦੇ ਵਣਜ ਅਤੇ ਉਦਯੋਗ ਮੰਤਰੀ ਨਿਰਮਲਾ ਸੀਥਾਰਮਨ ਨੇ ਆਖਿਆ ਸੀ ਕਿ ਚੀਨ ਤੋਂ ਆਯਾਤ ਕੀਤੇ ਜਾਣ ਵਾਲੇ 93 ਉਤਪਾਦਾਂ ਉਤੇ

ਮੁੱਦਰਾ ਤਹਿਤ ਵੰਡੇ ਗਏ ਕਰਜ਼ੇ

| ਸਾਲ | ਮਨਜ਼ੂਰ ਕੀਤੇ ਕਰਜ਼ੇ ਦੀ ਸੰਖਿਆ | ਵੰਡੀ ਗਈ ਰਕਮ (ਕਰੋੜ ਰੁਪਏ) |
|---|---|---|
| 2015-16 | 34880924 | 132954.73 |
| 2016-17 | 39701047 | 175312.13 |
| 2017-18 | 18340053 | 84413.28 |
| **ਕੁੱਲ** | **92922024** | **392680.1** |

ਐਂਟੀ-ਡੰਪਿੰਗ ਡਿਊਟੀ ਲਾਈ ਗਈ ਹੈ। ਇਸ ਦੇ ਨਾਲ ਹੀ ਡਾਇਰੈਕਟਰ ਜਨਰਲ ਆਫ ਐਂਟੀ ਡੰਪਿੰਗ ਐਂਡ ਅਲਾਈਡ ਡਿਊਟੀਜ਼ ਵਲੋਂ ਚੀਨ ਨਾਲ ਸੰਬੰਧਿਤ ਆਯਾਤ ਦੇ 40 ਮਾਮਲੇ ਦਰਜ ਕੀਤੇ ਗਏ ਹਨ।

ਅਸੀਂ ਵੇਖਦੇ ਹਾਂ ਕਿ ਸਾਲ 2016-17 ਵਿੱਚ ਕੁੱਝ ਵਸਤੂਆਂ ਉਤੇ ਐਂਟੀ ਡੰਪਿੰਡ ਡਿਊਟੀ ਲਾਉਣ ਦੇ ਵਧੀਆ ਨਤੀਜੇ ਮਿਲੇ ਹਨ। ਹੁਣ ਕਿਉਂਕਿ ਚੀਨ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ ਹੋਰ ਬਹੁਤ ਸਾਰੀਆਂ ਚੀਜ਼ਾਂ ਉਤੇ ਐਂਟੀ ਡੰਪਿੰਗ ਡਿਊਟੀ ਲਾਈ ਜਾ ਚੁੱਕੀ ਹੈ, ਇਸ ਲਈ ਆਸ ਕੀਤੀ ਜਾਂਦੀ ਹੈ ਕਿ ਮੌਜੂਦਾ ਵਰ੍ਹੇ ਅੰਦਰ ਚੀਨ ਤੋਂ ਆਯਾਤ ਵਿੱਚ ਹੋਰ ਕਮੀ ਆਵੇਗੀ। ਇਸ ਨਾਲ ਨਾ ਸਿਰਫ ਘਰੇਲੂ ਉਦਯੋਗ ਨੂੰ ਰਾਹਤ ਮਿਲੇਗੀ ਸਗੋਂ ਚੀਨ ਨਾਲ ਵਪਾਰਕ ਪਾੜਾ ਵੀ ਹੇਠਾਂ ਆਵੇਗਾ।

## ਸਰਕਾਰੀ ਖਰੀਦ ਵਿੱਚ ਤਰਜੀਹ

ਛੋਟੇ ਉੱਦਮਾਂ ਦੀ ਸੁਰੱਖਿਆ ਅਤੇ ਪ੍ਰੋਤਸਾਹਨ ਲਈ ਛੋਟੇ ਦਰਜੇ ਦੇ ਉਦਯੋਗਾਂ ਤੋਂ ਤਰਜੀਹੀ ਖਰੀਦ ਦੀ ਇਕ ਸਪੱਸ਼ਟ ਅਤੇ ਵਿਆਪਕ ਨੀਤੀ ਚੱਲਦੀ ਆ ਰਹੀ ਹੈ ਜੋ ਕੀਮਤ ਤਰਜੀਹ ਜਾਂ ਖਰੀਦ ਤਰਜੀਹ ਦੇ ਰੂਪ ਵਿੱਚ ਕੰਮ ਕਰਦੀ ਸੀ। ਪਰ, ਸਮਾਂ ਬੀਤਣ ਨਾਲ ਹੌਲੀ-ਹੌਲੀ ਇਹ ਤਰਜੀਹਾਂ ਖਤਮ ਹੁੰਦੀਆਂ ਗਈਆਂ।

ਹਾਲ ਹੀ ਵਿੱਚ ਸਰਕਾਰ ਵਲੋਂ ਇਕ ਨਵੀਂ ਤਰਜੀਹੀ ਨੀਤੀ ਬਣਾਈ ਗਈ ਹੈ, ਜਿਸ ਨੂੰ ਜਨਰਲ ਫਾਇਨਾਂਸ ਰੂਲਜ਼ (ਜੀ ਐੱਫ ਆਰ) ਬਣਾ ਕੇ ਅਮਲ ਵਿੱਚ ਲਿਆਂਦਾ ਗਿਆ ਹੈ। ਜੀ ਐੱਫ ਆਰ ਦਾ ਨਿਯਮ 153 ਬਿਆਨ ਕਰਦਾ ਹੈ :

"50 ਲੱਖ ਜਾਂ ਘੱਟ ਦੀਆਂ ਵਸਤਾਂ ਖਰੀਦਣ ਲਈ ਅਤੇ ਜਿਥੇ ਨੋਡਲ ਮੰਤਰਾਲਾ ਇਹ ਨਿਰਧਾਰਤ ਕਰੇ ਕਿ ਉੱਚਿਤ ਸਥਾਨਕ ਸਮਰੱਥਾ ਅਤੇ ਮੁਕਾਬਲੇਬਾਜ਼ੀ ਮੌਜੂਦ ਹੈ, ਉਥੇ ਸਿਰਫ ਸਥਾਨਕ ਪੂਰਤੀਕਾਰ ਹੀ ਯੋਗ ਮੰਨੇ ਜਾਣਗੇ। 50 ਲੱਖ ਤੋਂ ਵੱਧ ਦੀ ਖਰੀਦ ਲਈ (ਜਾਂ ਜਿਥੇ ਉੱਚਿਤ ਸਥਾਨਕ ਸਮਰੱਥਾ/ਮੁਕਾਬਲਾ ਨਹੀਂ ਹੈ), ਜੇ ਸਭ ਤੋਂ ਘੱਟ ਬੋਲੀ ਕਿਸੇ ਗ਼ੈਰ ਸਥਾਨਕ ਪੂਰਤੀਕਾਰ ਤੋਂ ਨਹੀਂ ਹੈ, ਤਾਂ ਸਭ ਤੋਂ ਘੱਟ ਕੀਮਤ ਵਾਲਾ ਸਥਾਨਕ ਪੂਰਤੀਕਾਰ ਜੋ ਸਭ ਤੋਂ ਘੱਟ ਬੋਲੀ ਦੇ 20 ਪ੍ਰਤਿਸ਼ਤ ਦੇ ਅੰਦਰ ਹੈ, ਨੂੰ ਸਭ ਤੋਂ ਘੱਟ ਬੋਲੀ ਨਾਲ ਮਿਲਣ ਦਾ ਮੌਕਾ ਦਿੱਤਾ ਜਾਵੇਗਾ" (http://pib.nic.in/newsite/PrintRelease. aspx?relid= 162107)। ਇਹ ਆਸ ਕੀਤੀ ਜਾਂਦੀ ਹੈ ਕਿ ਘਰੇਲੂ ਵਸਤਾਂ ਦੀ ਤਰਜੀਹੀ ਖਰੀਦ ਘਰੇਲੂ ਉਦਯੋਗ ਲਈ ਆਮ ਕਰਕੇ ਅਤੇ ਖ਼ਾਸ ਕਰਕੇ ਛੋਟੇ ਪੱਧਰ ਦੇ ਉਦਯੋਗਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ।

## ਇੰਸਪੈਕਟਰ ਰਾਜ ਖਤਮ ਕਰਨਾ

ਛੋਟੇ ਦਰਜੇ ਦੇ ਉਦਯੋਗਾਂ ਉਤੇ 40 ਤੋਂ ਵੱਧ ਕਾਨੂੰਨ ਲਾਗੂ ਹੁੰਦੇ ਹਨ ਅਤੇ 50 ਤੋਂ ਵੱਧ ਇੰਸਪੈਕਟਰ ਉਨ੍ਹਾਂ ਦੇ ਕਾਰਖ਼ਾਨਿਆਂ ਦਾ ਗੇੜਾ ਲਾਉਂਦੇ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਕੋਲ ਛੋਟੇ ਦਰਜੇ ਦੇ ਉਦਯੋਗਾਂ ਨੂੰ ਸਜ਼ਾ ਦੇਣ ਦੀਆਂ ਕਈ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ। ਇਸ ਡਰ ਦੇ ਚਲਦਿਆਂ ਛੋਟੇ ਪੱਧਰ ਦੇ ਉਦਯੋਗਾਂ ਲਈ ਉਤਪਾਦਨ, ਬਾਜ਼ਾਰੀਕਰਨ ਅਤੇ ਤਕਨਾਲੋਜੀ ਦੇ ਸੁਧਾਰ ਵਰਗੇ ਪ੍ਰਮੁੱਖ ਖੇਤਰਾਂ ਉਤੇ ਧਿਆਨ ਕੇਂਦਰਿਤ ਕਰਨਾ ਔਖਾ ਹੋ ਜਾਂਦਾ ਹੈ। ਅਜਿਹੇ ਬਹੁਤ ਸਾਰੇ ਕਾਨੂੰਨ ਹਨ ਜੋ ਅੱਜ ਦੇ ਸਮੇਂ ਆਪਣੀ ਸਾਰਥਕਤਾ ਗੁਆ ਚੁੱਕੇ ਹਨ ਅਤੇ ਹੋਰ ਬਹੁਤ ਸਾਰੇ ਕਾਨੂੰਨ ਹਨ ਜੋ ਆਰਥਿਕਤਾ ਦੇ ਆਮ ਕਰਕੇ ਅਤੇ ਖ਼ਾਸ ਕਰਕੇ ਉਦਯੋਗਾਂ ਦੇ ਸੁਚਾਰੂ ਸੰਚਾਲਨ ਵਿੱਚ ਅੜਿੱਕਾ ਬਣਦੇ ਹਨ। ਇਸ ਤ੍ਰਾਸਦੀ ਨੂੰ ਤੁਰੰਤ ਖਤਮ ਕਰਨ ਦੀ ਜ਼ਰੂਰਤ ਹੈ। ਇਸ ਸੰਦਰਭ ਵਿੱਚ ਵਰਤਮਾਨ ਸਰਕਾਰ ਵਲੋਂ ਕੁੱਝ ਬੇਲੋੜੇ ਕਾਨੂੰਨਾਂ ਨੂੰ ਖਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ ਤਾਂ ਜੋ ਆਰਥਿਕਤਾ ਦਾ ਸੰਚਾਲਨ ਸੁਚਾਰੂ ਢੰਗ ਨਾਲ ਹੋ ਸਕੇ। ਹੁਣ ਤੱਕ 1200 ਐਕਟ ਖਤਮ ਕੀਤੇ ਜਾ ਚੁੱਕੇ ਹਨ ਅਤੇ ਹੋਰ 1824 ਐਕਟਾਂ ਦੀ ਪਛਾਣ ਕਰ ਲਈ ਗਈ ਹੈ ਜਿਨ੍ਹਾਂ ਨੂੰ ਖਤਮ ਕਰ ਦਿੱਤਾ ਜਾਵੇਗਾ। ਹਰ ਪ੍ਰਕਾਰ ਦੀਆਂ ਮਨਜ਼ੂਰੀਆਂ ਇਕ ਖਿੜਕੀ ਤੋਂ ਹੀ ਪ੍ਰਦਾਨ ਕਰਕੇ ਨਵੇਂ ਉੱਦਮੀਆਂ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਕੁੱਝ ਰਾਜਾਂ ਵਲੋਂ ਇਹ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਜਿਵੇਂ-ਜਿਵੇਂ ਹੋਰ ਰਾਜ ਸਰਕਾਰਾਂ ਆਨਲਾਈਨ ਹੁੰਦੀਆਂ ਜਾ ਰਹੀਆਂ ਹਨ, ਇਹ ਪ੍ਰਕਿਰਿਆ ਹੋਰ ਵੀ ਰਫ਼ਤਾਰ ਫੜੇਗੀ। ਸਟਾਰਟ ਅੱਪਸ ਲਈ ਨਵੀਆਂ ਪਹਿਲ-ਕਦਮੀਆਂ ਤਹਿਤ, ਆਨਲਾਈਨ ਮਨਜ਼ੂਰੀਆਂ ਪਹਿਲਾਂ ਹੀ ਦਿੱਤੀਆਂ ਜਾ ਰਹੀਆਂ ਹਨ।

## ਬੁਨਿਆਦੀ ਢਾਂਚੇ ਦੀ ਉਸਾਰੀ

ਦੁਰੇਡੇ ਖੇਤਰ ਵਿੱਚ ਛੋਟੇ ਉੱਦਮਾਂ ਨੂੰ ਸ਼ੁਰੂ ਕਰਕੇ ਚਲਾਉਣਾ ਲਗਭਗ ਅਸੰਭਵ ਹੈ। ਉਹ ਨਾ ਹੀ ਰੇਲ ਅਤੇ ਨਾ ਹੀ ਸੜਕ ਨਾਲ ਜੁੜੇ ਹੁੰਦੇ ਹਨ, ਨਾ ਹੀ ਉਨ੍ਹਾਂ ਕੋਲ ਬਿਜਲੀ ਦੀ ਨਿਰਵਿਘਨ ਪੂਰਤੀ ਦਾ ਸਰੋਤ ਹੁੰਦਾ ਹੈ। ਇਥੋਂ ਤੱਕ ਕਿ ਵੱਡੀਆਂ ਅਤੇ ਵਿਕਸਤ ਥਾਵਾਂ ਉਤੇ ਵੀ ਨਿਰਵਿਘਨ ਬਿਜਲੀ ਦੀ ਪੂਰਤੀ ਇਕ ਵੱਡਾ ਮੁੱਦਾ ਹੈ। ਬਹੁਤ ਸਾਰੀਆਂ ਥਾਵਾਂ ਉਤੇ ਜਨਰੇਟਰਾਂ ਦੀ ਬੇਤਹਾਸ਼ਾ ਵਰਤੋਂ ਕੀਤੀ ਜਾਂਦੀ ਹੈ। ਜਨਰੇਟਰ ਰੱਖਣ ਵਾਲੀਆਂ ਇਕਾਈਆਂ ਦਾ ਸੰਬੰਧਿਤ ਵਿਭਾਗਾਂ ਦੇ ਇੰਸਪੈਕਟਰਾਂ ਵਲੋਂ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਸਾਨੂੰ ਵੱਖ-ਵੱਖ ਪ੍ਰਕਾਰ ਦਾ ਬੁਨਿਆਦੀ ਢਾਂਚਾ ਉਸਾਰਨ ਦੀ ਲੋੜ ਹੈ ਜਿਵੇਂ ਰੇਲ, ਸੜਕ, ਬਿਜਲੀ, ਹੁਨਰ ਵਿਕਾਸ, ਬਾਜ਼ਾਰ ਜਿਸ ਵਿੱਚ ਈ-ਪੋਰਟਲ ਸ਼ਾਮਲ ਹਨ, ਆਦਿ। ਸਭ ਪਿੰਡਾਂ ਦਾ ਬਿਜਲੀਕਰਨ, ਸੂਰਜੀ ਊਰਜਾ ਨੂੰ ਪ੍ਰੋਤਸਾਹਨ, ਮੌਜੂਦਾ ਸਰਕਾਰ ਵਲੋਂ ਤੇਜ਼ੀ ਨਾਲ ਸੜਕਾਂ ਦੀ ਉਸਾਰੀ ਨਾਲ ਛੋਟੇ ਪੱਧਰ ਦੇ ਉਦਯੋਗਾਂ ਅਤੇ ਸੂਖਮ ਉਦਯੋਗਾਂ ਨੂੰ ਪ੍ਰੋਤਸਾਹਨ ਮਿਲੇਗਾ, ਖ਼ਾਸ ਕਰਕੇ ਪੇਂਡੂ ਇਲਾਕਿਆਂ ਵਿੱਚ। ਸਰਕਾਰ ਵਲੋਂ ਈ-ਖਰੀਦ ਦੀ ਵੀ ਸ਼ੁਰੂਆਤ ਕੀਤੀ ਗਈ ਹੈ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਭਾਰਤੀ ਲੋਕ ਸੁਭਾਅ ਪੱਖੋਂ ਉੱਦਮੀ, ਮਿਹਨਤਕਸ਼ ਅਤੇ ਉਤਸੁਕਤਾ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਉੱਦਮਤਾ ਵਿਕਾਸ ਲਈ ਢੁੱਕਵਾਂ ਵਾਤਾਵਰਨ ਚਾਹੀਦਾ ਹੈ। ਇਹ ਜ਼ਿਆਦਾਤਰ ਸਰਕਾਰ ਦਾ ਕੰਮ ਹੈ। ਸਰਕਾਰ ਨੂੰ ਵਧੀਆ ਕਾਨੂੰਨ ਬਣਾਉਣੇ ਪੈਣਗੇ, ਢੁਕਵਾਂ ਵਾਤਾਵਰਨ ਸਿਰਜਣਾ ਪਵੇਗਾ। ਇਸ ਦੇ ਲਈ ਜ਼ਿਆਦਾ ਬਜਟ ਦੀ ਲੋੜ ਨਹੀਂ, ਸਿਰਫ ਭੌਤਿਕ ਬੁਨਿਆਦੀ ਢਾਂਚੇ ਨੂੰ ਛੱਡ ਕੇ, ਜਿਸ ਨੂੰ ਜਨਤਕ ਨਿੱਜੀ ਭਾਈਵਾਲੀ ਤਹਿਤ ਵਿਕਸਤ ਕੀਤਾ ਜਾ ਸਕਦਾ ਹੈ। ਪਿਛਲੇ ਵਰ੍ਹਿਆਂ ਵਿੱਚ ਸੁਧਾਰ ਦੇ ਬਾਵਜੂਦ ਜਿਥੋਂ ਤੱਕ ਵਪਾਰ ਕਰਨ ਦੀ ਸੌਖ ਦਾ ਸੰਬੰਧ ਹੈ, ਦੁਨੀਆਂ ਵਿੱਚ ਸਾਡਾ ਦਰਜਾ 130ਵਾਂ ਹੈ। ਸਰਕਾਰ ਵਲੋਂ ਬਹੁਤ ਕੁੱਝ ਕੀਤਾ ਗਿਆ ਹੈ ਅਤੇ ਹੋਰ ਬਹੁਤ ਕੁੱਝ ਕੀਤੇ ਜਾਣ ਦੀ ਆਸ ਹੈ।

*(ਲੇਖਕ ਪੀ ਜੀ ਡੀ ਏ ਵੀ ਕਾਲਜ ਵਿੱਚ ਲੈਕਚਰਾਰ, ਸਵਦੇਸ਼ੀ ਜਾਗਰਨ ਮੰਚ ਦੇ ਰਾਸ਼ਟਰੀ ਕੋ-ਕਨਵੀਨਰ ਅਤੇ ਕਾਲਮਨਵੀਸ ਹਨ)*

*e-mail :ashwanimahajan@rediffmail.com*

# ਐੱਮ ਐੱਸ ਐੱਮ ਈ ਦੇ ਉਤਪਾਦਾਂ ਤੱਕ ਪਹੁੰਚ ਅਸਾਨ ਬਣਾਉਣਾ

ਸ਼ਿਸ਼ਿਰ ਸਿਨਹਾ

ਕਿਸੇ ਉਤਪਾਦ ਦਾ ਨਿਰਮਾਣ ਕਰਨਾ ਮਹੱਤਵਪੂਰਨ ਹੈ। ਇਹ ਵੀ ਉਨਾ ਹੀ ਮਹੱਤਵਪੂਰਨ ਹੈ ਕਿ ਕੀ ਇਹ ਉਤਪਾਦ ਵਰਤੋਂ ਕਰਨ ਵਾਲਿਆਂ ਤੱਕ ਪਹੁੰਚ ਰਿਹਾ ਹੈ ਜਾਂ ਨਹੀਂ। ਇਸ ਉਤਪਾਦ ਨੂੰ ਬਾਜ਼ਾਰ ਤੱਕ ਲੈ ਕੇ ਜਾਣ ਦੀ ਲੋੜ ਹੈ। ਦੂਜੇ ਸ਼ਬਦਾਂ ਵਿੱਚ, ਸਾਡੀ ਬਾਜ਼ਾਰ ਤੱਕ ਪਹੁੰਚ ਹੋਣੀ ਚਾਹੀਦੀ ਹੈ। ਪਰ ਕੀ ਬਾਜ਼ਾਰ ਤੱਕ ਪਹੁੰਚ ਕਰਨਾ ਅਸਾਨ ਹੈ?

ਜਵਾਬ ਏਨਾ ਸੌਖਾ ਨਹੀਂ। ਕਿਸੇ ਵੀ ਵੱਡੀ ਕੰਪਨੀ ਨੂੰ ਪੁੱਛ ਲਵੋ, ਉਹ ਤੁਹਾਨੂੰ ਦੱਸਣਗੇ ਕਿ ਬਾਜ਼ਾਰ ਤੱਕ ਪਹੁੰਚ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਲੱਖਾਂ ਰੁਪਏ ਖਰਚ ਕਰਨੇ ਪੈਂਦੇ ਹਨ। ਬਾਜ਼ਾਰ ਤੱਕ ਪਹੁੰਚ ਕਰਨ ਦੀ ਰੂਪ-ਰੇਖਾ ਤਿਆਰ ਕਰਨ ਲਈ ਉਨ੍ਹਾਂ ਨੂੰ ਬਾਜ਼ਾਰੀਕਰਨ ਦੇ ਮਾਹਰਾਂ ਦੀਆਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ। ਧਨਾਡਾਂ ਲਈ ਤਾਂ ਇਹ ਸਭ ਕੁੱਝ ਕਰਨਾ ਸੌਖਾ ਜਾਪਦਾ ਹੈ ਪਰ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਅਜਿਹਾ ਕਰਨਾ ਅਸਾਨ ਨਹੀਂ ਕਿਉਂਕਿ ਉਨ੍ਹਾਂ ਦੇ ਸਰੋਤ ਸੀਮਤ ਹੁੰਦੇ ਹਨ। ਯਕੀਨੀ ਤੌਰ ਤੇ ਉਨ੍ਹਾਂ ਵਾਸਤੇ ਆਪਣਾ ਉਤਪਾਦ ਬਾਜ਼ਾਰ ਤੱਕ ਲੈ ਕੇ ਜਾਣਾ ਇਕ ਔਖਾ ਕਾਰਜ ਹੈ ਜਿਥੇ ਉਨ੍ਹਾਂ ਨੂੰ ਨਾ ਸਿਫਰ ਘਰੇਲੂ ਸਗੋਂ ਵਿਦੇਸ਼ੀ ਨਿਰਮਾਣਕਾਰਾਂ ਨਾਲ ਵੀ ਮੁਕਾਬਲਾ ਕਰਨਾ ਪੈਂਦਾ ਹੈ। ਸੋ ਕੀ ਇਸ ਦਾ ਕੋਈ ਹੱਲ ਹੈ? ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ ਸਾਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣੇ ਪੈਣਗੇ :

1. ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦਾ ਕੀ ਅਰਥ ਹੈ?

ਜਵਾਬ : ਬਾਕਸ-1 ਵੇਖੋ

2. ਪੰਜੀਕ੍ਰਿਤ ਐੱਮ ਐੱਸ ਐੱਮ ਈਜ਼ ਦੀ ਸੰਖਿਆ ਕਿੰਨੀ ਹੈ?

ਜਵਾਬ : ਦੇਸ਼ ਵਿੱਚ ਪੰਜੀਕ੍ਰਿਤ ਐੱਮ ਐੱਸ ਐੱਮ ਈਜ਼ ਦੀ ਕੁੱਲ ਸੰਖਿਆ 65,91,870 ਹੈ ਜਿਸ ਵਿੱਚ 15,63,974 ਲਘੂ ਉਦਯੋਗ ਦੇ ਪੰਜੀਕਰਣ, 21,96,902 ਉੱਦਮੀ ਮੈਮੋਰੰਡਮ ਪੰਜੀਕਰਨ ਅਤੇ 28,30,994 ਉਦਯੋਗ ਅਧਾਰ ਮੈਮੋਰੰਡਮ ਸ਼ਾਮਲ ਹਨ।

3. ਐੱਮ ਐੱਸ ਐੱਮ ਈਜ਼ ਦਾ ਆਰਥਿਕਤਾ ਵਿੱਚ ਕੀ ਯੋਗਦਾਨ ਹੈ?

ਜਵਾਬ : ਕੇਂਦਰੀ ਅੰਕੜਾ ਦਫ਼ਤਰ (ਸੀ ਐੱਸ ਓ) ਕੋਲ ਉਪਲਬਧ ਅੰਕੜਿਆਂ ਮੁਤਾਬਕ, ਜੋ ਭਾਰਤ ਸਰਕਾਰ ਦਾ ਅੰਕੜਿਆਂ ਸੰਬੰਧੀ ਗੋਦਾਮ ਹੈ, ਸਾਲ 2013-14, 2014-15 ਅਤੇ 2015-16 ਲਈ ਦੇਸ਼ ਦੇ ਕੁੱਲ ਮੁੱਲ ਵਾਧਾ (ਜੀ ਵੀ ਏ) ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦਾ ਯੋਗਦਾਨ ਵਰਤਮਾਨ ਕੀਮਤਾਂ ਦੇ ਅਧਾਰ ਉਤੇ ਕ੍ਰਮਵਾਰ 32.26 ਪ੍ਰਤਿਸ਼ਤ, 31.86 ਪ੍ਰਤਿਸ਼ਤ ਅਤੇ 31.60 ਪ੍ਰਤਿਸ਼ਤ ਸੀ। ਸਾਲ 2013-14, 2014-15 ਅਤੇ 2015-16 ਵਿੱਚ, ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਵਿੱਚ ਐੱਮ ਐੱਸ ਐੱਮ ਈਜ਼ ਦਾ ਯੋਗਦਾਨ ਵਰਤਮਾਨ ਕੀਮਤਾਂ ਦੇ ਅਧਾਰ ਉਤੇ ਕ੍ਰਮਵਾਰ 29.76 ਪ੍ਰਤਿਸ਼ਤ, 29.39 ਪ੍ਰਤਿਸ਼ਤ ਅਤੇ 28.77 ਪ੍ਰਤਿਸ਼ਤ ਸੀ।

4. ਐੱਮ ਐੱਸ ਐੱਮ ਈਜ਼ ਦਾ ਰੋਜ਼ਗਾਰ ਵਿੱਚ ਕੀ ਯੋਗਦਾਨ ਹੈ?

ਜਵਾਬ : ਐੱਮ ਐੱਸ ਐੱਮ ਈ ਦੀ ਚੌਥੀ ਸਰਬ ਭਾਰਤੀ ਜਨਗਣਨਾ ਅਨੁਸਾਰ (ਜਿਸ ਦਾ ਮੁਢਲਾ ਹਵਾਲਾ ਵਰ੍ਹਾ 2006-07 ਸੀ ਅਤੇ ਜਿਸ ਵਿੱਚ 2009 ਤੱਕ ਦੇ ਅੰਕੜੇ ਇਕੱਤਰ ਕੀਤੇ ਗਏ ਸਨ ਅਤੇ 2011-12 ਵਿੱਚ ਛਾਪੇ ਗਏ ਸਨ) ਅਤੇ ਕੇਂਦਰੀ ਅੰਕੜਾ ਸੰਗਠਨ ਵਲੋਂ ਕਰਵਾਈ 2005 ਲਈ ਆਰਥਿਕ ਜਨਗਣਨਾ ਤੋਂ ਲਏ ਅੰਕੜਿਆਂ ਮੁਤਾਬਕ ਐੱਮ ਐੱਸ ਐੱਮ ਈ ਖੇਤਰ ਵਿੱਚ ਕੁੱਲ ਰੋਜ਼ਗਾਰ 8.05 ਕਰੋੜ ਹਨ।

**ਬਾਕਸ-1 ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਪਰਿਭਾਸ਼ਾ**

ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿਕਾਸ ਐਕਟ, 2006 ਦੇ ਪ੍ਰਾਵਧਾਨ ਮੁਤਾਬਕ ਐੱਮ ਐੱਸ ਐੱਮ ਈਜ਼ ਨੂੰ ਦੋ ਵਰਗਾਂ ਵਿੱਚ ਵੰਡਿਆ ਗਿਆ ਹੈ।

**ਨਿਰਮਾਣਕਾਰੀ ਉੱਦਮ**

ਉਹ ਉੱਦਮ ਜੋ ਵਸਤਾਂ ਦੇ ਉਤਪਾਦਨ ਜਾਂ ਨਿਰਮਾਣ ਵਿੱਚ ਲਗੇ ਹੋਏ ਹਨ ਜਾਂ ਅੰਤਮ ਉਤਪਾਦ ਦੇ ਮੁੱਲ ਵਾਧੇ ਦੀ ਪ੍ਰਕਿਰਿਆ ਵਿੱਚ ਪਲਾਂਟ ਜਾਂ ਮਸ਼ੀਨਰੀ ਦਾ ਇਸਤੇਮਾਲ ਕਰ ਰਹੇ ਹਨ ਜਿਸ ਦਾ ਕੋਈ ਵੱਖਰਾ ਨਾਮ, ਸੁਭਾਅ ਜਾਂ ਵਰਤੋਂ ਹੋਵੇ। ਨਿਰਮਾਣ ਉੱਦਮਾਂ ਨੂੰ ਪਲਾਂਟ ਅਤੇ ਮਸ਼ੀਨਰੀ ਦੇ ਮਾਮਲੇ ਵਿੱਚ ਨਿਵੇਸ਼ ਪੱਖੋਂ ਪਰਿਭਾਸ਼ਤ ਕੀਤਾ ਜਾਂਦਾ ਹੈ।

| ਉੱਦਮ | ਪਲਾਂਟ ਅਤੇ ਮਸ਼ੀਨਰੀ ਵਿੱਚ ਨਿਵੇਸ਼ |
|---|---|
| ਸੂਖਮ | 25 ਲੱਖ ਤੱਕ |
| ਛੋਟੇ | 25 ਲੱਖ - 5 ਕਰੋੜ |
| ਦਰਮਿਆਨੇ | 5 ਕਰੋੜ - 10 ਕਰੋੜ |

**ਸੇਵਾ ਖੇਤਰ ਦੇ ਉੱਦਮ**

ਜੋ ਉੱਦਮ ਸੇਵਾਵਾਂ ਦੇ ਉਤਪਾਦਨ ਜਾਂ ਦੇਣ ਵਿੱਚ ਲੱਗੇ ਹੋਏ ਹਨ ਅਤੇ ਇਨ੍ਹਾਂ ਦੀ ਵਿਆਖਿਆ ਸਾਜ਼ ਸਮਾਨ ਵਿੱਚ ਨਿਵੇਸ਼ ਦੇ ਪੱਖੋਂ ਕੀਤੀ ਜਾਂਦੀ ਹੈ।

| ਉੱਦਮ | ਸਾਜ਼ ਸਮਾਨ ਵਿੱਚ ਨਿਵੇਸ਼ |
|---|---|
| ਸੂਖਮ | 10 ਲੱਖ ਤੱਕ |
| ਛੋਟੇ | 10 ਲੱਖ ਤੋਂ 2 ਕਰੋੜ |
| ਦਰਮਿਆਨੇ | 2 ਕਰੋੜ ਤੋਂ 5 ਕਰੋੜ |

ਪਰ, ਉਦਯੋਗਿਕ ਸੰਗਠਨ, ਭਾਰਤੀ ਉਦਯੋਗਾਂ ਦੇ ਸੰਗਠਨ (ਸੀ ਆਈ ਆਈ) ਦੇ ਅਨੁਮਾਨ ਮੁਤਾਬਕ ਇਹ ਐੱਮ ਐੱਸ ਐੱਮ ਈਜ਼ ਲਗਭਗ 12 ਕਰੋੜ ਲੋਕਾਂ ਨੂੰ ਰੋਜ਼ਗਾਰ ਦੇਣ ਵਿੱਚ ਸਫਲ ਰਹੇ ਹਨ।

5. ਕੁੱਲ ਨਿਰਯਾਤ ਵਿੱਚ ਐੱਮ ਐੱਸ ਐੱਮ ਈਜ਼ ਦੀ ਕਿੰਨੀ ਹਿੱਸੇਦਾਰੀ ਹੈ?

ਜਵਾਬ : ਅੰਦਾਜ਼ਨ 45 ਪ੍ਰਤਿਸ਼ਤ

ਉੱਪਰ ਦਿੱਤੇ ਗਏ ਤੱਥਾਂ ਤੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਐੱਮ ਐੱਸ ਐੱਮ ਈਜ਼ ਵਲੋਂ ਆਰਥਿਕਤਾ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਜਾਂਦੀ ਹੈ। ਜੇ ਅਸੀਂ ਅਕਾਰ ਨੂੰ ਅੱਖੋਂ ਪਰੋਖੇ ਕਰ ਦਈਏ, ਤਾਂ ਐੱਮ ਐੱਸ ਐੱਮ ਈਜ਼ ਵੀ ਦੂਜੇ ਉੱਦਮਾਂ ਵਾਂਗ ਹੀ ਹਨ ਅਤੇ ਉਨ੍ਹਾਂ ਨੂੰ ਵੀ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਦਾ ਲਾਹਾ ਲੈਣ ਦੀ ਲੋੜ ਹੈ। ਕਿਉਂਕਿ ਬਾਜ਼ਾਰੀਕਰਨ ਲਈ ਇਨ੍ਹਾਂ ਦੇ ਸਰੋਤ ਬਹੁਤ ਸੀਮਤ ਹੁੰਦੇ ਹਨ, ਇਸ ਲਈ ਹਰ ਪ੍ਰਕਾਰ ਦੀ ਸਹਾਇਤਾ ਵਾਸਤੇ ਉਹ ਸਰਕਾਰ ਉਤੇ ਨਿਰਭਰ ਕਰ ਸਕਦੇ ਹਨ। ਵਰਤਮਾਨ ਵਿੱਚ ਘਰੇਲੂ ਅਤੇ ਵਿਸ਼ਵੀ ਬਾਜ਼ਾਰਾਂ ਤੱਕ ਪਹੁੰਚ ਬਣਾਉਣ ਲਈ ਐੱਮ ਐੱਸ ਐੱਮ ਈਜ਼ ਵਾਸਤੇ, ਅਤੇ ਤਰਜੀਹੀ ਤੌਰ ਤੇ ਸੂਖਮ ਅਤੇ ਛੋਟੇ ਉਦਯੋਗਾਂ (ਐੱਮ ਐੱਸ ਈਜ਼) ਲਈ ਹੇਠ ਲਿਖੀਆਂ ਯੋਜਨਾਵਾਂ ਮੌਜੂਦ ਹਨ :

ਬਾਜ਼ਾਰੀਕਰਨ ਸਹਾਇਤਾ ਯੋਜਨਾ (ਐੱਮ ਏ ਐੱਸ) : ਇਸ ਯੋਜਨਾ ਦਾ ਮਕਸਦ ਐੱਮ ਐੱਸ ਐੱਮ ਈਜ਼ ਦੀ ਘਰੇਲੂ ਅਤੇ ਵਿਸ਼ਵੀ ਪ੍ਰਦਰਸ਼ਨੀਆਂ/ਵਪਾਰ ਮੇਲਿਆਂ, ਖਰੀਦਾਰ-ਵੇਚਣ ਵਾਲਿਆਂ ਦੀਆਂ ਮੁਲਾਕਾਤਾਂ, ਪ੍ਰਚਾਰ ਮੁਹਿੰਮਾਂ/ਸੈਮੀਨਾਰਾਂ ਅਤੇ ਭਾਗੀਦਾਰੀ ਗਠਜੋੜ ਬਣਾਉਣ ਵਿੱਚ ਮਦਦ ਕਰਨਾ ਹੈ। ਇਹ ਯੋਜਨਾ ਰਾਸ਼ਟਰੀ ਲਘੂ ਉਦਯੋਗ ਨਿਗਮ (ਐੱਨ ਐੱਸ ਆਈ ਸੀ) ਰਾਹੀਂ ਅਮਲ ਵਿੱਚ ਲਿਆਂਦੀ ਜਾਂਦੀ ਹੈ ਜੋ ਐੱਮ ਐੱਸ ਐੱਮ ਈ ਮੰਤਰਾਲੇ ਦਾ ਇਕ ਜਨਤਕ ਖੇਤਰ ਦਾ ਅਦਾਰਾ ਹੈ। ਮੌਜੂਦਾ ਸਮੇਂ ਦੀ ਲੋੜ ਹੈ ਕਿ ਸਮੁੱਚੇ ਐੱਮ ਐੱਸ ਐੱਮ ਈ ਖੇਤਰ (ਜਿਸ ਵਿੱਚ ਸੇਵਾ ਖੇਤਰ ਵੀ ਸ਼ਾਮਲ ਹੈ) ਨੂੰ ਜੀਵਿਕਾ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਯਤਨ ਕੀਤੇ ਜਾਣ, ਜਿਸ ਤਹਿਤ ਜ਼ਿਆਦਾ ਜ਼ੋਰ ਦਿਹਾਤੀ ਅਤੇ ਸੂਖਮ ਉੱਦਮਾਂ ਉਤੇ ਦਿੱਤਾ ਜਾਵੇ। ਇਨ੍ਹਾਂ ਦੀ ਮਜ਼ਬੂਤੀ ਲਈ ਢੁੱਕਵੇਂ ਕਦਮ ਚੁੱਕੇ ਜਾਣ, ਚੁਨੌਤੀਆਂ ਨੂੰ ਮੌਕਿਆਂ ਵਿੱਚ ਤਬਦੀਲ ਕਰ ਕੇ ਨਵੀਆਂ ਉੱਚਾਈਆਂ ਹਾਸਲ ਕੀਤੀਆਂ ਜਾਣ। ਭਾਵੇਂ ਕਿ ਦਰਮਿਆਨੇ ਉੱਦਮਾਂ ਨੂੰ ਇਸ ਯੋਜਨਾ ਤਹਿਤ ਨਿਸ਼ਾਨਦੇਹੀ ਵਾਲੇ ਲਾਭ-ਪਾਤਰੀਆਂ ਵਿੱਚ ਸ਼ਾਮਲ ਕੀਤਾ ਗਿਆ, ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿੱਚ ਵੀ ਵਧੇਰੇ ਧਿਆਨ ਉਤਪਾਦਾਂ ਦੇ ਬਾਜ਼ਾਰੀਕਰਨ ਅਤੇ ਸੂਖਮ ਅਤੇ ਛੋਟੇ ਉੱਦਮਾਂ ਦੀਆਂ ਸੇਵਾਵਾਂ ਵੱਲ ਦਿੱਤਾ ਜਾਵੇਗਾ।




***ਇਸ ਯੋਜਨਾ ਦੇ ਉਦੇਸ਼ ਹੇਠ ਲਿਖੇ ਹਨ :***

- ਐੱਮ ਐੱਸ ਐੱਮ ਈਜ਼ ਦੀ ਬਾਜ਼ਾਰੀਕਰਨ ਅਤੇ ਮੁਕਾਬਲੇਬਾਜ਼ੀ ਦੀ ਸਮਰੱਥਾ ਵਿੱਚ ਵਾਧਾ ਕਰਨਾ।
- ਐੱਮ ਐੱਸ ਐੱਮ ਈਜ਼ ਦੀਆਂ ਸਮਰੱਥਾਵਾਂ ਦਾ ਪ੍ਰਦਰਸ਼ਨ ਕਰਨਾ।
- ਪ੍ਰਚਲਤ ਬਾਜ਼ਾਰ ਦ੍ਰਿਸ਼ ਅਤੇ ਸਰਗਰਮੀਆਂ ਉਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਐੱਮ ਐੱਸ ਐੱਮ ਈਜ਼ ਨੂੰ ਜਾਣਕਾਰੀ ਪ੍ਰਦਾਨ ਕਰਨਾ।
- ਆਪਣੇ ਉਤਪਾਦਾਂ ਅਤੇ ਸੇਵਾਵਾਂ ਦੇ ਬਾਜ਼ਾਰੀਕਰਨ ਲਈ ਐੱਮ ਐੱਸ ਐੱਮ ਈਜ਼ ਨੂੰ ਭਾਗੀਦਾਰੀ ਸਥਾਪਤ ਕਰਨ ਵਿੱਚ ਮਦਦ ਦੇਣਾ।
- ਵੱਡੇ ਸੰਸਥਾਗਤ ਖਰੀਦਾਰਾਂ ਨਾਲ ਮੇਲ ਮਿਲਾਪ ਲਈ ਐੱਮ ਐੱਸ ਐੱਮ ਈਜ਼ ਨੂੰ ਮੰਚ ਪ੍ਰਦਾਨ ਕਰਨਾ।
- ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦਾ ਪ੍ਰਚਾਰ-ਪ੍ਰਸਾਰ ਕਰਨਾ।
- ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਬਾਜ਼ਾਰੀਕਰਨ ਹੁਨਰ ਨੂੰ ਤਰਾਸ਼ਣਾ।

ਇਸ ਯੋਜਨਾ ਵਿੱਚ ਸ਼ਾਮਲ ਸਰਗਰਮੀਆਂ ਵਿੱਚ ਐੱਨ ਐੱਸ ਆਈ ਸੀ ਦੁਆਰਾ ਵਿਦੇਸ਼ਾਂ ਵਿੱਚ ਅੰਤਰਰਾਸ਼ਟਰੀ ਤਕਨਾਲੋਜੀ ਨੁਮਾਇਸ਼ਾਂ ਲਾਉਣਾ ਅਤੇ ਵਿਸ਼ਵੀ ਨੁਮਾਇਸ਼ਾਂ/ਵਪਾਰ ਮੇਲਿਆਂ ਵਿੱਚ ਭਾਗ ਲੈਣਾ ਸ਼ਾਮਲ ਹੈ। ਇਸ ਨਾਲ ਐੱਮ ਐੱਸ ਐੱਮ ਈਜ਼ ਨੂੰ ਪਛਾਣ ਬਣਾਉਣ ਦੇ ਨਾਲ-ਨਾਲ ਉੱਭਰਦੇ ਹੋਏ ਅਤੇ ਵਿਕਸਤ ਹੋ ਰਹੇ ਬਾਜ਼ਾਰਾਂ ਵਿੱਚ ਨਵੇਂ ਵਪਾਰਾਂ ਦੀ ਤਲਾਸ਼ ਕਰਨ ਦਾ ਮੌਕਾ ਵੀ ਮਿਲਦਾ ਹੈ। ਅਜਿਹੀਆਂ ਨੁਮਾਇਸ਼ਾਂ ਭਾਰਤ ਦੇ ਐੱਮ ਐੱਸ ਐੱਮ ਈਜ਼ ਦੀਆਂ ਵਿਭਿੰਨ ਤਕਨਾਲੋਜੀਆਂ, ਉਤਪਾਦਾਂ ਅਤੇ ਸੇਵਾਵਾਂ ਦੇ ਵਖਾਲੇ ਦਾ ਜ਼ਰੀਆ ਬਣ ਜਾਂਦੀਆਂ ਹਨ ਅਤੇ ਵਪਾਰ ਨੂੰ ਉਤਸ਼ਾਹਿਤ ਕਰਨ, ਸਾਂਝੇ ਉੱਦਮ ਸਥਾਪਤ ਕਰਨ, ਤਕਨਾਲੋਜੀ ਦੇ ਤਬਾਦਲੇ, ਬਾਜ਼ਾਰੀਕਰਨ ਦੇ ਪ੍ਰਬੰਧਾਂ ਅਤੇ ਵਿਦੇਸ਼ੀ ਮੁਲਕਾਂ ਵਿੱਚ ਭਾਰਤੀ ਐੱਮ ਐੱਸ ਐੱਮ ਈਜ਼ ਦਾ ਅਕਸ ਬਣਾਉਣ ਤੋਂ ਇਲਾਵਾ ਵਪਾਰ ਦੇ ਸ਼ਾਨਦਾਰ ਮੌਕੇ ਵੀ ਪ੍ਰਦਾਨ ਕਰਦੀਆਂ ਹਨ। ਅੰਤਰਰਾਸ਼ਟਰੀ ਨੁਮਾਇਸ਼ਾਂ ਲਾਉਣ ਤੋਂ ਇਲਾਵਾ ਐੱਨ ਐੱਸ ਆਈ ਸੀ ਭਾਰਤ ਦੇ ਐੱਮ ਐੱਸ ਐੱਮ ਈਜ਼ ਨੂੰ ਚੋਣਵੀਆਂ ਅੰਤਰਰਾਸ਼ਟਰੀ ਨੁਮਾਇਸ਼ਾਂ ਅਤੇ ਵਪਾਰ ਮੇਲਿਆਂ ਵਿੱਚ ਸ਼ਮੂਲੀਅਤ ਕਰਨ ਨਾਲ ਐੱਮ ਐੱਸ ਐੱਮ ਈਜ਼ ਵਿਸ਼ਵੀ ਪ੍ਰਥਾਵਾਂ ਤੋਂ ਜਾਣੂ ਹੁੰਦੇ ਹਨ ਅਤੇ ਉਨ੍ਹਾਂ ਦੀ ਵਪਾਰਕ ਕੁਸ਼ਲਤਾ ਵਿੱਚ ਵੀ ਵਾਧਾ ਹੁੰਦਾ ਹੈ। ਅਜਿਹੇ ਆਯੋਜਨ ਐੱਮ ਐੱਸ ਐੱਮ ਈਜ਼ ਨੂੰ ਮੰਚ ਪ੍ਰਦਾਨ ਕਰਦੇ ਹਨ ਜਿਥੇ ਉਹ ਮਿਲ ਬਹਿ ਕੇ

ਚਰਚਾ ਕਰਦੇ ਹਨ ਅਤੇ ਤਕਨੀਕੀ ਤੇ ਵਪਾਰਕ ਭਾਈਵਾਲੀ ਦੇ ਸਮਝੌਤਿਆਂ ਉਤੇ ਦਸਤਖ਼ਤ ਕੀਤੇ ਜਾਂਦੇ ਹਨ।

ਸੋਧੀ ਹੋਈ ਬਾਜ਼ਾਰੀਕਰਨ ਸਹਾਇਤਾ ਅਤੇ ਤਕਨਾਲੋਜੀ ਉੱਨਤੀ ਸਕੀਮ (ਐੱਮ ਏ ਟੀ ਯੂ) : ਘਰੇਲੂ ਬਾਜ਼ਾਰ – ਇਸ ਵਿੱਚ ਰਾਜ/ਜ਼ਿਲ੍ਹਾ ਅਤੇ ਸਥਾਨਕ ਪੱਧਰ ਉੱਤੇ ਲੱਗਣ ਵਾਲੀਆਂ ਨੁਮਾਇਸ਼ਾਂ/ਵਪਾਰਕ ਮੇਲਿਆਂ ਵਿੱਚ ਭਾਗ ਲੈਣ ਲਈ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ:

- ਵਿਕਾਸਸ਼ੀਲ ਘਰੇਲੂ/ਵਿਦੇਸ਼ੀ ਬਾਜ਼ਾਰਾਂ ਵਿੱਚ ਆਪਣੀ ਥਾਂ ਬਣਾਉਣ ਦੇ ਯਤਨਾਂ ਲਈ ਐੱਮ ਐੱਸ ਐੱਮ ਈਜ਼ ਨੂੰ ਨਿਰਮਾਣ ਵਾਸਤੇ ਉਤਸ਼ਾਹਿਤ ਕਰਨਾ।

- ਰਾਸ਼ਟਰੀ/ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਉਤਪਾਦਾਂ ਦੀ ਬਾਜ਼ਾਰੀਕਰਨ ਸਮਰੱਥਾ ਵਿੱਚ ਵਾਧਾ ਕਰਨ ਲਈ ਬਾਜ਼ਾਰ ਬਾਰ ਕੋਡ ਪ੍ਰਣਾਲੀ ਨੂੰ ਅਪਨਾਉਣ ਵਾਸਤੇ ਐੱਮ ਐੱਸ ਐੱਮ ਈਜ਼ ਦੀ ਹੌਸਲਾ ਅਫਜ਼ਾਈ ਕਰਨੀ।

- ਐੱਮ ਐੱਸ ਐੱਮ ਈਜ਼ ਦੀ ਜਨਤਕ ਖਰੀਦ ਦੇ ਸੰਬੰਧ ਵਿੱਚ ਬਾਜ਼ਾਰੀਕਰਨ ਦੇ ਸੂਤਰਾਂ ਲਈ ਸਹਾਇਤਾ ਕਰਨੀ।

- ਚੇਤਨਾ ਦਾ ਪ੍ਰਚਾਰ ਕਰਨਾ ਅਤੇ ਐੱਮ ਐੱਸ ਐੱਮ ਈਜ਼ ਨੂੰ ਬਾਜ਼ਾਰੀਕਰਨ ਵਿੱਚ ਪੈਕਿੰਗ ਦੇ ਮਹੱਤਵ ਬਾਰੇ ਸਿੱਖਿਅਤ ਕਰਨਾ ਜਿਸ ਵਿੱਚ ਪੈਕਿੰਗ ਦੀਆਂ ਨਵੀਆਂ ਤਕਨਾਲੋਜੀਆਂ ਆਯਾਤ-ਨਿਰਯਾਤ ਨੀਤੀ ਅਤੇ ਪ੍ਰਕਿਰਿਆਵਾਂ ਅਤੇ ਵਿਸ਼ਵੀ ਵਪਾਰ ਵਿੱਚ ਹਾਲੀਆ ਘਟਨਾਵਾਂ ਸ਼ਾਮਲ ਹਨ। ਇਸ ਵਾਸਤੇ ਐੱਮ ਐੱਸ ਐੱਮ ਈਜ਼ ਖੇਤਰ ਦੇ ਪ੍ਰਸੰਗਿਕ ਬਾਜ਼ਾਰੀਕਰਨ/ਪੈਕਿੰਗ/ਵਿਸ਼ਿਆਂ ਉਤੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਕਾਰਜਸ਼ਾਲਾਵਾਂ/ਸੈਮੀਨਾਰ ਆਯੋਜਿਤ ਕੀਤੇ ਜਾ ਸਕਦੇ ਹਨ।

ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਦਾ ਲਾਭ ਲੈਣ ਲਈ ਐੱਮ ਐੱਸ ਐੱਮ ਈਜ਼ ਨੂੰ ਸਰਕਾਰ ਕੋਲ ਪੰਜੀਕਰਨ ਕਰਵਾਉਣ ਦੀ ਲੋੜ ਹੈ। ਐੱਮ ਐੱਸ ਈ ਡਿਵੈਲਪਮੈਂਟ ਇੰਸਟੀਚਿਊਟ ਇਸ ਯੋਜਨਾ ਉਤੇ ਅਮਲ ਲਈ ਜ਼ਿੰਮੇਵਾਰ ਹੈ। ਇਕ ਕਮੇਟੀ ਵਲੋਂ ਘਰੇਲੂ ਵਪਾਰ ਮੇਲਿਆਂ/ਨੁਮਾਇਸ਼ਾਂ ਦੀ ਚੋਣ ਕੀਤੀ ਜਾਂਦੀ ਹੈ ਜਿੱਥੇ ਐੱਮ ਐੱਸ ਈਜ਼ ਸ਼ਮੂਲੀਅਤ ਕਰ ਸਕਦੇ ਹਨ। ਇਸ ਕਮੇਟੀ ਦਾ ਮੁਖੀ ਐੱਮ ਐੱਸ ਐੱਮ ਈ-ਡੀ ਆਈ



ਦਾ ਨਿਰਦੇਸ਼ਕ ਹੁੰਦਾ ਹੈ ਜਦ ਕਿ ਸੰਸਥਾ ਦੇ ਅਧਿਕਾਰੀ ਅਤੇ ਉਦਯੋਗਿਕ ਸੰਗਠਨਾਂ ਦੇ ਅਹੁਦੇਦਾਰ ਇਸ ਦੇ ਮੈਂਬਰ ਹੁੰਦੇ ਹਨ। ਇਸ ਕਮੇਟੀ ਵਲੋਂ ਘਰੇਲੂ ਮੇਲਿਆਂ/ਨੁਮਾਇਸ਼ਾਂ ਦੀ ਤਿਆਰ ਕੀਤੀ ਸੂਚੀ ਅੰਤਮ ਮਨਜ਼ੂਰੀ ਲਈ ਡਿਵੈਲਪਮੈਂਟ ਕਮਿਸ਼ਨਰ ਦੇ ਦਫ਼ਤਰ (ਡੀ ਸੀ-ਐੱਮ ਐੱਸ ਐੱਮ ਈ) ਨੂੰ ਭੇਜੀ ਜਾਂਦੀ ਹੈ।

ਇਕ ਐੱਮ ਐੱਸ ਐੱਮ ਈ-ਡੀ ਆਈ ਮਨਜ਼ੂਰਸ਼ੁਦਾ ਮੇਲੇ/ਨੁਮਾਇਸ਼ ਵਿੱਚ ਭਾਗ ਲੈਣ ਲਈ ਵੱਧ ਤੋਂ ਵੱਧ 10 ਸੂਖਮ/ਛੋਟੇ ਉੱਦਮਾਂ ਦੀ ਸਿਫਾਰਸ਼ ਕਰ ਸਕਦੀ ਹੈ। ਭਾਗ ਲੈਣ ਦੀ ਪੇਸ਼ਕਸ਼ ਪਹਿਲਾਂ ਆਓ ਪਹਿਲਾਂ ਪਾਓ ਦੇ ਆਧਾਰ ਉਤੇ ਉਪਲਬਧ ਹੋਵੇਗੀ। ਕਿਉਂਕਿ ਇਕ ਵਪਾਰ ਮੇਲੇ/ਨੁਮਾਇਸ਼ ਵਿੱਚ ਐੱਮ ਐੱਸ ਈਜ਼ ਦੀ ਸ਼ਮੂਲੀਅਤ ਇਕ ਤੋਂ ਵੱਧ ਐੱਮ ਐੱਸ ਐੱਮ ਈ-ਡੀ ਆਈ ਰਾਹੀਂ ਸੰਭਵ ਹੈ, ਇਸ ਲਈ ਐੱਮ ਐੱਸ ਈਜ਼ ਦੀ ਵੱਧ ਤੋਂ ਵੱਧ ਭਾਗੀਦਾਰੀ ਦੀ ਸੰਖਿਆ ਦਾ ਫੈਸਲਾ ਐੱਮ ਐੱਸ ਈ ਖੇਤਰ ਲਈ ਸੰਬੰਧਿਤ ਆਯੋਜਨ ਦੇ ਅਕਾਰ ਅਤੇ ਲਾਭ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਵੇਗਾ।

ਐੱਮ ਐੱਸ ਈਜ਼ ਨੂੰ ਵਿੱਤੀ ਸਹਾਇਤਾ – ਜਗ੍ਹਾ ਦਾ ਕਿਰਾਇਆ : ਆਮ ਵਰਗ ਵਲੋਂ ਅਦਾ ਕੀਤੀ ਗਈ ਜਗ੍ਹਾ ਦੇ ਕਿਰਾਏ ਦਾ 80 ਪ੍ਰਤਿਸ਼ਤ ਅਤੇ ਅਨੁਸੂਚਿਤ ਜਾਤੀ/ਜਨਜਾਤੀ/ਔਰਤਾਂ/ਐੱਨ ਈ ਆਰ/ਪੀ ਐੱਚ ਇਕਾਈਆਂ ਲਈ 100 ਪ੍ਰਤਿਸ਼ਤ ਜਿਸ ਦੀ ਸੀਮਾ 20,000 ਰੁਪਏ ਜਾਂ ਅਸਲ, ਜਾਂ ਜੋ ਵੀ ਘੱਟ ਹੈ, ਹੁੰਦੀ ਹੈ। ਇਸ ਸਕੀਮ ਤਹਿਤ ਉੱਦਮੀ ਨੂੰ ਇਕ ਸਾਲ ਵਿੱਚ ਵੱਧ ਤੋਂ ਵੱਧ ਦੋ ਆਯੋਜਨਾਂ ਦੀ ਅਦਾਇਗੀ ਲੈਣ ਦੀ ਆਗਿਆ ਹੋਵੇਗੀ। ਵਿੱਤੀ ਸਹਾਇਤਾ ਦੀ ਸੀਮਾ ਪ੍ਰਤਿ ਆਯੋਜਨ ਵੱਧ ਤੋਂ ਵੱਧ 10 ਲੱਖ ਰੁਪਏ ਤੱਕ ਸੀਮਤ ਹੋਵੇਗੀ।

ਅੰਤਰਰਾਸ਼ਟਰੀ ਬਾਜ਼ਾਰ – ਇਸ ਯੋਜਨਾ ਦੇ ਉਦੇਸ਼ ਵਿੱਚ ਸੂਖਮ ਅਤੇ ਛੋਟੇ ਉੱਦਮਾਂ (ਐੱਮ ਐੱਸ ਈਜ਼) ਨੂੰ ਵਿਕਾਸਸ਼ੀਲ ਵਿਦੇਸ਼ੀ ਬਾਜ਼ਾਰਾਂ ਵਿੱਚ ਪੈਰ ਜਮਾਉਣ ਲਈ ਕੀਤੇ ਨਿਰਮਾਣ ਦੇ ਯਤਨਾਂ ਨੂੰ ਉਤਸ਼ਾਹਿਤ ਕਰਨਾ ਵੀ ਸ਼ਾਮਲ ਹੈ। ਇਥੇ ਵੀ ਐੱਮ ਐੱਸ ਐੱਮ ਈ ਡਿਵੈਲਪਮੈਂਟ ਇਸੰਟੀਚਿਊਟ ਹੀ ਇਸ ਸਕੀਮ ਉਤੇ ਅਮਲ ਕਰੇਗਾ। ਅੰਤਰਰਾਸ਼ਟਰੀ ਮੇਲਿਆਂ/ਨੁਮਾਇਸ਼ਾਂ ਬਾਰੇ ਫੈਸਲਾ ਡੀ ਸੀ (ਐੱਮ ਐੱਸ ਐੱਮ ਈ) ਦੇ ਦਫ਼ਤਰ ਵਲੋਂ ਕੀਤਾ ਜਾਵੇਗਾ।

ਕੋਈ ਵੀ ਐੱਮ ਐੱਸ ਈ, ਭਾਗ ਲੈਣ ਦੇ ਘੱਟੋ-ਘੱਟ ਦੋ ਮਹੀਨੇ ਪਹਿਲਾਂ ਆਨ ਲਾਈਨ/ਨਿਰਧਾਰਤ ਅਰਜ਼ੀ ਦੇ ਫਾਰਮੈਟ (ਜਾਂ ਮੌਜੂਦ ਪ੍ਰਣਾਲੀ) ਵਿੱਚ ਅਗਾਊਂ ਅਪਲਾਈ ਕਰ ਸਕਦਾ ਹੈ। ਭਾਗ ਲੈਣ ਦੀ ਪੇਸ਼ਕਸ਼ ਪਹਿਲਾਂ ਆਓ, ਪਹਿਲਾਂ ਪਾਓ ਦੇ ਅਧਾਰ ਉਤੇ ਹੋਵੇਗੀ। ਵਿਸ਼ਵੀ ਵਪਾਰ ਮੇਲਿਆਂ/ਨੁਮਾਇਸ਼ਾਂ ਵਿੱਚ ਭਾਗ ਲੈਣ ਲਈ ਉਤਪਾਦਾਂ ਦੀ ਗੁਣਵੱਤਾ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ, ਇਹ ਚੰਗਾ ਹੋਵੇਗਾ ਕਿ ਭਾਗ ਲੈਣ ਵਾਲੀਆਂ ਇਕਾਈਆਂ ਕੋਲ ਆਈ ਐੱਸ ਓ 9000/14000 ਦਾ ਪ੍ਰਮਾਣ ਪੱਤਰ ਹੋਵੇ। ਇਕ ਪੈਨਲ ਪਹਿਲਾਂ ਨਾਮ ਛਾਂਟੇਗਾ ਅਤੇ ਫਿਰ ਇਸ ਨੂੰ ਡੀ ਸੀ (ਐੱਮ ਐੱਸ ਐੱਮ ਈ) ਦੇ ਦਫ਼ਤਰ

ਵਲੋਂ ਮਨਜ਼ੂਰੀ ਮਿਲੇਗੀ। ਵਿੱਤੀ ਸਹਾਇਤਾ ਚੋਣਵੇਂ ਐੱਮ ਐੱਸ ਈ ਨੂੰ ਦਿੱਤੀ ਜਾਵੇਗੀ।

ਜਗ੍ਹਾ ਦਾ ਕਿਰਾਇਆ ਆਮ ਵਰਗ ਦੀਆਂ ਇਕਾਈਆਂ ਲਈ ਜਗ੍ਹਾ ਦੇ ਕਿਰਾਏ ਦਾ 80 ਪ੍ਰਤਿਸ਼ਤ ਜਦ ਕਿ ਅਨੁਸੂਚਿਤ ਜਾਤੀ/ਜਨਜਾਤੀ/ ਔਰਤਾਂ/ਐੱਨ ਈ ਆਰ ਦੀਆਂ ਇਕਾਈਆਂ ਨੂੰ ਵੱਧ ਤੋਂ ਵੱਧ 1 ਲੱਖ ਰੁਪਏ ਜਾਂ ਅਦਾ ਕੀਤੇ ਅਸਲ ਕਿਰਾਏ ਜਾਂ ਜੋ ਵੀ ਘੱਟ ਹੋਵੇ, ਅਦਾ ਕੀਤਾ ਜਾਵੇਗਾ।

ਹਵਾਈ ਕਿਰਾਇਆ : ਸਾਰੇ ਵਰਗਾਂ ਦੀਆਂ ਇਕਾਈਆਂ ਲਈ ਇਕਾਨਮੀ ਵਰਗ ਦੇ ਹਵਾਈ ਕਿਰਾਏ ਦਾ 100 ਪ੍ਰਤਿਸ਼ਤ ਜੋ ਵੱਧ ਤੋਂ ਵੱਧ 1.25 ਲੱਖ ਰੁਪਏ ਜਾਂ ਅਦਾ ਕੀਤਾ ਅਸਲ ਕਿਰਾਇਆ, ਜੋ ਵੀ ਘੱਟ ਹੋਵੇ, ਦਿੱਤਾ ਜਾਵੇਗਾ (ਹਰੇਕ ਭਾਗ ਲੈਣ ਵਾਲੇ ਉੱਦਮ ਦੇ ਇਕ ਪ੍ਰਤਿਨਿਧ ਲਈ)।

ਐੱਮ ਐੱਸ ਈਜ਼ ਨੂੰ ਇਸ ਯੋਜਨਾ ਤਹਿਤ ਵਿਸ਼ਵੀ ਵਪਾਰ ਮੇਲਿਆਂ/ਨੁਮਾਇਸ਼ਾਂ ਵਿੱਚ ਸ਼ਮੂਲੀਅਤ ਲਈ ਲਾਭ ਪ੍ਰਾਪਤ ਕਰਨ ਦੀ ਆਗਿਆ ਹੈ ਅਤੇ ਅਦਾਇਗੀ ਵਿੱਤੀ ਸਾਲ ਵਿੱਚ ਸਿਰਫ ਇਕ ਵਾਰ ਹੀ ਕੀਤੀ ਜਾਵੇਗੀ। ਭਾਵੇਂ ਉਨ੍ਹਾਂ ਦੀਆਂ ਭਾਗ ਲੈਣ ਵਾਲੀਆਂ ਇਕਾਈਆਂ ਦੀ ਸੰਖਿਆ ਜੋ ਮਰਜ਼ੀ ਹੋਵੇ। ਵਿੱਤੀ ਸਹਾਇਤਾ ਦੀ ਸੀਮਾ ਪ੍ਰਤਿ ਆਯੋਜਨ 25 ਲੱਖ ਰੁਪਏ ਤੱਕ ਸੀਮਤ ਹੋਵੇਗੀ।

ਬਾਜ਼ਾਰੀਕਰਨ/ਜਨਤਕ ਖਰੀਦ/ਪੈਕਿੰਗ ਬਾਰੇ ਕਾਰਜ-ਸ਼ਾਲਾਵਾਂ/ਸੈਮੀਨਾਰ – ਅਜਿਹੇ ਆਯੋਜਨ ਨਵੀਆਂ ਬਾਜ਼ਾਰੀਕਰਨ ਤਕਨੀਕਾਂ, ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਦੇ ਪੈਕਿੰਗ ਵਿਕਸਤ ਹੋ ਰਹੇ ਨਵੇਂ ਰੁਝਾਨਾਂ, ਉੱਭਰਦੇ ਹੋਏ ਵਿਸ਼ਵ ਬਾਜ਼ਾਰੀਕਰਨ/ ਉਤਪਾਦ ਖੋਜ ਦੇ ਰੁਝਾਨਾਂ ਨੂੰ ਉਤਸ਼ਾਹਤਿ ਕਰਨ ਲਈ ਕੀਤੇ ਜਾਂਦੇ ਹਨ। ਨਾਲ ਹੀ ਐੱਮ ਐੱਸ ਐੱਮ ਈ ਖੇਤਰ ਦੇ ਪ੍ਰਸੰਗਿਕ ਕੇਂਦਰੀ ਮੰਤਰਾਲਿਆਂ/ ਵਿਭਾਗਾਂ/ਕੇਂਦਰੀ ਜਨਤਕ ਖੇਤਰ ਦੇ ਅਦਾਰਿਆਂ ਦੀ ਜਨਤਕ ਖਰੀਦ ਅਤੇ ਵਿਸ਼ਿਆਂ ਦੀ ਸਮੀਖਿਆ ਵੀ ਕੀਤੀ ਜਾਂਦੀ ਹੈ। ਅਜਿਹੇ ਆਯੋਜਨ ਦੀ ਜ਼ਿੰਮੇਵਾਰੀ ਐੱਮ ਐੱਸ ਐੱਮ ਈ ਡਿਵੈਲਪਮੈਂਟ ਇਸੰਟੀਚਿਊਟ ਨੂੰ ਦਿੱਤੀ ਗਈ ਹੈ।

ਬਾਰ ਕੋਡ ਪ੍ਰਾਪਤ ਕਰਨ ਤੇ ਅਦਾਇਗੀ – ਬਾਰ ਕੋਡ 'ਮਸ਼ੀਨ ਦੁਆਰਾ ਪੜ੍ਹੀ ਜਾਣ ਵਾਲੀ ਸੰਖਿਆ ਅਤੇ ਵੱਖ-ਵੱਖ ਚੌੜਾਈ ਦੀਆਂ ਸਮਾਨਾਂਤਰ ਰੇਖਾਵਾਂ ਦੀ ਇਕ ਪੱਧਤੀ ਹੈ ਜੋ ਇਕ ਉਤਪਾਦ ਦੀ ਪਛਾਣ ਕਰਨ ਲਈ ਉਸ ਉਪਰ ਛਾਪੀ ਜਾਂਦੀ ਹੈ। ਅਜਿਹੀ ਪ੍ਰਣਾਲੀ ਵਪਾਰੀਆਂ ਅਤੇ ਸੰਗਠਨਾਂ ਨੂੰ ਉਤਪਾਦਾਂ, ਕੀਮਤਾਂ ਅਤੇ ਕੰਪਿਊਟਰ ਸਾਫਟ-ਵੇਅਰ ਵਿੱਚ ਸਟਾਕ ਦੇ ਕੇਂਦਰੀਕ੍ਰਿਤ ਪ੍ਰਬੰਧਨ ਦੀ ਨਿਗਰਾਨੀ ਕਰਨ ਵਿੱਚ ਮਦਦ ਕਰਦੀ ਹੈ ਜਿਸ ਨਾਲ ਉਤਪਾਦਕਤਾ ਅਤੇ ਕੁਸ਼ਲਤਾ ਵਿੱਚ ਵਾਧਾ ਹੁੰਦਾ ਹੈ। ਇਸ ਮਹੱਤਵ ਨੂੰ ਮੱਦੇਨਜ਼ਰ ਰੱਖਦਿਆਂ ਸਰਕਾਰ ਐੱਮ ਐੱਸ ਐੱਮ ਈ-ਡਿਵੈਲਪਮੈਂਟ ਇਸੰਟੀਚਿਊਟ ਰਾਹੀਂ ਸੂਖਮ ਅਤੇ ਛੋਟੇ ਉੱਦਮਾਂ ਦੀ ਬਾਜ਼ਾਰੀਕਰਨ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਯੋਜਨਾ ਅਧੀਨ, ਇਕ ਵਾਰ ਅਦਾ ਕੀਤੀ ਜਾਣ ਵਾਲੀ ਪੰਜੀਕਰਨ ਫੀਸ ਅਤੇ ਐੱਮ ਐੱਸ ਈਜ਼ ਵਲੋਂ ਸਾਲਾਨਾ ਦਿੱਤੀ ਜਾਣ ਵਾਲੀ ਫੀਸ (ਪਹਿਲੇ ਤਿੰਨ ਸਾਲਾਂ ਲਈ) ਦਾ 75 ਪ੍ਰਤਿਸ਼ਤ ਵਾਪਸ ਮੋੜ ਦਿੱਤਾ ਜਾਂਦਾ ਹੈ। ਜੀ ਐੱਸ ਆਈ ਇੰਡੀਆ, ਜਿਸ ਨੂੰ ਪਹਿਲਾਂ ਈ ਏ ਐੱਨ ਇੰਡੀਆ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਵਣਜ ਅਤੇ ਵਪਾਰ ਮੰਤਰਾਲੇ ਅਧੀਨ ਇਕ ਖੁਦਮੁਖ਼ਤਿਆਰ ਅਦਾਰਾ ਹੈ ਜਿਸ ਨੂੰ ਬਾਰ ਕੋਡ ਦੀ ਵਰਤੋਂ ਲਈ ਪੰਜੀਕਰਨ ਦਾ ਅਧਿਕਾਰ ਹਾਸਲ ਹੈ।

## ਵਿਕਰੇਤਾ ਵਿਕਾਸ ਪ੍ਰੋਗਰਾਮ (ਵੀ ਡੀ ਪੀ)

ਵਪਾਰਕ ਪ੍ਰੋਤਸਾਹਨ ਲਈ ਖਰੀਦਾਰਾਂ ਅਤੇ ਵਿਕਰੇਤਾਵਾਂ ਨੂੰ ਇਕੱਠੇ ਕਰਨ ਦਾ ਇਹ ਇਕ ਮੰਚ ਹੈ। ਅਜਿਹਾ ਆਯੋਜਨ ਐੱਮ ਐੱਸ ਐੱਮ ਈ ਵਿਕਾਸ ਸੰਸਥਾਨ ਵਲੋਂ ਦੇਸ਼ ਦੇ ਹਰੇਕ ਕੋਨੇ ਵਿੱਚ ਕੀਤਾ ਜਾਂਦਾ ਹੈ ਤਾਂ ਕਿ ਵਪਾਰਕ ਅਤੇ ਵਿਕਰੇਤਾ ਸੰਗਠਨਾਂ ਨੂੰ ਆਪਸ ਵਿੱਚ ਮਿਲ ਬੈਠਣ ਅਤੇ ਖਰੀਦਦਾਰ ਸੰਗਠਨਾਂ ਦੀਆਂ ਉੱਭਰ ਰਹੀਆਂ ਲੋੜਾਂ ਦੀ ਪਛਾਣ ਕਰਨ ਲਈ ਇਕ ਮੰਚ ਪ੍ਰਦਾਨ ਕੀਤਾ ਜਾ ਸਕੇ। ਇਸ ਦੇ ਨਾਲ ਹੀ ਛੋਟੇ ਪੱਧਰ ਦੇ ਉੱਦਮੀਆਂ ਨੂੰ ਆਪਣੀਆਂ ਸਮਰੱਥਾਵਾਂ ਅਤੇ ਉਦਯੋਗਿਕ ਇਕਾਈਆਂ ਦਾ ਮੁਜ਼ਾਹਰਾ ਕਰਨ ਦਾ ਵੀ ਮੌਕਾ ਮਿਲਦਾ ਹੈ। ਅਜਿਹੇ ਪ੍ਰੋਗਰਾਮ ਖਰੀਦਦਾਰ ਸੰਗਠਨਾਂ ਵਲੋਂ ਢੁੱਕਵੇਂ ਉੱਦਮੀ ਨੂੰ ਲੱਭਣ ਲਈ ਬੇਹੱਦ ਸਹਾਈ ਹੋਏ ਹਨ ਜਿਸ ਵਿੱਚ ਜਨਤਕ ਖੇਤਰ ਦੇ ਅਦਾਰੇ, ਰੱਖਿਆ ਖੇਤਰ ਦੇ ਵੱਖ-ਵੱਖ ਵਿੰਗ, ਰੇਲਵੇ ਅਤੇ ਦੇਸ਼ ਵਿੱਚ ਤਿਆਰ ਹੋਣ ਵਾਲੇ ਅਨੇਕ ਹੋਰ ਉੱਤਪਾਦ ਸ਼ਾਮਲ ਹਨ ਜਿਨ੍ਹਾਂ ਨੂੰ ਪਹਿਲਾਂ ਵੱਡੀ ਕੀਮਤ ਕਰਕੇ ਆਯਾਤ ਕੀਤਾ ਜਾਂਦਾ ਸੀ।

ਐੱਮ ਐੱਸ ਐੱਮ ਈ-ਡੀ ਆਈਜ਼ ਵਲੋਂ ਦੋ ਪ੍ਰਕਾਰ ਦੇ ਵੀ ਡੀ ਪੀ ਆਯੋਜਿਤ ਕੀਤੇ ਜਾ ਰਹੇ ਹਨ – ਰਾਸ਼ਟਰੀ ਪੱਧਰ ਅਤੇ ਰਾਜ ਪੱਧਰ। ਤਿੰਨ ਦਿਨ ਚੱਲਣ ਵਾਲੇ ਰਾਸ਼ਟਰੀ ਪੱਧਰ ਦੇ ਵੀ ਡੀ ਪੀਜ਼ ਵੱਡੀਆਂ ਕੰਪਨੀਆਂ ਨਾਲ ਸੰਵਾਦ ਦਾ ਮੌਕਾ ਪ੍ਰਦਾਨ ਕਰਦੇ ਹਨ ਖ਼ਾਸ ਕਰਕੇ ਕੇਂਦਰੀ ਜਨਤਕ ਖੇਤਰ ਦੇ ਅਦਾਰੇ। ਅਜਿਹਾ ਸੰਵਾਦ ਐੱਮ ਐੱਸ ਐੱਮ ਈਜ਼ ਨੂੰ ਵੱਡੀਆਂ ਕੰਪਨੀਆਂ ਦੇ ਵਿਕਰੇਤਾ ਬਣਨ ਵਿੱਚ ਮਦਦ ਕਰਦਾ ਹੈ। ਰਾਜ ਪੱਧਰੀ ਵੀ ਡੀ ਪੀਜ਼ ਵਿੱਚ, ਰਾਜ ਵਿੱਚ ਕੰਮ ਕਰਨ ਵਾਲੇ ਵੱਡੀ ਪੱਧਰ ਉਤੇ ਖਰੀਦ ਕਰਨ ਵਾਲੇ ਸੰਗਠਨ ਹੀ ਸ਼ਾਮਲ ਹੁੰਦੇ ਹਨ ਜੋ ਖਰੀਦਦਾਰ-ਵਿਕਰੇਤਾ ਮੁਲਾਕਾਤਾਂ ਵਿੱਚ ਐੱਮ ਐੱਸ ਐੱਮ ਈਜ਼ (ਵਿਕਰੇਤਾਵਾਂ) ਨਾਲ ਸੰਵਾਦ ਕਰਦੇ ਹਨ।

ਸਾਰੇ ਹੀ ਸੂਖਮ, ਦਰਮਿਆਨੇ ਅਤੇ ਵੱਡੇ ਉੱਦਮ ਵਿਕਰੇਤਾ ਵਿਕਾਸ ਪ੍ਰੋਗਰਾਮ (ਵੀ ਡੀ ਪੀ) ਵਿੱਚ ਭਾਗ ਲੈ ਸਕਦੇ ਹਨ।

ਬਾਜ਼ਾਰੀਕਰਨ ਵਿਕਾਸ ਸਹਾਇਤਾ (ਐੱਮ ਡੀ ਏ) – ਇਸ ਯੋਜਨਾ ਦਾ ਟੀਚਾ ਛੋਟੇ ਅਤੇ ਸੂਖਮ ਉੱਦਮੀਆਂ ਨੂੰ ਵਿਕਾਸਸ਼ੀਲ ਵਿਦੇਸ਼ੀ ਬਾਜ਼ਾਰਾਂ ਵਿੱਚ ਆਪਣੇ ਪੈਰ ਜਮਾਉਣ ਦੇ ਯਤਨਾਂ ਲਈ ਉਤਸ਼ਾਹ ਦੇਣਾ ਹੈ। ਇਸ ਦਾ ਇਕ ਹੋਰ ਉਦੇਸ਼ ਛੋਟੇ/ਸੂਖਮ ਨਿਰਮਾਣ ਉੱਦਮਾਂ ਦੇ ਪ੍ਰਤਿਨਿਧੀਆਂ ਦੀ, ਵਿਸ਼ਵੀ ਵਪਾਰ ਮੇਲਿਆਂ/ਨੁਮਾਇਸ਼ਾਂ ਵਿੱਚ ਭਾਗੀਦਾਰੀ ਨੂੰ ਵਧਾਉਣਾ ਵੀ ਹੈ ਅਤੇ ਨਾਲ ਦੀ ਨਾਲ ਛੋਟੇ/ਸੂਖਮ ਨਿਰਮਾਣ ਉੱਦਮਾਂ ਦੇ ਨਿਰਯਾਤ

ਤਾਲਿਕਾ-1 : ਐੱਮ ਐੱਸ ਈਜ਼ ਤੋਂ ਖਰੀਦ (ਜਿਵੇਂ ਸੀ ਪੀ ਐੱਸ ਈਜ਼ ਵਲੋਂ ਦੱਸਿਆ ਗਿਆ)

| ਸਾਲ | ਕੁੱਲ ਖਰੀਦ | ਐੱਮ ਐੱਸ ਈਜ਼ ਤੋਂ ਖਰੀਦ (ਜਿਸ ਵਿੱਚੋਂ ਅਨੁਸੂਚਿਤ ਜਾਤੀ/ਜਨਜਾਤੀ ਦੀ ਮਾਲਕੀ ਵਾਲੇ ਐੱਸ ਐੱਮ ਈਜ਼ ਸ਼ਾਮਲ ਹਨ |
|---|---|---|
| 2014-15 (133 ਸੀ ਪੀ ਐੱਸ ਯੂਜ਼) | 131766.86 | 15300.57 |
| 2015-16 (116 ਸੀ ਪੀ ਐੱਸ ਯੂਜ਼) | 134848.14 | 18246.15 |
| 2016-17 (60 ਸੀ ਪੀ ਐੱਸ ਯੂਜ਼) | 55291.64 | 13288.96 |

ਨੂੰ ਹੁਲਾਰਾ ਦੇਣਾ ਵੀ। ਇਸ ਯੋਜਨਾ ਅਧੀਨ ਬਾਰ ਕੋਡਿੰਗ ਨੂੰ ਅਪਣਾਉਣ ਲਈ ਵੱਡੇ ਪੱਧਰ ਉਤੇ ਇਸਦਾ ਪ੍ਰਚਾਰ ਕਰਨ ਵਿੱਚ ਵੀ ਮਦਦ ਮਿਲਦੀ ਹੈ।

***ਇਸ ਯੋਜਨਾ ਵਿੱਚ ਹੇਠ ਲਿਖੇ ਵਾਸਤੇ ਪੈਸਾ ਦਿੱਤਾ ਜਾਂਦਾ ਹੈ :***

- ਛੋਟੇ ਅਤੇ ਸੂਖਮ ਨਿਰਮਾਣਕਾਰ ਉੱਦਮੀਆਂ ਦੀ ਵਿਸ਼ਵੀ ਵਪਾਰ ਮੇਲਿਆਂ/ਨੁਮਾਇਸ਼ਾਂ ਵਿੱਚ ਐੱਮ ਐੱਸ ਐੱਮ ਈ ਇੰਡੀਆ ਸਟਾਲ ਤਹਿਤ ਭਾਗੀਦਾਰੀ।
- ਉਦਯੋਗਿਕ ਸਭਾਵਾਂ/ਨਿਰਯਾਤ ਪ੍ਰੋਤਸਾਹਨ ਕੌਂਸਲਾਂ/ਭਾਰਤੀ ਨਿਰਯਾਤ ਸੰਗਠਨ ਸੰਘ ਵਲੋਂ ਖੇਤਰ ਵਿਸ਼ੇਸ਼ ਬਾਜ਼ਾਰ ਅਧਿਐਨ।
- ਐੱਸ ਐੱਸ ਆਈ ਸਭਾਵਾਂ ਵਲੋਂ ਐਂਟੀ-ਡੰਪਿੰਗ ਮਾਮਲੇ ਸ਼ੁਰੂ ਕਰਨੇ/ਲੜਨੇ।
- ਬਾਰ ਕੋਡਿੰਗ ਉਤੇ ਖਰਚੇ ਗਏ ਪੈਸੇ ਦੀ ਅਦਾਇਗੀ।

ਇਸ ਯੋਜਨਾ ਵਿੱਚ ਛੋਟੇ ਅਤੇ ਸੂਖਮ ਨਿਰਯਾਤਕਾਂ ਨੂੰ, ਵਿਦੇਸ਼ੀ ਬਾਜ਼ਾਰਾਂ ਵਿੱਚ ਪੈਠ ਬਣਾਉਣ ਦੇ ਯਤਨਾਂ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਦਾ ਉਦੇਸ਼ ਵਿਸ਼ਵੀ ਵਪਾਰਕ ਮੇਲਿਆਂ/ਨੁਮਾਇਸ਼ਾਂ ਵਿੱਚ ਐੱਮ ਐੱਸ ਐੱਮ ਈ ਇੰਡੀਆ ਸਟਾਲ ਅਧੀਨ ਛੋਟੇ ਅਤੇ ਸੂਖਮ ਉੱਦਮਾਂ ਦੇ ਪ੍ਰਤਿਨਿਧੀਆਂ ਦੀ ਸ਼ਮੂਲੀਅਤ ਵਿੱਚ ਵਾਧਾ ਕਰਨਾ ਵੀ ਹੈ। ਨਾਲ ਹੀ ਛੋਟੇ ਅਤੇ ਸੂਖਮ ਨਿਰਮਾਣ ਉੱਦਮਾਂ ਦੇ ਨਿਰਯਾਤ ਨੂੰ ਹੁਲਾਰਾ ਦੇਣ ਲਈ ਵੀ ਯਤਨ ਕੀਤੇ ਜਾਂਦੇ ਹਨ। ਇਹ ਯੋਜਨਾ ਵੱਡੇ ਪੱਧਰ ਉਤੇ ਬਾਰ ਕੋਡਿੰਗ ਨੂੰ ਅਪਣਾਉਣ ਲਈ ਪ੍ਰਚਾਰ ਵਿੱਚ ਵੀ ਮਦਦ ਕਰਦੀ ਹੈ।

## ਤਰਜੀਹੀ ਖਰੀਦ ਰਾਹੀਂ ਬਾਜ਼ਾਰ ਪ੍ਰਦਾਨ ਕਰਨਾ

ਭਾਰਤ ਸਰਕਾਰ ਵਲੋਂ ਸੂਖਮ ਅਤੇ ਛੋਟੇ ਉੱਦਮਾਂ ਲਈ ਆਰਡਰ-2012, ਜਨਤਕ ਖਰੀਦ ਨੀਤੀ ਦੀ ਸ਼ੁਰੂਆਤ ਕੀਤੀ ਗਈ ਹੈ ਜੋ ਸਾਰੇ ਕੇਂਦਰੀ ਮੰਤਰਾਲਿਆਂ/ਵਿਭਾਗਾਂ/ਕੇਂਦਰੀ ਜਨਤਕ ਖੇਤਰ ਦੇ ਅਦਾਰਿਆਂ ਉਤੇ ਲਾਗੂ ਹੈ। ਇਹ ਨੀਤੀ 1 ਅਪ੍ਰੈਲ 2012 ਤੋਂ ਅਮਲ ਵਿੱਚ ਆਈ ਹੋਈ ਹੈ। ਇਸ ਨੀਤੀ ਤਹਿਤ ਕੇਂਦਰ ਸਰਕਾਰ ਦੇ ਹਰੇਕ ਮੰਤਰਾਲੇ, ਵਿਭਾਗ ਅਤੇ ਜਨਤਕ ਖੇਤਰ ਦੇ ਅਦਾਰੇ ਲਈ, ਆਪਣੀਆਂ ਵਸਤਾਂ ਤੇ ਸੇਵਾਵਾਂ ਦੇ ਕੁੱਲ ਮੁੱਲ ਦਾ ਘੱਟੋ-ਘੱਟ 20 ਪ੍ਰਤਿਸ਼ਤ ਸੂਖਮ ਅਤੇ ਛੋਟੇ ਉੱਦਮਾਂ ਤੋਂ ਖਰੀਦਣਾ ਲਾਜ਼ਮੀ ਹੈ। ਇਸ 20 ਪ੍ਰਤਿਸ਼ਤ ਵਿੱਚੋਂ 4 ਪ੍ਰਤਿਸ਼ਤ ਅਨੁਸੂਚਿਤ ਜਾਤਾਂ/ਜਨਜਾਤਾਂ ਦੇ ਉੱਦਮੀਆਂ ਦੀ ਮਾਲਕੀ ਵਾਲੇ ਉੱਦਮਾਂ ਤੋਂ ਖਰੀਦ ਕਰਨ ਲਈ ਰਾਖਵਾਂ ਰੱਖਿਆ ਜਾਣਾ ਜ਼ਰੂਰੀ ਹੈ। (ਵੇਖੋ ਸੀ ਪੀ ਐੱਸ ਈਜ਼ ਵਲੋਂ ਖਰੀਦ ਲਈ ਤਾਲਿਕਾ-1)।

## ਬੇਹਰਤ ਬਾਜ਼ਾਰ ਪਹੁੰਚ ਲਈ ਗੁਣਵੱਤਾ ਯਕੀਨੀ ਬਣਾਉਣਾ

ਹੁਣ ਮੁੱਖ ਮੁੱਦਾ ਇਹ ਹੈ ਕਿ ਕੀ ਐੱਮ ਐੱਸ ਐੱਮ ਈਜ਼ ਵਲੋਂ ਪੇਸ਼ ਕੀਤੇ ਜਾ ਰਹੇ ਉਤਪਾਦ ਅਤੇ ਸੇਵਾਵਾਂ ਮੁਢਲੀ ਗੁਣਵੱਤਾ ਜਾਂਚ ਵਿੱਚ ਖਰੇ ਉੱਤਰ ਸਕਦੇ ਹਨ। ਬੇਸ਼ੱਕ, ਐੱਮ ਐੱਸ ਐੱਮ ਈਜ਼ ਕੋਲ ਵੱਡੇ ਉਦਯੋਗਿਕ ਘਰਾਣਿਆਂ ਦੇ ਮੁਕਾਬਲੇ ਦਾ ਗੁਣਵੱਤਾ ਤੰਤਰ ਨਹੀਂ ਹੋ ਸਕਦਾ, ਪਰ ਤਾਂ ਵੀ ਇਸਨੂੰ ਉਨ੍ਹਾਂ ਨਾਲ ਮੁਕਾਬਲਾ ਕਰਨਾ ਪਵੇਗਾ। ਨਿਰਯਾਤ ਬਾਜ਼ਾਰ ਵਿੱਚ ਉਨ੍ਹਾਂ ਨੂੰ ਵੱਡੀਆਂ ਬਹੁ-ਰਾਸ਼ਟਰੀ ਕੰਪਨੀਆਂ ਦਾ ਸਾਹਮਣਾ ਵੀ ਕਰਨਾ ਪਵੇਗਾ। ਇਸ ਲਈ ਤੰਤਰ ਕੀ ਹੈ? ਇਥੇ 'ਜ਼ੈੱਡ ਈ ਡੀ' ਤਸਵੀਰ ਵਿੱਚ ਆਉਂਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਸੁਤੰਤਰਤਾ ਦਿਵਸ ਭਾਸ਼ਣ ਵਿੱਚ ਆਪ ਜ਼ੈੱਡ ਈ ਡੀ ਦੀ ਵਿਆਖਿਆ ਕੀਤੀ ਗਈ।



"ਸਾਨੂੰ ਅਜਿਹੇ ਤਰੀਕੇ ਨਾਲ ਵਸਤਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਵਿੱਚ ਸਿਫਰ ਨੁਕਸ ਹੋਵੇ ਅਤੇ ਸਾਰੀਆਂ ਨਿਰਯਾਤ ਕੀਤੀਆਂ ਵਸਤਾਂ ਸਾਨੂੰ ਵਾਪਸ ਨਾ ਮੋੜੀਆਂ ਜਾਣ। ਸਾਨੂੰ ਸਿਫਰ ਪ੍ਰਭਾਵ ਨਾਲ ਵਸਤਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਜਿਸ ਦਾ ਵਾਤਾਵਰਨ ਉਤੇ ਨਾਂਹਵਾਚਕ ਪ੍ਰਭਾਵ ਨਾ ਪਵੇ।"

ਨਿਰਮਾਣ ਕਰਨ ਵਾਲੇ ਐੱਮ ਐੱਸ ਐੱਮ ਈਜ਼ ਲਈ ਜ਼ੀਰੋ ਡਿਫੈਕਟ ਅਤੇ ਜ਼ੀਰੋ ਇਫੈਕਟ (ਜ਼ੈੱਡ ਈ ਡੀ) ਯਕੀਨੀ ਬਣਾਉਣ ਲਈ ਸਰਕਾਰ ਨੇ ਵਿੱਤੀ ਸਹਾਇਤਾ ਕਰਨ ਲਈ ਇਕ ਯੋਜਨਾ ਬਣਾਈ ਹੈ। ਇਸ ਯੋਜਨਾ ਦਾ ਉਦੇਸ਼ ਹੈ :

- ਐੱਮ ਐੱਸ ਐੱਮ ਈਜ਼ ਵਿੱਚ ਜ਼ੀਰੋ ਨੁਕਸ ਨਿਰਮਾਣ ਵਾਸਤੇ ਇਕ ਵਾਤਾਵਰਨ ਪ੍ਰਣਾਲੀ ਵਿਕਸਤ ਕਰਨੀ।
- ਵਧੀਆ ਸੰਦ/ਪ੍ਰਣਾਲੀਆਂ ਅਤੇ ਊਰਜਾ ਦੀ ਬਚਤ ਕਰਨ ਵਾਲੇ ਨਿਰਮਾਣ ਨੂੰ ਅਪਣਾਉਣ ਲਈ ਪ੍ਰੋਤਸਾਹਨ।
- ਵਧੀਆ ਉਤਪਾਦਾਂ ਦਾ ਨਿਰਮਾਣ ਕਰਨ ਲਈ ਐੱਮ ਐੱਸ ਐੱਮ ਈਜ਼ ਨੂੰ ਸਮਰੱਥ ਕਰਨਾ।
- ਐੱਮ ਐੱਸ ਐੱਮ ਈਜ਼ ਨੂੰ ਉਤਪਾਦਾਂ ਅਤੇ ਪ੍ਰਕਿਰਿਆਵਾਂ ਵਿੱਚੋਂ ਗੁਣਵੱਤਾ ਮਿਆਰਾਂ ਦੀ ਨਿਰੰਤਰ ਤਰੱਕੀ ਲਈ ਉਤਸ਼ਾਹਿਤ ਕਰਨਾ।

• ਜ਼ੀਰੋ ਨੁਕਸ ਉਤਪਾਦਨ ਪ੍ਰਕਿਰਿਆਵਾਂ ਅਪਣਾ ਕੇ ਨਿਰਮਾਣ ਕਰਨਾ ਜਿਸ ਦਾ ਵਾਤਾਵਰਨ ਉਤੇ ਕੋਈ ਅਸਰ ਨਾ ਪਵੇ।

• ਮੇਕ ਇਨ ਇੰਡੀਆ ਮੁਹਿੰਮ ਦਾ ਸਮਰਥਨ ਕਰਨਾ।

• ਜ਼ੈੱਡ ਈ ਡੀ ਨਿਰਮਾਣ ਅਤੇ ਪ੍ਰਮਾਣੀਕਰਨ ਲਈ ਪੇਸ਼ੇਵਰਾਂ ਨੂੰ ਤਿਆਰ ਕਰਨਾ।

• ਜ਼ੈੱਡ ਈ ਡੀ ਪ੍ਰੌੜਤਾ ਸਮੀਖਿਆ ਮਾਡਲ ਅਧੀਨ ਜ਼ੈੱਡ ਈ ਡੀ ਦਰਜਾਬੰਦੀ ਦੇ 50 ਮਾਪਦੰਡ ਹਨ ਅਤੇ ਜ਼ੈੱਡ ਈ ਡੀ ਰੱਖਿਆ ਦਰਜਾਬੰਦੀ ਦੇ ਵਧੀਕ 25 ਮਾਪਦੰਡ ਹਨ। ਐੱਮ ਐੱਸ ਐੱਮ ਈਜ਼ ਨੂੰ ਜ਼ੈੱਡ ਈ ਡੀ ਪ੍ਰਮਾਣੀਕਰਨ ਦੀਆਂ ਸਰਗਰਮੀਆਂ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, ਜਿਵੇਂ ਸਮੀਖਿਆ/ਦਰਜਾਬੰਦੀ ਰੱਖਿਆ ਦ੍ਰਿਸ਼ਟੀਕੋਣ ਤੋਂ ਵਧੀਕ ਦਰਜਾਬੰਦੀ, ਪਾੜੇ ਦਾ ਮੁਲਾਂਕਣ, ਮਾਰਗਦਰਸ਼ਨ, ਸਲਾਹਕਾਰਾਂ ਦੁਆਰਾ ਐੱਮ ਐੱਸ ਐੱਮ ਈਜ਼ ਦੀ ਦਰਜਾਬੰਦੀ ਵਿੱਚ ਸੁਧਾਰ ਕਰਨ ਲਈ ਸਲਾਹ-ਮਸ਼ਵਰਾ ਅਤੇ ਪੁਨਰ-ਸਮੀਖਿਆ/ਪੁਨਰ-ਦਰਜਾਬੰਦੀ। ਇਸ ਯੋਜਨਾ ਤਹਿਤ 22,222 ਦੀ ਦਰਜਾਬੰਦੀ ਕੀਤੀ ਜਾਵੇਗੀ ਅਤੇ ਜ਼ੈੱਡ ਈ ਡੀ ਪ੍ਰੌੜਤਾ ਸਮੀਖਿਆ ਮਾਡਲ ਅਧੀਨ 5000 ਐੱਮ ਐੱਸ ਐੱਮ ਈਜ਼ ਦੀ ਦਰਜਾਬੰਦੀ ਕੀਤੀ ਜਾਵੇਗੀ ਅਤੇ ਜ਼ੈੱਡ ਈ ਡੀ ਰੱਖਿਆ ਮਾਡਲ ਤਹਿਤ ਪ੍ਰਮਾਣੀਕਰਨ ਕੀਤਾ ਜਾਵੇਗਾ। 7368 ਐੱਮ ਐੱਸ ਐੱਮ ਈਜ਼ ਦੀ ਪਾੜੇ ਦੇ ਮੁਲਾਂਕਣ, ਮਾਰਗ ਦਰਸ਼ਨ, ਉਨ੍ਹਾਂ ਦੀ ਦਰਜਾਬੰਦੀ ਵਿੱਚ ਸੁਧਾਰ ਕਰਨ ਲਈ ਸਲਾਹਕਾਰੀ ਆਦਿ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਪ੍ਰਾਜੈਕਟ ਦੀ ਕੁੱਲ ਲਾਗਤ 491.00 ਕਰੋੜ ਰੁਪਏ ਹੈ (ਸਰਕਾਰ ਦਾ ਯੋਗਦਾਨ 365.00 ਕਰੋੜ ਲਾਭਪਾਤਰੀ ਐੱਮ ਐੱਸ ਐੱਮ ਈਜ਼ ਦਾ ਯੋਗਦਾਨ 126.00 ਕਰੋੜ)। ਕੌਂਸਲ ਆਫ ਇੰਡੀਆ ਜ਼ੈੱਡ ਈ ਡੀ ਉਤੇ ਅਮਲ ਲਈ ਰਾਸ਼ਟਰੀ ਨਿਗਰਾਨੀ ਅਤੇ ਅਮਲ ਇਕਾਈ ਹੈ। ਹੁਣ ਤੱਕ 3200 ਤੋਂ ਵੱਧ ਐੱਮ ਐੱਸ ਐੱਮ ਈਜ਼ ਨੇ ਜ਼ੈੱਡ ਈ ਡੀ ਪ੍ਰਮਾਣੀਕਰਨ ਲਈ ਪੰਜੀਕਰਨ ਕਰਵਾਇਆ ਹੈ।

ਇਨ੍ਹਾਂ ਯੋਜਨਾਵਾਂ ਦਾ ਬੇਹਤਰੀਨ ਭਾਗ ਹੈ ਕਿ ਨਿਸ਼ਾਨਦੇਹੀ ਕ੍ਰਿਤ ਖੇਤਰਵਾਰ ਆਵੰਟਨ ਹੈ ਜੋ ਨਾ ਕੇਵਲ ਉਤਪਾਦ ਅਤੇ ਸੇਵਾਵਾਂ ਵੇਚਣ ਵਿੱਚ ਮਦਦ ਕਰਦਾ ਹੈ ਸਗੋਂ ਇਸ ਦੇ ਨਤੀਜੇ ਵਜੋਂ ਕਾਫੀ ਰੋਜ਼ਗਾਰ ਵੀ ਪੈਦਾ ਹੁੰਦਾ ਹੈ। ਉਦਾਹਰਣ ਦੇ ਲਈ, ਖਾਦੀ ਵਿਲੇਜ ਅਤੇ ਉਦਯੋਗਿਕ ਕਮਿਸ਼ਨ ਵਲੋਂ, ਬਾਜ਼ਾਰੀਕਰਨ ਵਿਕਾਸ ਯੋਜਨਾ ਅਧੀਨ 341 ਕਰੋੜ ਰੁਪਏ ਪ੍ਰਦਾਨ ਕੀਤੇ ਗਏ। ਇਸ ਤੋਂ ਉਮੀਦ ਹੈ ਕਿ ਖਾਦੀ ਦਾ ਉਤਪਾਦਨ ਵਧ ਕੇ 1300 ਕਰੋੜ ਰੁਪਏ ਹੋ ਜਾਵੇਗਾ ਅਤੇ ਵਿਕਰੀ 2016-17 ਵਿੱਤੀ ਵਰ੍ਹੇ ਵਿੱਚ 1800 ਕਰੋੜ ਹੋ ਜਾਵੇਗੀ। ਇਨ੍ਹਾਂ ਸਾਰੇ ਯਤਨਾਂ ਨਾਲ 195 ਲੱਖ ਵਿਅਕਤੀਆਂ ਲਈ ਰੋਜ਼ਗਾਰ ਨਿਰਮਾਣ ਦੀ ਆਸ ਹੈ।



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਾਜ਼ਾਰ ਤੱਕ ਪਹੁੰਚ ਮਹੱਤਵਪੂਰਨ ਹੈ ਪਰ ਐੱਮ ਐੱਸ ਐੱਮ ਈਜ਼ ਨੂੰ ਪੁਨਰ-ਪਰਿਭਾਸ਼ਿਤ ਕਰਨ ਦੀ ਵੀ ਲੋੜ ਹੈ ਤਾਂ ਕਿ ਤੇਜ਼ੀ ਨਾਲ ਬਦਲ ਰਹੇ ਵਪਾਰਕ ਵਾਤਾਵਰਨ ਮੁਤਾਬਕ ਆਪਣੀ ਰਣਨੀਤੀ ਨੂੰ ਮੁੜ ਤੋਂ ਬਣਾਉਣ ਲਈ ਉਨ੍ਹਾਂ ਕੋਲ ਲੋੜੀਂਦੀ ਪੂੰਜੀ ਹੋਵੇ। 2015 ਵਿੱਚ ਮੋਦੀ ਸਰਕਾਰ ਵਲੋਂ ਸੂਖਮ ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿਕਾਸ (ਐੱਮ ਐੱਸ ਐੱਮ ਈ ਡੀ) ਐਕਟ, 2006 ਵਿੱਚ ਸੋਧ ਕਰਨ ਲਈ ਸੰਸਦ ਵਿੱਚ ਇਕ ਬਿਲ ਜ਼ਰੂਰ ਪੇਸ਼ ਕੀਤਾ ਗਿਆ। ਐੱਮ ਐੱਸ ਐੱਮ ਈ ਡੀ ਐਕਟ ਅਧੀਨ ਮੌਜੂਦਾ ਸੀਮਾਵਾਂ 11 ਸਾਲ ਪਹਿਲਾਂ ਨਿਰਧਾਰਤ ਕੀਤੀਆਂ ਗਈਆਂ ਸਨ। ਉਦੋਂ ਤੋਂ ਲੈ ਕੇ ਕੀਮਤ ਸੂਚਕ ਅੰਕ ਅਤੇ ਲਾਗਤਾਂ ਵਿੱਚ ਵੱਡਾ ਵਾਧਾ ਹੋ ਚੁੱਕਾ ਹੈ। ਵਪਾਰਕ ਵਾਤਾਵਰਨ ਵਿੱਚ ਵੀ ਬਦਲਾਅ ਹੋਇਆ ਹੈ, ਬਹੁਤ ਸਾਰੇ ਐੱਮ ਐੱਸ ਐੱਮ ਈਜ਼ ਘਰੇਲੂ ਅਤੇ ਵਿਸ਼ਵ ਮੁੱਲ ਲੜੀ ਦਾ ਭਾਗ ਬਣ ਰਹੇ ਹਨ। ਇਸ ਨੂੰ ਧਿਆਨ ਵਿੱਚ ਰਖਦਿਆਂ ਸੂਖਮ ਇਕਾਈਆਂ ਲਈ ਨਿਵੇਸ਼ ਸੀਮਾ 25 ਲੱਖ ਰੁਪਏ ਤੋਂ ਵਧਾ ਕੇ 50 ਲੱਖ ਰੁਪਏ, ਛੋਟੀਆਂ ਇਕਾਈਆਂ ਲਈ ਮੌਜੂਦਾ 25 ਲੱਖ ਰੁਪਏ – 5 ਕਰੋੜ ਰੁਪਏ ਤੋਂ ਵਧਾ ਕੇ 50 ਲੱਖ ਰੁਪਏ – 10 ਕਰੋੜ ਰੁਪਏ ਅਤੇ ਦਰਮਿਆਨੀਆਂ ਇਕਾਈਆਂ ਲਈ ਮੌਜੂਦਾ 5 ਕਰੋੜ ਰੁਪਏ – 10 ਕਰੋੜ ਰੁਪਏ ਤੋਂ 10 ਕਰੋੜ ਰੁਪਏ – 30 ਕਰੋੜ ਰੁਪਏ ਕਰਨ ਦਾ ਪ੍ਰਸਤਾਵ ਕੀਤਾ ਗਿਆ। ਇਹ ਸਾਰਾ ਨਿਰਮਾਣ ਵਿੱਚ ਲੱਗੇ ਐੱਮ ਐੱਸ ਐੱਮ ਈਜ਼ ਲਈ ਹੈ।

ਇਸੇ ਤਰ੍ਹਾਂ, ਜੇ ਐੱਮ ਐੱਸ ਐੱਮ ਈਜ਼ ਸੇਵਾ ਖੇਤਰ ਵਿੱਚ ਹਨ ਤਾਂ ਸਾਜ਼-ਸਮਾਨ ਵਿੱਚ ਨਿਵੇਸ਼ ਵਾਸਤੇ ਨਵੀਂ ਸੀਮਾ ਸੂਖਮ ਇਕਾਈਆਂ ਵਾਸਤੇ 20 ਲੱਖ ਰੁਪਏ (ਮੌਜੂਦਾ ਸੀਮਾ 10 ਲੱਖ ਰੁਪਏ), ਛੋਟੀਆਂ ਇਕਾਈਆਂ ਲਈ 25 ਲੱਖ ਰੁਪਏ ਤੋਂ 5 ਕਰੋੜ ਰੁਪਏ (ਮੌਜੂਦਾ 10 ਲੱਖ ਰੁਪਏ – ਦੋ ਕਰੋੜ ਰੁਪਏ) ਅਤੇ ਦਰਮਿਆਨੇ ਉੱਦਮਾਂ ਲਈ ਹੱਦ ਤੋਂ 15 ਕਰੋੜ ਰੁਪਏ (ਵਰਤਮਾਨ ਸੀਮਾ 2 ਕਰੋੜ ਰੁਪਏ – 5 ਕਰੋੜ ਰੁਪਏ) ਹੋਵੇਗੀ। ਇਹ ਬਿਲ ਸੰਸਦ ਵਿੱਚ ਲੰਬਿਤ ਹੈ। ਇਸ ਨੂੰ ਜਲਦੀ ਪਾਸ ਕਰਵਾਉਣ ਦੀ ਲੋੜ ਹੈ ਤਾਂ ਕਿ ਐੱਮ ਐੱਸ ਐੱਮ ਈਜ਼ ਮਜਬੂਤ ਹੋ ਸਕਣ। ਇਹ ਬਦਲਾਅ ਅਤੇ ਬਾਜ਼ਾਰੀਕਰਨ ਦੀਆਂ ਵੱਖ-ਵੱਖ ਯੋਜਨਾਵਾਂ ਐੱਮ ਐੱਸ ਐੱਮ ਈਜ਼ ਨੂੰ ਨਵੀਆਂ ਉਚਾਈਆਂ ਤੱਕ ਲੈ ਜਾਣਗੇ।

*(ਲੇਖਕ ਪਿਛਲੇ 21 ਸਾਲ ਤੋਂ ਅਰਥਸ਼ਾਸਤਰ ਅਤੇ ਵਪਾਰ ਬਾਰੇ ਪੱਤਰਕਾਰੀ ਕਰ ਰਹੇ ਹਨ ਅਤੇ ਮੌਜੂਦਾ ਏ ਬੀ ਪੀ ਨਿਊਜ਼ ਨਾਲ ਵਪਾਰ ਐਡੀਟਰ ਵਜੋਂ ਕੰਮ ਕਰ ਰਹੇ ਹਨ)*

*e-mail :hblshishir@gmail.com*

# ਪ੍ਰਧਾਨ ਮੰਤਰੀ ਵਲੋਂ ਵਿਸਤ੍ਰਿਤ ਮਿਸ਼ਨ ਇੰਦਰਧਨੁਸ਼ (ਆਈ ਐੱਮ ਆਈ) ਦੀ ਸ਼ੁਰੂਆਤ




ਵਿਸਤ੍ਰਿਤ ਮਿਸ਼ਨ ਇੰਦਰਧਨੁਸ਼ (ਆਈ ਐੱਮ ਆਈ) ਦੀ ਬੀਤੇ ਦਿਨੀ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਗੁਜਰਾਤ ਦੇ ਵਾਡਨਰਗ ਵਿਖੇ ਸ਼ੁਰੂਆਤ ਕੀਤੀ। ਇਸ ਪ੍ਰੋਗਰਾਮ ਰਾਹੀਂ, ਭਾਰਤ ਸਰਕਾਰ ਦਾ ਉਦੇਸ਼ ਦੋ ਸਾਲ ਤੱਕ ਦੀ ਉਮਰ ਦੇ ਹਰ ਬੱਚੇ ਅਤੇ ਉਨ੍ਹਾਂ ਸਭ ਗਰਭਵਤੀ ਔਰਤਾਂ ਤੱਕ ਪਹੁੰਚ ਕਰਨਾ ਹੈ ਜੋ ਕਿ ਰੁਟੀਨ ਟੀਕਾਕਰਨ ਪ੍ਰੋਗਰਾਮ ਤੋਂ ਵਾਂਝੀਆਂ ਰਹਿ ਗਈਆਂ ਹਨ। ਇਸ ਵਿਸ਼ੇਸ਼ ਮੁਹਿੰਮ ਵਿੱਚ ਕੁਝ ਚੁਣੇ ਹੋਏ ਜ਼ਿਲ੍ਹਿਆਂ ਅਤੇ ਸ਼ਹਿਰਾਂ ਉਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਤਾਂ ਕਿ ਉਥੇ ਦਸੰਬਰ 2018 ਤੱਕ 90 ਪ੍ਰਤਿਸ਼ਤ ਤੋਂ ਵੱਧ ਟੀਕਾਕਰਨ ਹੋ ਜਾਵੇ। ਘੱਟੋ-ਘੱਟ 90 ਪ੍ਰਤਿਸ਼ਤ ਟੀਕਾਕਰਨ ਦਾ ਮਿਸ਼ਨ ਇੰਦਰਧਨੁਸ਼ ਦਾ ਟੀਚਾ ਪਹਿਲਾਂ 2020 ਤੱਕ ਪੂਰਾ ਕੀਤਾ ਜਾਣਾ ਸੀ। ਆਈ ਐੱਮ ਆਈ ਦੀ ਸ਼ੁਰੂਆਤ ਨਾਲ ਇਸ ਟੀਚੇ ਨੂੰ ਪੂਰਾ ਕਰਨ ਦਾ ਸਮਾਂ ਘਟਾ ਦਿੱਤਾ ਗਿਆ ਹੈ।

ਇਸ ਮੌਕੇ ਉਤੇ ਬੋਲਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ, "ਕਿਸੇ ਵੀ ਬੱਚੇ ਨੂੰ ਟੀਕਾ ਲੱਗਣ ਨਾਲ ਠੀਕ ਹੋ ਸਕਣ ਵਾਲੀ ਬੀਮਾਰੀ ਤੋਂ ਪ੍ਰਭਾਵਿਤ ਨਹੀਂ ਰਹਿਣ ਦਿੱਤਾ ਜਾਵੇਗਾ"। ਉਨ੍ਹਾਂ ਕਿਹਾ ਕਿ ਸਰਕਾਰ ਨੇ ਟੀਕਾਕਰਣ ਨੂੰ ਲੋਕਾਂ ਦਾ ਅਤੇ ਇਕ ਸਮਾਜਿਕ ਅੰਦੋਲਨ ਬਣਾ ਦਿੱਤਾ ਹੈ। ਉਨ੍ਹਾਂ ਸਮਾਰੋਹ ਵਿੱਚ ਮੌਜੂਦ ਲੋਕਾਂ ਅਤੇ ਬਾਕੀ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪ੍ਰੋਗਰਾਮ ਨੂੰ ਅਪਨਾਉਣ ਤਾਂ ਕਿ ਮਾਤਾ ਅਤੇ ਬੱਚੇ ਦੀ ਮੌਤ ਦਰ ਵਿੱਚ ਕਮੀ ਆ ਸਕੇ।



ਇੰਦਰਧਨੁਸ਼ ਮਿਸ਼ਨ ਦੇ ਚਾਰ ਪੜਾਅ 2.53 ਕਰੋੜ ਤੋਂ ਵੱਧ ਬੱਚਿਆਂ ਅਤੇ 68 ਲੱਖ ਗਰਭਵਤੀ ਔਰਤਾਂ ਤੱਕ ਪਹੁੰਚ ਚੁੱਕੇ ਹਨ ਅਤੇ ਉਨ੍ਹਾਂ ਨੂੰ ਜੀਵਨ ਬਚਾਊ ਟੀਕੇ ਲਗਾਏ ਜਾ ਚੁੱਕੇ ਹਨ। ਇਨ੍ਹਾਂ ਵਿੱਚੋਂ 5.21 ਲੱਖ ਬੱਚੇ ਅਤੇ 1.27 ਲੱਖ ਗਰਭਵਤੀ ਔਰਤਾਂ ਗੁਜਰਾਤ ਦੇ ਹਨ। ਇਸ ਤੋਂ ਪਹਿਲਾਂ ਮੁਕੰਮਲ ਟੀਕਾਕਰਨ ਵਿੱਚ ਵਾਧਾ ਪ੍ਰਤਿ ਸਾਲ 1 ਪ੍ਰਤਿਸ਼ਤ ਸੀ ਜੋ ਕਿ ਇੰਦਰਧਨੁਸ਼ ਮਿਸ਼ਨ ਅਧੀਨ ਵਧ ਕੇ ਪ੍ਰਤਿ ਸਾਲ 6.7 ਪ੍ਰਤਿਸ਼ਤ ਉਤੇ ਪਹੁੰਚ ਚੁੱਕਾ ਹੈ।

ਆਈ ਐੱਮ ਆਈ ਅਧੀਨ ਪਹਿਲਾਂ ਵਾਲੇ ਜ਼ਿਲ੍ਹਿਆਂ ਅਤੇ ਸ਼ਹਿਰੀ ਖੇਤਰਾਂ ਵੱਲ ਵਧੇਰੇ ਧਿਆਨ ਦਿੱਤੇ ਜਾਣ ਕਾਰਨ ਟੀਕਾਕਰਨ ਦੇ 4 ਨਿਰੰਤਰ ਦੌਰ 173 ਜ਼ਿਲ੍ਹਿਆਂ ਵਿੱਚ 7 ਦਿਨ ਲਈ ਚਲਾਏ ਜਾਣਗੇ – ਇਨ੍ਹਾਂ ਵਿੱਚੋਂ 16 ਸੂਬਿਆਂ ਦੇ 121 ਜ਼ਿਲ੍ਹਿਆਂ ਵਿੱਚ ਅਤੇ 17 ਸ਼ਹਿਰਾਂ ਅਤੇ 8 ਉੱਤਰ-ਪੂਰਬੀ ਸੂਬਿਆਂ ਦੇ 52 ਜ਼ਿਲ੍ਹਿਆਂ ਵਿੱਚ ਅਕਤੂਬਰ 2017 ਤੋਂ ਜਨਵਰੀ 2018 ਤੱਕ ਹਰ ਮਹੀਨੇ ਟੀਕਾਕਰਨ ਦੇ ਦੌਰ ਚਲਾਏ ਜਾਣਗੇ। ਵਿਸਤ੍ਰਿਤ ਮਿਸ਼ਨ ਇੰਦਰਧਨੁਸ਼ ਵਿੱਚ ਕੁਝ ਚੋਣਵੇਂ ਜ਼ਿਲ੍ਹਿਆਂ ਵਿੱਚ ਉਨ੍ਹਾਂ ਥਾਵਾਂ ਦੀ ਚੋਣ ਕੀਤੀ ਗਈ ਹੈ ਜਿਥੇ ਕਿ ਟੀਕਾਕਰਨ ਦੀ ਗਤੀ ਹੌਲੀ ਚੱਲ ਰਹੀ ਹੈ। ਇਨ੍ਹਾਂ ਇਲਾਕਿਆਂ ਦੀ ਚੋਣ ਰਾਸ਼ਟਰੀ ਸਰਵੇਖਣ ਤੋਂ ਮਿਲੇ ਅੰਕੜਿਆਂ, ਸਿਹਤ ਮੈਨੇਜਮੈਂਟ ਸੂਚਨਾ ਸਿਸਟਮ ਦੇ ਅੰਕੜਿਆਂ ਅਤੇ ਵਿਸ਼ਵ ਸਿਹਤ ਸੰਗਠਨ ਵਲੋਂ ਮਿਲੇ ਅੰਕੜਿਆਂ ਦੇ ਆਧਾਰ ਉੱਤੇ ਕੀਤੀ ਗਈ ਹੈ। ਵਿਸ਼ੇਸ਼ ਧਿਆਨ ਉਨ੍ਹਾਂ ਸੇਵਾ ਨਾ ਪਹੁੰਚਣ ਵਾਲੇ ਇਲਾਕਿਆਂ, ਘੱਟ ਕਵਰੇਜ ਵਾਲੇ ਇਲਾਕਿਆਂ ਵਿੱਚ ਉਪ-ਕੇਂਦਰ ਅਤੇ ਸ਼ਹਿਰੀ ਝੁੱਗੀ ਝੌਂਪੜੀ ਵਾਲੇ ਖੇਤਰਾਂ ਵੱਲ ਦਿੱਤਾ ਜਾਵੇਗਾ। ਸ਼ਹਿਰੀ ਅਬਾਦੀਆਂ ਅਤੇ ਸ਼ਹਿਰਾਂ ਵੱਲ ਵਿਸ਼ੇਸ਼ ਧਿਆਨ ਰਾਸ਼ਟਰੀ ਸ਼ਹਿਰੀ ਸਿਹਤ ਮਿਸ਼ਨ (ਐੱਨ ਯੂ ਐੱਚ ਐੱਮ) ਅਧੀਨ ਦਿੱਤਾ ਜਾਵੇਗਾ।

ਵਿਸਤ੍ਰਿਤ ਮਿਸ਼ਨ ਇੰਦਰਧਨੁਸ਼ ਅਧੀਨ ਅੰਤਰ ਮੰਤਰਾਲਾ ਅਤੇ ਅੰਤਰ ਵਿਭਾਗੀ ਤਾਲਮੇਲ ਹੋਵੇਗਾ, ਕਾਰਵਾਈ ਆਧਾਰਿਤ ਜਾਇਜ਼ਾ ਢਾਂਚਾ

ਅਤੇ ਵਿਸਤ੍ਰਿਤ ਮਾਨੀਟ੍ਰਿੰਗ ਕੀਤੀ ਜਾਵੇਗੀ ਅਤੇ ਰੁਟੀਨ ਟੀਕਾਕਰਨ ਕਵਰੇਜ ਵਿੱਚ ਸੁਧਾਰ ਲਿਆਉਣ ਲਈ ਜਵਾਬਦੇਹੀ ਢਾਂਚਾ ਹੋਵੇਗਾ ਜੋ ਕਿ ਤੇਜ਼ੀ ਨਾਲ ਦਖਲ ਦੇ ਕੇ ਸਥਿਤੀ ਵਿੱਚ ਸੁਧਾਰ ਲਿਆਵੇਗਾ। ਰਾਸ਼ਟਰੀ ਸ਼ਹਿਰੀ ਰੋਜ਼ੀ ਰੋਟੀ ਮਿਸ਼ਨ (ਐੱਨ ਯੂ ਐੱਲ ਐੱਮ) ਅਧੀਨ ਵੱਖ-ਵੱਖ ਵਿਭਾਗਾਂ ਜਿਵੇਂ ਕਿ ਆਸ਼ਾ, ਏ ਐੱਨ ਐਮਜ਼, ਆਂਗਨਵਾੜੀ ਵਰਕਰ, ਜ਼ਿਲ੍ਹਾ ਪ੍ਰੇਰਕ ਆਦਿ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ ਤਾਂ ਕਿ ਉਨ੍ਹਾਂ ਵਿੱਚ ਤਾਲਮੇਲ ਹੋ ਸਕੇ ਅਤੇ ਪ੍ਰੋਗਰਾਮ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾ ਸਕੇ।

ਵਿਸਤ੍ਰਿਤ ਮਿਸ਼ਨ ਇੰਦਰਧਨੁਸ਼ ਦੀ ਜ਼ਿਲ੍ਹਾ, ਸੂਬਾ ਅਤੇ ਕੇਂਦਰੀ ਪੱਧਰ ਉੱਤੇ ਮਿੱਥੇ ਵਕਫੇ ਉੱਤੇ ਨਜ਼ਦੀਕ ਤੋਂ ਨਿਗਰਾਨੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕੈਬਿਨਟ ਸਕੱਤਰ ਵਲੋਂ ਰਾਸ਼ਟਰੀ ਵੱਧਰ ਉੱਤੇ ਇਸ ਉੱਤੇ ਨਿਗਰਾਨੀ ਰੱਖੀ ਜਾਵੇਗੀ ਅਤੇ ਇਹ ਨਿਗਰਾਨੀ ਇਕ ਵਿਸ਼ੇਸ਼ ਪਹਿਲ-ਕਦਮੀ 'ਪ੍ਰੋਐਕਟਿਵ ਗਵਰਨੈਂਸ ਐਂਡ ਟਾਈਮਲੀ ਇੰਪਲੀਮੈਂਟੇਸ਼ਨ' (ਪ੍ਰਗਤੀ) ਅਧੀਨ ਰੱਖੀ ਜਾਵੇਗੀ।

ਇਹ ਵਿਸਤ੍ਰਿਤ ਮਿਸ਼ਨ ਵਕਫਾ ਜਾਇਜ਼ੇ ਤੋਂ ਮਿਲੀ ਸੂਚਨਾ, ਸਰਕਾਰ ਦੀ ਨਿਗਰਾਨੀ ਹੇਠ ਹੋਵੇਗਾ, ਇਸ ਦੀ ਭਾਈਵਾਲਾਂ ਵਲੋਂ ਲਗਾਤਾਰ ਨਿਗਰਾਨੀ ਕੀਤੀ ਜਾਵੇਗੀ। ਆਈ ਐੱਮ ਆਈ ਅਧੀਨ ਪ੍ਰੋਗਰਾਮ ਦੀ ਸਖਤ ਨਿਗਰਾਨੀ ਲਈ ਵਿਸ਼ੇਸ਼ ਨੀਤੀਆਂ ਘੜੀਆਂ ਗਈਆਂ ਹਨ। ਸੂਬਿਆਂ ਅਤੇ ਜ਼ਿਲ੍ਹਿਆਂ ਨੇ ਵਕਫਾ ਸਵੈ-ਜਾਇਜ਼ੇ ਲਈ ਕਈ ਸੁਧਾਰ ਵਾਲੀਆਂ ਯੋਜਨਾਵਾਂ ਬਣਾਈਆਂ ਹਨ। ਇਹ ਯੋਜਨਾਵਾਂ ਸੂਬੇ ਤੋਂ ਕੇਂਦਰੀ ਪੱਧਰ ਤੱਕ ਜਾਇਜ਼ੇ ਅਧੀਨ ਰਹਿੰਦੀਆਂ ਹਨ ਅਤੇ ਜਾਇਜ਼ੇ ਦਾ ਉਦੇਸ਼ ਦਸੰਬਰ, 2018 ਤੱਕ 90 ਪ੍ਰਤਿਸ਼ਤ ਦੇ ਟੀਚੇ ਉਤੇ ਪਹੁੰਚਣਾ ਹੈ।

ਉਹ ਜ਼ਿਲ੍ਹੇ ਜੋ ਕਿ 90 ਪ੍ਰਤਿਸ਼ਤ ਕਵਰੇਜ ਤੱਕ ਪਹੁੰਚਦੇ ਹਨ, ਉਨ੍ਹਾਂ ਲਈ ਪ੍ਰਸ਼ੰਸਾ ਅਤੇ ਪੁਰਸਕਾਰ ਦੇਣ ਦੇ ਸਿਲਸਿਲੇ ਬਾਰੇ ਵੀ ਸੋਚਿਆ ਗਿਆ ਹੈ। ਇਸ ਲਈ ਸੰਕਟ ਦੌਰਾਨ ਮੀਡੀਆ ਪ੍ਰਬੰਧਨ ਦੇ ਵਧੀਆ ਢੰਗਾਂ ਨੂੰ ਸ਼ਾਮਲ ਕੀਤਾ ਗਿਆ ਹੈ। ਭਾਈਵਾਲਾਂ, ਸਿਵਲ ਸੁਸਾਇਟੀ ਸੰਗਠਨਾਂ (ਸੀ ਐੱਸ ਓਜ਼) ਅਤੇ ਹੋਰਨਾਂ ਦੀ ਦੇਣ ਨੂੰ ਮਾਨਤਾ ਪ੍ਰਦਾਨ ਕਰਨ ਲਈ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ।

❑❑

## ਕੀ ਤੁਸੀਂ ਜਾਣਦੇ ਹੋ?

# ਉਦਯੋਗ ਆਧਾਰ ਮੈਮੋਰੰਡਮ (ਯੂ ਏ ਐੱਮ)

ਸੂਖਮ, ਛੋਟੀਆਂ ਅਤੇ ਦਰਮਿਆਨੀਆਂ ਸੱਨਅਤਾਂ ਐੱਮ ਐੱਸ ਐੱਮ ਈ ਅਧੀਨ ਰਜਿਸਟਰਡ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਵੱਖ-ਵੱਖ ਸਰਕਾਰੀ ਸਕੀਮਾਂ ਅਧੀਨ ਜੋ ਲਾਭ ਪ੍ਰਦਾਨ ਕੀਤੇ ਜਾਂਦੇ ਹਨ ਉਹ ਉਨ੍ਹਾਂ ਨੂੰ ਵੀ ਮਿਲ ਸਕਣ। ਭਾਰਤ ਵਿੱਚ ਅਦਾਰਿਆਂ ਦਾ ਇਕ ਵੱਡਾ ਹਿੱਸਾ ਆਮ ਤੌਰ ਤੇ ਰਜਿਸਟਰਡ ਨਹੀਂ ਹੁੰਦਾ ਕਿਉਂਕਿ ਰਜਿਸਟਰੇਸ਼ਨ ਕਰਵਾਉਣ ਵਿੱਚ ਕਈ ਤਰ੍ਹਾਂ ਦੀਆਂ ਕਾਗ਼ਜ਼ੀ ਕਾਰਵਾਈਆਂ ਕਰਨੀਆਂ ਜ਼ਰੂਰੀ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਨਹੀਂ ਮਿਲਦਾ। ਐੱਮ ਐੱਸ ਐੱਮ ਈ ਖੇਤਰ ਦੇ ਵਿੱਤ ਪੋਸ਼ਣ ਬਾਰੇ ਬਣੇ ਕੇ ਵੀ ਕਾਮਥ ਪੈਨਲ ਨੇ ਸਿਫਾਰਸ਼ ਕੀਤੀ ਸੀ ਕਿ ਰਜਿਸਟਰੇਸ਼ਨ ਦੇਸ਼ ਭਰ ਵਿੱਚ ਲਾਜ਼ਮੀ ਹੋਣੀ ਚਾਹੀਦੀ ਹੈ। ਉਦਯੋਗ ਆਧਾਰ ਦੀ ਧਾਰਨਾ ਅਤੇ ਰਜਿਸਟਰੇਸ਼ਨ ਦੇ ਸੁਖਾਲਾ ਹੋਣ ਦੀ ਗੱਲ ਇਸ ਲਈ ਹੀ ਸਾਹਮਣੇ ਆਈ ਤਾਂ ਕਿ ਐੱਮ ਐੱਸ ਐੱਮ ਈ ਤੱਕ ਵੱਧ ਤੋਂ ਵੱਧ ਪਹੁੰਚ ਯਕੀਨੀ ਬਣ ਸਕੇ ਅਤੇ ਇਸ ਖੇਤਰ ਨੂੰ ਵੱਖ-ਵੱਖ ਕੇਂਦਰੀ/ਸੂਬਾਈ ਸਕੀਮਾਂ ਦਾ ਲਾਭ ਮਿਲ ਸਕੇ।

ਉਦਯੋਗ ਆਧਾਰ ਮੈਮੋਰੰਡਮ (ਯੂ ਏ ਐੱਮ) ਸੂਖਮ, ਛੋਟੀਆਂ ਅਤੇ ਦਰਮਿਆਨੀਆਂ ਸੱਨਅਤਾਂ ਦੇ ਐੱਮ ਐੱਸ ਐੱਮ ਈ ਵਿੱਚ ਰਜਿਸਟਰੇਸ਼ਨ ਲਈ ਇਕ ਸਫੇ ਦਾ ਫਾਰਮ ਹੈ। ਉਦਯੋਗ ਆਧਾਰ ਰਜਿਸਟਰੇਸ਼ਨ ਪੁਰਾਣੇ ਸਿਸਟਮ (ਈ ਐੱਮ 1 ਅਤੇ ਈ ਐੱਮ 2 ਫਾਰਮ) ਦਾ ਬਦਲ ਹੈ। ਉਸ ਸਿਸਟਮ ਵਿੱਚ ਬਹੁਤ ਸਾਰੇ ਦਸਤਾਵੇਜ਼ਾਂ ਅਤੇ ਵੇਰਵੇ ਦੀ ਲੋੜ ਹੁੰਦੀ ਸੀ। ਇਸ ਫਾਰਮ ਵਿੱਚ ਐੱਮ ਐੱਸ ਐੱਮ ਈ ਵਿੱਚ ਇਕ ਭਰਿਆ ਐਲਾਨਨਾਮਾ ਹੁੰਦਾ ਹੈ ਅਤੇ ਨਾਲ ਹੀ ਹੋਰ ਛੋਟੀ ਮੋਟੀ ਲੋੜੀਂਦੀ ਜਾਣਕਾਰੀ ਦੇਣੀ ਪੈਂਦੀ ਹੈ।

ਉਦਯੋਗ ਆਧਾਰ ਮੈਮੋਰੰਡਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ :

● ਇਕ ਸਫੇ ਦੀ ਰਜਿਸਟ੍ਰੇਸ਼ਨ-ਮੋਬਾਈਲ ਮਿੱਤਰ ● ਸਵੈ-ਤਸਦੀਕ ● ਇਕ ਤੋਂ ਵੱਧ ਮੋਬਾਈਲ ਆਧਾਰ ਫਾਈਲ ਕਰੋ ● ਕਿਸੇ ਦਸਤਾਵੇਜ਼ ਦੀ ਲੋੜ ਨਹੀਂ ● ਉਦਯੋਗ ਆਧਾਰ ਲਈ ਕੋਈ ਫੀਸ ਨਹੀਂ।

ਐੱਮ ਐੱਸ ਐੱਮ ਈ ਮੰਤਰਾਲਾ ਨੇ ਇਕ ਢਾਂਚਾ, ਜਿਵੇਂ ਕਿ ਉਦਯੋਗ ਆਧਾਰ (ਯੂ ਏ) ਪੋਰਟਲ (http://udyogaadhaar.gov.in) ਤਿਆਰ ਕੀਤਾ ਹੈ ਜਿਸ ਵਿੱਚ ਕਿ ਦੇਸ਼ ਵਿੱਚ ਕਿਸੇ ਵੀ ਹਿੱਸੇ ਤੋਂ ਅਦਾਰੇ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਹ ਪੋਰਟਲ ਮੋਬਾਈਲਾਂ ਉੱਤੇ ਵੀ ਮੁਹੱਈਆ ਹੋਵੇਗਾ।

ਉਦਯੋਗ ਅਧਾਰ ਰਜਿਸਟ੍ਰੇਸ਼ਨ ਨੇ ਯੂਨਿਟਾਂ/ ਅਦਾਰਿਆਂ ਨੂੰ ਇਸ ਦੇ ਨੰਬਰ ਦੀ ਵਰਤੋਂ ਕਰਕੇ ਸੂਚਨਾ ਹਾਸਿਲ ਕਰਨ ਅਤੇ ਸਾਰੇ ਮੰਤਰਾਲਿਆਂ ਵਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਵੱਖ-ਵੱਖ ਸੇਵਾਵਾਂ ਲਈ ਆਨਲਾਈਨ ਆਵੇਦਨ ਕਰਨ ਦੇ ਯੋਗ ਬਣਾਇਆ ਹੈ।

ਉਦਯੋਗ ਆਧਾਰ ਦੀ ਨਵੀਂ ਪ੍ਰਣਾਲੀ ਪੰਜੀਕਰਨ ਦੀ ਇਕਹਿਰੀ ਪ੍ਰਣਾਲੀ ਪ੍ਰਦਾਨ ਕਰਦੀ ਹੈ। ਇਹ ਪ੍ਰਣਾਲੀ ਦੇਸ਼ ਦੀ 92 ਪ੍ਰਤਿਸ਼ਤ ਆਬਾਦੀ ਨੂੰ, ਜੋ ਕਿ ਆਧਾਰ ਅੰਦਰ ਪਹਿਲਾਂ ਹੀ ਪੰਜੀਕ੍ਰਿਤ ਹੈ, ਨੂੰ ਵਪਾਰ ਨੂੰ ਸੁਖਾਲਾ ਕਰਨ ਦਾ ਅਧਿਕਾਰ ਪ੍ਰਦਾਨ ਕਰਦੀ ਹੈ।

ਐੱਮ ਐੱਸ ਐੱਮ ਈ ਮੰਤਰਾਲਾ ਅਧੀਨ ਐੱਮ ਐੱਸ ਐੱਮ ਈ ਦੇ ਅੰਕੜੇ ਸਾਂਭ ਕੇ ਰੱਖਣ ਦੀ ਇਸ ਪਹਿਲਕਦਮੀ ਨਾਲ ਲੰਬੀ ਮਿਆਦ ਵਿੱਚ ਲਾਭ ਵਿੱਚ ਬੱਚਤ ਹੋਣ ਦੀ ਆਸ ਹੈ ਕਿਉਂਕਿ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਸ ਨੂੰ ਸੰਭਾਲ ਕੇ ਰੱਖਣ ਦੀ ਲੋੜ ਨਹੀਂ ਪਵੇਗੀ।

ਸਰਕਾਰ ਨੂੰ ਇਸ ਸਾਦਾ ਜਿਹੇ ਬਣਾਏ ਗਏ ਆਧਾਰ ਅਧਾਰਿਤ ਰਜਿਸਟ੍ਰੇਸ਼ਨ ਸਿਸਟਮ ਦਾ ਚੰਗਾ ਹੁੰਗਾਰਾ ਮਿਲ ਰਿਹਾ ਹੈ। ਹੁਣ ਤੱਕ 3,629,754 ਅਦਾਰਿਆਂ ਨੇ ਉਦਯੋਗ ਆਧਾਰ ਨੰਬਰ ਵਿੱਚ ਆਪਣੀ ਰਜਿਸਟ੍ਰੇਸ਼ਨ ਕਰਵਾ ਲਈ ਹੈ (10 ਅਕਤੂਬਰ 2017 ਤੱਕ)। ਇਸ ਗੱਲ ਦੀ ਸੰਭਾਵਨਾ ਹੈ ਕਿ ਉਦਯੋਗ ਆਧਾਰ ਐੱਮ ਐੱਸ ਐੱਮ ਈਜ਼ ਦੀਆਂ ਸਮਰੱਥਾਵਾਂ ਖੋਲ੍ਹੇਗਾ ਅਤੇ ਨਾਲ ਹੀ ਵਪਾਰ ਕਰਨ ਦੀ ਅੰਤਰਰਾਸ਼ਟਰੀ ਰੈਂਕਿੰਗ ਵਿੱਚ ਸੁਧਾਰ ਕਰੇਗਾ?❑❑


PUBLICATIONS DIVISION
website: publicationsdivision.nic.in
Some Prestigious Titles Now Available Online
India 2016 (also available as eBook)
Bharat 2016 (also available as eBook)
Legends of Indian Silver Screen (also available as eBook)
Abode Under The Dome
Winged Wonders of Rashtrapati Bhavan
Right of The Line : The President's Bodyguard
Indra Dhanush
The Presidential Retreats of India
Rashtrapati Bhawan
Belief In The Ballot (also available as eBook)
Gandhi : Jeevan Aur Darshan (hindi)
1857 The Uprising
Sardar Patel-Sachitra Jeevni(hindi) (also available as eBook)
Sardar Patel - A Pictorial Biography (also available as eBook)
Basohli Painting
Kangra Painting
Indian Women : Contemporary Essays
Bharat Ki Ekta Ka Nirman (hindi) (also available as eBook)
Yuva Sanyasi (hindi)
Gazetteer of India Vol.2
The Geet Govinda of Shri Jaydev
Who's Who of Indian Martyrs (Vol-I)
Who's Who of Indian Martyrs (Vol-II)
Saga of Valour
Some Aspects of Indian Culture
Art & Science of Playing Tabla (also available as eBook)
Indian Classical Dance
Celebration of Life : Indian Folk Dance
Nataraja
Bengali Theatre: 200 Years (also available as eBook)
Bihari Satsai (hindi)
Bihari Satsai - A Commentary
Eye In Art
Looking Again At Indian Art
The Life of Krishna In Indian Art
Pahari Painting of Nala Damayanti Theme
Ajanta Ka Vaibhav (hindi)
Bharatiya Kala - Udhbhav Aur Vikas (hindi)
Bharatiya Chitrakala Main Sangeet Tatva (hindi)
South Indian Paintings
Garhwal Chitrakala (hindi)
A Moment In Time
Samay, Cinema Aur Itihas (hindi)
Indian Cinema Through The Century
Bharatiya Cinema Ka Safarnama (hindi)
A History of Socialism
Lamps of India
Bharat Ke Durg (hindi)
Wood Carving of Gujarat
Lawns And Gardens
Paryavaran Sanrakshan : Chunotiyan Aur Samadhan (hindi)
eBooks
Lokmanya Bal Gangadhar Tilak
The Gospel of Buddha
Introduction To Indian Music
Sardar Vallabhbhai Patel
Sardar Vallabhbhai Patel (Adhunik Bharat Ke Nirmata Series)
Lauh Purush Sardar Patel
Aise They Bapu
Mahatama Gandhi -A Pictorial Biography
Gandhi In Champaran
Mahatma Gandhi And One World
Printed Books available at flipkart.com
eBooks at kobo.com